


ਪੰਜਾਬੀਆਂ ਦਾ ਹਰਮਨ ਪਿਆਰਾ ਅਖ਼ਬਾਰ

Website:www.janjagranlive.com

ਦਿੱਲੀ ਤੋਂ ਪ੍ਰਕਾਸ਼ਿਤ

# ਜਨ ਜਾਗਰਣ

R.N.I No. DELPUN/2015/65303

Email- janjagran1988@gmail.com

Daily Jan Jagran Delhi

ਸਾਲ : 11 ਅੰਕ : 128 ਦਿਨ : ਸ਼ੁੱਕਰਵਾਰ ਮਿਤੀ : 9 ਮਈ, 2025 ਮੁੱਲ : 1.00 ਰੁਪਏ ਫੋਨ : 099998-89104 ਕੁੱਲ ਸਫੇ = 8




## ਆਪ੍ਰੇਸ਼ਨ ਸਿੰਦੂਰ ਦੌਰਾਨ ਕਰੀਬ 100 ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ: ਰਾਜਨਾਥ ਸਿੰਘ

**ਰੱਖਿਆ ਮੰਤਰੀ ਨੇ ਸਰਬ ਪਾਰਟੀ ਮੀਟਿੰਗ 'ਚ ਦਿੱਤੀ ਜਾਣਕਾਰੀ; ਅਪਰੇਸ਼ਨ ਅਜੇ ਖ਼ਤਮ ਨਾ ਹੋਣ ਦਾ ਕੀਤਾ ਦਾਅਵਾ; ਵਿਰੋਧੀ ਧਿਰਾਂ ਵੱਲੋਂ ਸੰਕਟ ਦੀ ਘੜੀ 'ਚ ਸਰਕਾਰ ਨੂੰ ਮੁਕੰਮਲ ਹਮਾਇਤ ਦਾ ਭਰੋਸਾ**

ਨਵੀਂ ਦਿੱਲੀ, 8 ਮਈ (ਪੱਤਰ ਪ੍ਰੇਰਕ)–ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀਰਵਾਰ ਨੂੰ ਸਾਰੀਆਂ ਸਿਆਸੀ ਪਾਰਟੀਆਂ ਨੂੰ ਆਪ੍ਰੇਸ਼ਨ ਸਿੰਦੂਰ ਦੇ ਵੇਰਵਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਦੱਸਿਆ ਕਿ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਰਾਂ) ਵਿੱਚ ਨੌਂ ਟਿਕਾਣਿਆਂ 'ਤੇ ਸਟੀਕ ਫੌਜੀ ਹਮਲਿਆਂ ਦੌਰਾਨ ਘੱਟ-ਘੱਟ 100 ਅਤਿਵਾਦੀਆਂ ਨੂੰ ਮਾਰ ਮੁਕਾਇਆ ਹੈ। ਸਿੰਘ ਨੇ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਅਜੇ ਖ਼ਤਮ ਨਹੀਂ ਹੋਇਆ। ਸਿੰਘ ਨੇ ਵਿਰੋਧੀ ਧਿਰ ਅਤੇ ਹੋਰ ਪਾਰਟੀਆਂ ਨਾਲ ਪੂਰੇ ਵੇਰਵੇ ਸਾਂਝੇ ਕੀਤੇ ਅਤੇ ਕਿਹਾ ਕਿ ਹਮਲੇ ਦਹਿਸ਼ਤਗਰਦਾਂ ਨੂੰ ਖਤਮ ਕਰਨ ਲਈ ਸਨ। ਉਨ੍ਹਾਂ ਕਿਹਾ ਕਿ ਭਾਰਤ ਨੇ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਜਵਾਬੀ ਕਾਰਵਾਈ ਕਰਨ ਦੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ ਸੀ। ਸਿੰਘ ਨੇ ਕਿਹਾ ਕਿ ਭਾਰਤੀ ਹਥਿਆਰਬੰਦ ਬਲਾਂ ਦੀ ਆਪ੍ਰੇਸ਼ਨ ਸਿੰਦੂਰ ਤਹਿਤ ਕਾਰਵਾਈ ਪਾਕਿਸਤਾਨ ਅਤੇ ਪੀਓਕੇ ਤੋਂ ਸੰਚਾਲਿਤ ਚੋਣਵੇਂ ਅਤਿਵਾਦੀ ਸਿਖਲਾਈ ਕੈਂਪਾਂ 'ਤੇ ਕੇਂਦਰਤ ਸੀ ਤੇ ਇਸ ਦੌਰਾਨ ਗੈਰ-ਫੌਜੀ ਟਿਕਾਣਿਆਂ ਨੂੰ ਬਚਾਉਣ ਲਈ ਪੂਰੀ ਚੌਕਸੀ ਵਰਤੀ ਗਈ। ਆਪਰੇਸ਼ਨ ਵਿੱਚ ਜਾਨੀ ਨੁਕਸਾਨ ਦੇ ਅੰਕੜੇ ਪਹਿਲੀ ਵਾਰ ਵਿਰੋਧੀ ਧਿਰ ਨਾਲ ਰਸਮੀ ਤੌਰ 'ਤੇ ਸਾਂਝੇ ਕੀਤੇ ਗਏ ਹਨ। ਕਾਂਗਰਸ ਦੀ ਅਗਵਾਈ ਵਿੱਚ ਸਾਰੀਆਂ ਵਿਰੋਧੀ ਪਾਰਟੀਆਂ ਨੇ ਸਰਕਾਰ ਅਤੇ ਭਾਰਤ ਦੀ ਜਵਾਬੀ ਕਾਰਵਾਈ ਦੀ ਖੁੱਲ੍ਹ ਕੇ ਹਮਾਇਤ ਕੀਤੀ। ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ ਨੇ ਕਿਹਾ, "ਸੰਕਟ ਦੀ ਇਸ ਘੜੀ ਵਿਚ ਅਸੀਂ ਸਰਕਾਰ ਦੇ ਨਾਲ ਹਾਂ। ਉਨ੍ਹਾਂ ਨੇ ਜੋ ਵੀ ਕਿਹਾ, ਅਸੀਂ ਸੁਣਿਆ। ਉਨ੍ਹਾਂ ਕਿਹਾ ਕਿ ਦੇਸ਼ ਹਿੱਤ ਵਿੱਚ ਰੱਖਿਆ ਅਤੇ ਸੁਰੱਖਿਆ ਨਾਲ ਜੁੜੇ ਮਾਮਲੇ ਗੁਪਤ ਹਨ ਅਤੇ ਅਸੀਂ ਸਭ ਕੁਝ ਨਹੀਂ ਦੱਸ ਸਕਦੇ। ਅਸੀਂ ਸਾਰਿਆਂ ਨੇ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ ਅਸੀਂ ਸਾਰੇ ਤੁਹਾਡੇ ਨਾਲ ਹਾਂ ਅਤੇ ਤੁਸੀਂ ਜੋ ਵੀ ਕੰਮ ਕਰ ਰਹੇ ਹੋ, ਉਸ ਨੂੰ ਜਾਰੀ ਰੱਖੋ ਅਤੇ ਅਸੀਂ ਦੇਸ਼ ਹਿੱਤ ਵਿੱਚ ਤੁਹਾਡੇ ਨਾਲ ਰਹਾਂਗੇ।" ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀ ਕਿਹਾ ਕਿ ਵਿਰੋਧੀ ਧਿਰ ਨੇ ਸਰਕਾਰ ਦਾ ਪੂਰਾ ਸਮਰਥਨ ਕੀਤਾ। ਗਾਂਧੀ ਨੇ ਸੰਸਦ ਭਵਨ ਕੰਪਲੈਕਸ ਵਿੱਚ ਮੀਟਿੰਗ ਤੋਂ ਬਾਅਦ ਕਿਹਾ, "ਅਸੀਂ ਆਪਣਾ ਪੂਰਾ ਸਮਰਥਨ ਦਿੱਤਾ। ਕੁਝ ਗੱਲਾਂ 'ਤੇ ਚਰਚਾ ਨਹੀਂ ਕੀਤੀ ਜਾ ਸਕਦੀ। ਸਾਰਿਆਂ ਨੇ ਸਰਕਾਰ ਦਾ ਸਮਰਥਨ ਕੀਤਾ।" ਏਆਈਐੱਮਆਈਐੱਮ ਮੁਖੀ ਐੱਮਐੱਮ ਓਵਾਇਸੀ ਨੇ ਆਪ੍ਰੇਸ਼ਨ ਸਿੰਦੂਰ ਲਈ ਹਥਿਆਰਬੰਦ ਫੌਜੀ ਬਲਾਂ ਅਤੇ ਸਰਕਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, "ਮੈਂ ਇਹ ਵੀ ਸੁਝਾਅ ਦਿੱਤਾ ਕਿ ਸਾਨੂੰ ਦਿ ਰਜ਼ਿਸਟੈਂਸ ਫਰੰਟ (ਟੀਆਰਐਫ) ਵਿਰੁੱਧ ਇੱਕ ਵਿਸ਼ਵਵਿਆਪੀ ਮੁਹਿੰਮ ਚਲਾਉਣੀ ਚਾਹੀਦੀ ਹੈ। ਮੈਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਟੀਆਰਐਫ ਨੂੰ ਇੱਕ ਦਹਿਸ਼ਤੀ ਸੰਗਠਨ ਵਜੋਂ ਨਾਮਜ਼ਦ ਕਰਨ ਸਬੰਧੀ ਅਮਰੀਕਾ ਨੂੰ ਬੇਨਤੀ ਕਰੇ। ਸਾਨੂੰ ਪਾਕਿਸਤਾਨ ਨੂੰ ਵਿੱਤੀ ਐਕਸ਼ਨ ਟਾਸਕ ਫੋਰਸ ਦੀ ਗਰੇਅ ਲਿਸਟ ਵਿਚ ਸ਼ਾਮਲ ਕਰਵਾਉਣ ਲਈ ਵੀ ਯਤਨ ਕਰਨੇ ਚਾਹੀਦੇ ਹਨ।" ਮੀਟਿੰਗ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਥਾਂ ਮੁੜ ਰਾਜਨਾਥ ਸਿੰਘ ਨੇ ਕੀਤੀ। ਖੜਗੇ ਨੇ ਕਿਹਾ, "ਪ੍ਰਧਾਨ ਮੰਤਰੀ ਇੱਥੇ ਨਹੀਂ ਹਨ, ਉਨ੍ਹਾਂ ਨੂੰ ਸ਼ਾਇਦ ਲੱਗਦਾ ਹੈ ਕਿ ਉਹ ਸੰਸਦ ਤੋਂ ਉੱਪਰ ਹਨ। ਸਮਾਂ ਆਉਣ 'ਤੇ ਅਸੀਂ ਇਹ ਸਵਾਲ ਪੁੱਛਾਂਗੇ। ਸੰਕਟ ਦੇ ਇਸ ਸਮੇਂ ਅਸੀਂ ਕਿਸੇ ਦੀ ਆਲੋਚਨਾ ਨਹੀਂ ਕਰਨਾ ਚਾਹੁੰਦੇ।" ਸੱਤਾਧਾਰੀ ਤੇ ਵਿਰੋਧੀ ਧਿਰਾਂ ਦੇ ਆਗੂ ਦਰਮਿਆਨ ਪਿਛਲੇ ਪੰਦਰਵਾੜੇ ਵਿੱਚ ਇਹ ਦੂਜੀ ਮੀਟਿੰਗ ਸੀ। ਕੇਂਦਰੀ ਮੰਤਰੀ ਰਾਜਨਾਥ ਸਿੰਘ, ਅਮਿਤ ਸ਼ਾਹ, ਐੱਸ. ਜੈਸ਼ੰਕਰ, ਜੇਪੀ ਨੱਡਾ ਅਤੇ ਨਿਰਮਲਾ ਸੀਤਾਰਮਨ ਨੇ ਸਰਕਾਰ ਦੀ ਨੁਮਾਇੰਦਗੀ ਕੀਤੀ, ਜਦੋਂ ਕਿ ਕਾਂਗਰਸ ਤੋਂ ਰਾਹੁਲ ਗਾਂਧੀ ਅਤੇ ਮਲਿਕਾਰੁਜਨ ਖੜਗੇ, ਤ੍ਰਿਣਮੂਲ ਕਾਂਗਰਸ ਦੇ ਸੰਦੀਪ ਬੰਦੋਪਾਧਿਆਏ ਅਤੇ ਡੀਐਮਕੇ ਦੇ ਟੀਆਰ ਬਾਲੂ ਮੀਟਿੰਗ ਵਿੱਚ ਪ੍ਰਮੁੱਖ ਵਿਰੋਧੀ ਹਸਤੀਆਂ ਵਿੱਚੋਂ ਸਨ। ਮੀਟਿੰਗ ਦੀ ਪ੍ਰਧਾਨਗੀ ਰਾਜਨਾਥ ਸਿੰਘ ਨੇ ਕੀਤੀ। ਹੋਰ ਵਿਰੋਧੀ ਆਗੂਆਂ ਵਿੱਚ ਸਮਾਜਵਾਦੀ ਪਾਰਟੀ ਦੇ ਰਾਮ ਗੋਪਾਲ ਯਾਦਵ, 'ਆਪ' ਦੇ ਸੰਜੈ ਸਿੰਘ, ਸ਼ਿਵ ਸੈਨਾ (ਯੂਬੀਟੀ) ਦੇ ਸੰਜੇ ਰਾਊਤ, ਐੱਨਸੀਪੀ (ਸਪਾ) ਦੀ ਸੁਪ੍ਰੀਆ ਸੂਲੇ, ਬੀਜੇਡੀ ਦੇ ਸਾਂਬਿਤ ਪਾਤਰਾ ਅਤੇ ਸੀਪੀਆਈ (ਐੱਮ) ਦੇ ਜੌਨ ਬ੍ਰਿਟਾਸ ਸ਼ਾਮਲ ਸਨ। ਜੇਡੀ(ਯੂ) ਦੇ ਨੇਤਾ ਸੰਜੈ ਝਾਅ, ਕੇਂਦਰੀ ਮੰਤਰੀ ਅਤੇ ਐੱਲਜੇਪੀ (ਰਾਮ ਵਿਲਾਸ) ਦੇ ਨੇਤਾ ਚਿਰਾਗ ਪਾਸਵਾਨ ਅਤੇ ਏਆਈਐੱਮਆਈਐੱਮ ਦੇ ਸੰਸਦ ਮੈਂਬਰ ਅਸਦੁਦੀਨ ਓਵਾਇਸੀ ਵੀ ਮੀਟਿੰਗ ਦਾ ਹਿੱਸਾ ਸਨ। ਮੀਟਿੰਗ ਤੋਂ ਪਹਿਲਾਂ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਭਾਰਤ-ਪਾਕਿਸਤਾਨ ਤਣਾਅ ਸਬੰਧੀ ਮੌਜੂਦਾ ਹਾਲਾਤ ਬਾਰੇ ਸੰਖੇਪ ਜਾਣਕਾਰੀ ਦਿੱਤੀ।

## 'ਆਪਰੇਸ਼ਨ ਸਿੰਦੂਰ' ਵਿਚ ਮਾਰੇ ਗਏ ਦਹਿਸ਼ਤਗਰਦਾਂ ਦੇ ਰਾਜਕੀ ਸਨਮਾਨ ਨਾਲ ਸਸਕਾਰ ਦੀ ਭਾਰਤ ਵੱਲੋਂ ਨਿਖੇਧੀ

ਨਵੀਂ ਦਿੱਲੀ, 8 ਮਈ (ਪੱਤਰ ਪ੍ਰੇਰਕ)– ਭਾਰਤ ਨੇ 'ਆਪਰੇਸ਼ਨ ਸਿੰਦੂਰ' ਦੌਰਾਨ ਮਾਰੇ ਗਏ ਦਹਿਸ਼ਤਗਰਦਾਂ ਨੂੰ ਰਾਜਕੀ ਸਨਮਾਨਾਂ ਨਾਲ ਸਪੁਰਦੇ ਖਾਕ ਕੀਤੇ ਜਾਣ ਦੇ ਪਾਕਿਸਤਾਨ ਦੇ ਫੈਸਲੇ ਦੀ ਨਿਖੇਧੀ ਕੀਤੀ ਹੈ। ਵਿਦੇਸ਼ ਮੰਤਰਾਲੇ ਨੇ 'ਆਪਰੇਸ਼ਨ ਸਿੰਦੂਰ' ਬਾਰੇ ਵਿਸ਼ੇਸ਼ ਬ੍ਰੀਫਿੰਗ ਦੌਰਾਨ ਉਪਰੋਕਤ ਇਤਰਾਜ਼ ਜਤਾਇਆ ਹੈ। ਇਸ ਬ੍ਰੀਫਿੰਗ ਵਿੱਚ ਵਿਦੇਸ਼ ਸਕੱਤਰ ਵਿਕਰਮ ਮਿਸਰੀ, ਕਰਨਲ ਸੋਫੀਆ ਕੁਰੈਸ਼ੀ ਅਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਸ਼ਾਮਲ ਸਨ। ਇਸ ਤੋਂ ਪਹਿਲਾਂ ਅੱਜ ਦਿਨੇਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ 'ਆਪਰੇਸ਼ਨ ਸਿੰਦੂਰ' ਬਾਰੇ ਬ੍ਰੀਫਿੰਗ ਨੂੰ ਲੈ ਕੇ ਸੱਦੀ ਸਰਬ ਪਾਰਟੀ ਬੈਠਕ ਵਿਚ ਵਿਰੋਧੀ ਧਿਰਾਂ ਅੱਗੇ ਇਸ ਪੂਰੇ ਅਪਰੇਸ਼ਨ ਦੌਰਾਨ 100 ਤੋਂ ਵੱਧ ਦਹਿਸ਼ਤਗਰਦਾਂ ਨੂੰ ਮਾਰ ਮੁਕਾਉਣ ਦਾ ਦਾਅਵਾ ਕੀਤਾ ਸੀ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਵੀਰਵਾਰ ਨੂੰ ਕਿਹਾ ਕਿ ਤਣਾਅ ਘਟਾਉਣ ਦਾ ਵਿਕਲਪ ਪਾਕਿਸਤਾਨ ਕੋਲ ਹੈ ਕਿਉਂਕਿ ਪਹਿਲਗਾਮ ਦਹਿਸ਼ਤੀ ਹਮਲੇ ਨਾਲ ਸਥਿਤੀ ਹੋਰ ਵਿਗੜ ਗਈ ਸੀ ਅਤੇ ਭਾਰਤ ਨੇ 'ਆਪਰੇਸ਼ਨ ਸਿੰਦੂਰ' ਰਾਹੀਂ ਸਿਰਫ਼ ਇਸ ਦਾ ਜਵਾਬ ਦਿੱਤਾ ਹੈ। ਮਿਸਰੀ ਨੇ ਕਿਹਾ ਕਿ ਤਣਾਅ ਪਾਕਿਸਤਾਨ ਵਾਲੇ ਪਾਸਿਓਂ 22 ਅਪਰੈਲ ਨੂੰ ਪਹਿਲਗਾਮ ਹਮਲੇ ਨਾਲ ਸ਼ੁਰੂ ਹੋਇਆ ਸੀ, ਜਿਸ ਵਿੱਚ 26 ਲੋਕ (ਜਿਨ੍ਹਾਂ ਵਿੱਚੋਂ ਬਹੁਤੇ ਸੈਲਾਨੀ ਸਨ) ਮਾਰੇ ਗਏ ਸਨ। ਮਿਸਰੀ ਨੇ ਕਿਹਾ, "ਸਾਡਾ ਤਰੀਕਾ



ਸਥਿਤੀ ਨੂੰ ਵਧਾਉਣ ਦਾ ਨਹੀਂ ਹੈ, ਅਸੀਂ ਸਿਰਫ 22 ਅਪਰੈਲ ਨੂੰ ਹੋਏ ਪਹਿਲਗਾਮ ਦਹਿਸ਼ਤੀ ਹਮਲੇ ਦਾ ਜਵਾਬ ਦਿੱਤਾ ਹੈ।" ਵਿਦੇਸ਼ ਸਕੱਤਰ ਨੇ ਕਿਹਾ, "ਪਾਕਿਸਤਾਨ ਨੇ ਟਕਰਾਅ ਨੂੰ ਵਧਾਇਆ, ਅਸੀਂ ਸਿਰਫ਼ ਜਵਾਬ ਦਿੱਤਾ। ਵਿਕਲਪ ਹੁਣ ਪਾਕਿਸਤਾਨ ਕੋਲ ਹੈ।" ਮਿਸਰੀ ਨੇ ਵੀਰਵਾਰ ਨੂੰ ਕਿਹਾ ਕਿ ਪਹਿਲਗਾਮ ਅਤਿਵਾਦੀ ਹਮਲਾ ਪਾਕਿਸਤਾਨ ਵੱਲੋਂ ਤਣਾਅ ਵਿਚ ਕੀਤਾ ਗਿਆ ਮੂਲ ਵਾਧਾ ਸੀ ਅਤੇ ਭਾਰਤ ਨੇ ਬੁੱਧਵਾਰ ਤੜਕੇ ਉਤੇ ਅਤਿਵਾਦੀ ਢਾਂਚੇ 'ਤੇ ਸਟੀਕ ਹਮਲੇ ਕਰਕੇ ਨਿਯੰਤਰਿਤ, ਸਟੀਕ, ਮਾਪੇ-ਤੋਲੇ, ਵਿਚਾਰੇ ਅਤੇ ਗੈਰ-ਵਧਾਊ ਢੰਗ ਨਾਲ ਜਵਾਬ ਦਿੱਤਾ। ਮਿਸਰੀ ਨੇ ਕਿਹਾ, ਪਾਕਿਸਤਾਨ 22 ਅਪਰੈਲ ਨੂੰ ਤਣਾਅ ਤੇ ਭੜਕਾਹਟ ਵਧਾਈ, ਅਸੀਂ ਸਿਰਫ਼ ਵਾਧੇ ਦਾ ਜਵਾਬ ਦੇ ਰਹੇ ਹਾਂ। ਜੇ ਹੋਰ ਟਕਰਾਅ ਵਧਾਇਆ ਜਾਂਦਾ ਹੈ, ਤਾਂ ਜਵਾਬ ਢੁਕਵੇਂ ਖੇਤਰ ਵਿੱਚ ਹੋਵੇਗਾ। ਉਨ੍ਹਾਂ ਕਿਹਾ ਕਿ ਜਦੋਂ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿੱਚ ਪਹਿਲਗਾਮ ਬਾਰੇ ਗੱਲਬਾਤ ਚੱਲ ਰਹੀ ਸੀ, ਤਾਂ ਪਾਕਿਸਤਾਨ ਨੇ ਟੀਆਰਐਫ (ਦਿ ਰੇਸਿਸਟੈਂਸ ਫਰੰਟ) ਦੀ ਭੂਮਿਕਾ ਦੀ ਗੱਲ ਦਾ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ, ਇਹ ਉਦੋਂ ਹੋਇਆ ਜਦੋਂ ਟੀ ਆਰ ਐਫ ਨੇ ਇੱਕ ਵਾਰ ਨਹੀਂ, ਸਗੋਂ ਦੋ ਵਾਰ ਹਮਲੇ ਦੀ ਜ਼ਿੰਮੇਵਾਰੀ ਲਈ। ਕਰਨਲ ਕੁਰੈਸ਼ੀ ਅਤੇ ਵਿੰਗ ਕਮਾਂਡਰ ਸਿੰਘ ਨੇ ਕੱਲ੍ਹ ਅਤੇ ਅੱਜ ਵੀ ਸਪੱਸ਼ਟ ਤੌਰ 'ਤੇ ਕਿਹਾ ਕਿ ਭਾਰਤ ਦਾ ਜਵਾਬ ਗੈਰ-ਵਧਾਊ, ਸਟੀਕ ਅਤੇ ਮਾਪਿਆ ਹੋਇਆ ਹੈ। ਸਾਡਾ ਇਰਾਦਾ ਮਾਮਲਿਆਂ ਨੂੰ ਵਧਾਉਣਾ ਨਹੀਂ ਹੈ ਅਤੇ ਅਸੀਂ ਸਿਰਫ਼ ਵਧਦੇ ਤਣਾਅ ਦਾ ਜਵਾਬ ਦੇ ਰਹੇ ਹਾਂ। ਕਿਸੇ ਵੀ ਫੌਜੀ ਟਿਕਾਣੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ; ਪਾਕਿਸਤਾਨ ਵਿੱਚ ਸਿਰਫ਼ ਅੱਤਵਾਦੀ ਢਾਂਚੇ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਹੈ। ਵਿਦੇਸ਼ ਸਕੱਤਰ ਨੇ ਕਿਹਾ ਕਿ ਵਿਸ਼ਵਵਿਆਪੀ ਅੱਤਵਾਦ ਦੇ ਕੇਂਦਰ ਵਜੋਂ ਪਾਕਿਸਤਾਨ ਦੀ ਸਾਖ ਕਈ ਮਾਮਲਿਆਂ ਵਿੱਚ ਬਣੀ ਹੋਈ ਹੈ। ਉਨ੍ਹਾਂ ਕਿਹਾ, ਮੈਨੂੰ ਚੇਤੇ ਕਰਾਉਣ ਦੀ ਜ਼ਰੂਰਤ ਨਹੀਂ ਹੈ ਕਿ ਓਸਾਮਾ ਬਿਨ ਲਾਦਿਨ ਕਿੱਥੇ ਮਿਲਿਆ ਸੀ ਅਤੇ ਉਸਨੂੰ ਕਿਸਨੇ ਸ਼ਹੀਦ ਕਿਹਾ ਸੀ। ਪਾਕਿਸਤਾਨ ਵੱਡੀ ਗਿਣਤੀ ਵਿੱਚ ਸੰਯੁਕਤ ਰਾਸ਼ਟਰ ਦੁਆਰਾ ਪਾਬੰਦੀਸ਼ੁਦਾ ਅੱਤਵਾਦੀਆਂ ਦਾ ਘਰ ਵੀ ਹੈ ਅਤੇ ਕਈ ਦੇਸ਼ਾਂ ਦੁਆਰਾ ਪਾਬੰਦੀਸ਼ੁਦਾ ਅੱਤਵਾਦੀਆਂ ਦਾ ਵੀ ਘਰ ਹੈ੍ਹ ਤੁਸੀਂ ਪਿਛਲੇ ਕੁਝ ਦਿਨਾਂ ਵਿੱਚ ਦੇਖਿਆ ਹੋਵੇਗਾ, ਉਨ੍ਹਾਂ ਦੇ ਰੱਖਿਆ ਮੰਤਰੀ ਅਤੇ ਸਾਬਕਾ ਵਿਦੇਸ਼ ਮੰਤਰੀ ਨੇ ਅਜਿਹੇ ਅੱਤਵਾਦੀ ਸਮੂਹਾਂ ਨਾਲ ਆਪਣੇ ਦੇਸ਼ ਦੀ ਸ਼ਮੂਲੀਅਤ ਨੂੰ ਕਬੂਲਿਆ ਹੈ। ਮਿਸਰੀ ਨੇ ਪਾਕਿਸਤਾਨ ਵੱਲੋਂ ਜੰਮੂ-ਕਸ਼ਮੀਰ ਵਿੱਚ ਤੋਪਖਾਨੇ ਦੀ ਗੋਲੀਬਾਰੀ ਰਾਹੀਂ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਦੀ ਵੀ ਨਿੰਦਾ ਕੀਤੀ।

## ਬੀਬੀਐਮਬੀ ਚੇਅਰਮੈਨ ਨੇ 'ਗ਼ੈਰਕਾਨੂੰਨੀ' ਢੰਗ ਨਾਲ ਹਰਿਆਣਾ ਲਈ 200 ਕਿਊਸਿਕ ਪਾਣੀ ਛੁਡਵਾਇਆ: ਭਗਵੰਤ ਮਾਨ

**ਮੁੱਖ ਮੰਤਰੀ ਨੇ ਲਾਏ ਬੀਬੀਐਮਬੀ ਚੇਅਰਮੈਨ ਉਤੇ 'ਗ਼ਲਤ ਕਾਰਵਾਈ' ਦੇ ਦੋਸ਼; ਕਿਹਾ: ਜੇ ਇਸ ਕਾਰਨ ਪੰਜਾਬ ਵਿਚ ਹਾਲਾਤ ਵਿਗੜੇ ਤਾਂ ਤ੍ਰਿਪਾਠੀ ਹੋਣਗੇ ਜ਼ਿੰਮੇਵਾਰ**



ਨੰਗਲ, 8 ਮਈ (ਪੱਤਰ ਪ੍ਰੇਰਕ)–ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਨੂੰ ਨੰਗਲ ਦਾ ਦੌਰਾ ਕੀਤਾ ਅਤੇ ਭਾਖੜਾ ਬਿਆਸ ਪ੍ਰਬੰਧਨ ਬੋਰਡ ਦੇ ਚੇਅਰਮੈਨ 'ਤੇ ਹਰਿਆਣਾ ਨੂੰ 200 ਕਿਊਸਿਕ ਪਾਣੀ 'ਗੈਰ-ਕਾਨੂੰਨੀ ਢੰਗ ਨਾਲ' ਛੱਡਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਅਜਿਹਾ ਉਸ ਸਮੇਂ ਕੀਤਾ ਜਾ ਰਿਹਾ ਹੈ ਜਦੋਂ ਭਾਰਤ-ਪਾਕਿਸਤਾਨ ਦੇ ਘਟਨਾਕ੍ਰਮ ਤੋਂ ਬਾਅਦ ਕੌਮੀ ਪੱਧਰ ਉਤੇ ਤਣਾਅ ਅਤੇ ਐਮਰਜੈਂਸੀ ਵਰਗੇ ਹਾਲਾਤ ਬਣੇ ਹੋਏ ਹਨ। ਬੀਬੀਐਮਬੀ ਦੇ ਸਤਲੁਜ ਸਦਨ ਰੈਸਟ ਹਾਊਸ ਦੇ ਬਾਹਰ 'ਆਪ' ਵਰਕਰਾਂ ਨੂੰ ਸੰਬੋਧਨ ਕਰਦਿਆਂ ਮਾਨ ਨੇ ਦੋਸ਼ ਲਾਇਆ ਕਿ ਬੀਬੀਐਮਬੀ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਅੱਜ ਦਿਨ ਵੇਲੇ ਨੰਗਲ ਡੈਮ 'ਤੇ ਹਰਿਆਣਾ ਲਈ ਵਾਧੂ ਪਾਣੀ ਛੱਡੇ ਜਾਣ ਦੀ ਕਾਰਵਾਇ ਦੀ ਨਿੱਜੀ ਤੌਰ 'ਤੇ ਨਿਗਰਾਨੀ ਕੀਤੀ ਸੀ। ਮੁੱਖ ਮੰਤਰੀ ਨੇ ਕਿਹਾ, ਇਹ ਗੈਰ-ਜ਼ਿੰਮੇਵਾਰਾਨਾ ਕਾਰਵਾਈ ਹੈ, ਖ਼ਾਸਕਰ ਉਦੋਂ ਜਦੋਂ ਦੇਸ਼ ਹਾਈ ਅਲਰਟ 'ਤੇ ਹੈ। ਜੇ ਇਸ ਮੁੱਦੇ 'ਤੇ ਪੰਜਾਬ ਵਿੱਚ ਅਸ਼ਾਂਤੀ ਫੈਲਦੀ ਹੈ, ਤਾਂ ਇਸ ਲਈ ਬੀਬੀਐਮਬੀ ਚੇਅਰਮੈਨ ਜਵਾਬਦੇਹ ਹੋਣਗੇ। ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਹਰਿਆਣਾ ਪਹਿਲਾਂ ਹੀ ਮੌਜੂਦਾ ਤਿਮਾਹੀ ਲਈ 31 ਮਾਰਚ, 2025 ਤੱਕ ਭਾਖੜਾ ਤੋਂ ਆਪਣੇ ਮਿਥੇ ਹਿੱਸੇ ਦੇ ਪਾਣੀ ਦੀ ਵਰਤੋਂ ਕਰ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਮਾਂ-ਸਾਰਣੀ ਅਨੁਸਾਰ, ਹਰਿਆਣਾ 20 ਮਈ ਤੋਂ ਬਾਅਦ ਹੀ ਵਾਧੂ ਪਾਣੀ ਦਾ ਹੱਕਦਾਰ ਹੈ। ਉਨ੍ਹਾਂ ਸਾਫ਼ ਤੌਰ 'ਤੇ ਕਿਹਾ, ਨਾ ਤਾਂ ਕੇਂਦਰ ਸਰਕਾਰ, ਨਾ ਪੰਜਾਬ ਸਰਕਾਰ ਅਤੇ ਨਾ ਹੀ ਹਾਈ ਕੋਰਟ ਨੇ ਬੀਬੀਐਮਬੀ ਨੂੰ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦਾ ਨਿਰਦੇਸ਼ ਦਿੱਤਾ ਹੈ। 2 ਮਈ ਦੀ ਮੀਟਿੰਗ ਦੌਰਾਨ ਜਾਰੀ ਕੀਤੀ ਗਈ ਸਲਾਹ ਵਿੱਚ ਸਿਰਫ਼ 4,500 ਕਿਊਸਿਕ ਪਾਣੀ ਛੱਡਣ ਦਾ ਸੁਝਾਅ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਅੱਜ ਨੰਗਲ ਵਿਖੇ ਸਥਿਤੀ ਉਸ ਵੇਲੇ ਤਣਾਅਪੂਰਨ ਬਣ ਗਈ ਜਦੋਂ ਬੀਬੀਐੱਮਬੀ ਦੇ ਚੇਅਰਮੈਨ ਹਰਿਆਣਾ ਨੂੰ ਪਾਣੀ ਛੱਡਣ ਨੂੰ ਲੈ ਕੇ ਨੰਗਲ ਡੈਮ ਪਹੁੰਚ ਗਏ। ਇਸ ਦਾ ਪਤਾ ਜਦੋਂ ਕੈਬਨਿਟ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੂੰ ਲੱਗਿਆ ਤਾਂ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਬੀਬੀਐੱਮਬੀ ਦੇ ਸਦਨ ਹਾਊਸ ਵਿਖੇ ਪਹੁੰਚ ਕੇ ਚੇਅਰਮੈਨ ਦਾ ਘਿਰਾਓ ਕਰ ਦਿੱਤਾ ਤੇ ਬੀਬੀਐੱਮਬੀ ਅਤੇ ਭਾਜਪਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪਾਣੀ ਛੱਡਣ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਇਸ ਦੌਰਾਨ ਨੰਗਲ ਪਹੁੰਚ ਗਏ।


## ਮੁੰਬਈ ਅਤਿਵਾਦੀ ਹਮਲੇ ਦੇ ਮਾਸਟਰਮਾਈਂਡ ਹਾਫਿਜ਼ ਸਈਦ ਵੱਲੋਂ ਆਪਣੀ ਸਜ਼ਾ ਨੂੰ ਚੁਣੌਤੀ ਦਿੰਦੀ ਪਟੀਸ਼ਨ ਦਾਇਰ

ਲਾਹੌਰ, 8 ਮਈ (ਪੱਤਰ ਪ੍ਰੇਰਕ)– ਮੁੰਬਈ ਅਤਿਵਾਦੀ ਹਮਲੇ ਦੇ ਮਾਸਟਰਮਾਈਂਡ ਅਤੇ ਪਾਬੰਦੀਸ਼ੁਦਾ ਜਮਾਤ-ਉਦ-ਦਾਵਾ ਦੇ ਮੁਖੀ ਹਾਫਿਜ਼ ਸਈਦ ਨੇ ਪਾਕਿਸਤਾਨ ਦੀ ਇਕ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਹੈ, ਜਿਸ ਵਿਚ ਅਤਿਵਾਦ ਫੰਡਿੰਗ ਮਾਮਲਿਆਂ 'ਚ ਕਈ ਸਾਲਾਂ ਦੀ ਆਪਣੀ ਸਜ਼ਾ ਨੂੰ ਚੁਣੌਤੀ ਦਿੱਤੀ ਗਈ ਹੈ। ਅਦਾਲਤ ਦੇ ਇਕ ਅਧਿਕਾਰੀ ਨੇ ਖ਼ਬਰ ਏਜੰਸੀ ਪੀਟੀਆਈ ਨੂੰ ਦੱਸਿਆ, "ਸਈਦ ਅਤੇ ਜਮਾਤ-ਉਦ-ਦਾਵਾ (ਜੇਯੂਡੀ) ਦੇ ਕੁਝ ਹੋਰ ਨੇਤਾਵਾਂ ਨੇ ਲਾਹੌਰ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਇਰ ਕੀਤੀ ਹੈ ਜਿਸ ਵਿਚ ਅਪੀਲ ਕੀਤੀ ਗਈ ਹੈ ਕਿ ਉਹ ਅਤਿਵਾਦ ਫੰਡਿੰਗ ਮਾਮਲਿਆਂ ਵਿਚ ਉਨ੍ਹਾਂ ਦੀ ਸਜ਼ਾ ਨੂੰ ਕਈ ਸਾਲਾਂ ਲਈ ਰੱਦ ਕਰੇ।" ਉਨ੍ਹਾਂ ਕਿਹਾ ਕਿ ਜਸਟਿਸ ਸ਼ਾਹਬਾਜ਼ ਰਿਜ਼ਵੀ ਅਤੇ ਤਾਰਿਕ ਮਹਿਮੂਦ ਬਾਜਵਾ ਦੀ ਸ਼ਮੂਲੀਅਤ ਵਾਲੇ ਲਾਹੌਰ ਹਾਈ ਕੋਰਟ ਦੇ ਦੋ ਮੈਂਬਰੀ ਬੈਂਚ ਨੇ ਸੁਣਵਾਈ ਲਈ ਪਟੀਸ਼ਨ ਨਿਰਧਾਰਤ ਕੀਤੀ ਹੈ। ਸੁਣਵਾਈ ਦੀ ਮਿਤੀ ਬਾਅਦ ਵਿਚ ਸੂਚਿਤ ਕੀਤੀ ਜਾਵੇਗੀ।

## ਰਾਮਬਨ ਵਿਚ ਢਿੱਗਾਂ ਖ਼ਿਸਕਣ ਕਾਰਨ ਜੰਮੂ-ਸ਼੍ਰੀਨਗਰ ਕੌਮੀ ਰਾਜਮਾਰਗ ਬੰਦ



ਰਾਮਬਨ/ਜੰਮੂ, 8 ਮਈ (ਪੱਤਰ ਪ੍ਰੇਰਕ)–ਰਾਮਬਨ ਜ਼ਿਲ੍ਹੇ ਵਿਚ ਭਾਰੀ ਮੀਂਹ ਪੈਣ ਦੌਰਾਨ ਢਿਗਾਂ ਖਿਸਕਣ ਅਤੇ ਪਹਾੜੀਆਂ ਤੋਂ ਪੱਥਰ ਡਿੱਗਣ ਕਾਰਨ ਵੀਰਵਾਰ ਦੀ ਸਵੇਰ ਜੰਮੂ-ਸ਼੍ਰੀਨਗਰ ਕੌਮੀ ਰਾਜਮਾਰਗ 'ਤੇ ਆਵਜਾਈ ਨੂੰ ਰੋਕ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਅਚਾਨਕ ਆਏ ਹੜ੍ਹ ਨੇ ਰਾਮਬਨ ਬਾਜ਼ਾਰ ਨੂੰ ਵੀ ਪ੍ਰਭਾਵਿਤ ਕੀਤਾ, ਪਰ ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਟਰੈਫਿਕ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਸੀਰੀ ਅਤੇ ਨਚਲਾਨਾ ਦੇ ਵਿਚਕਾਰ ਕਈ ਥਾਂਈ ਢਿੱਗਾਂ ਖਿਸਕਣ ਅਤੇ ਪੱਥਰ ਡਿੱਗਣ ਕਾਰਨ ਸਵੇਰੇ ਸਾਢੇ ਸੱਤ ਵਜੇ ਰਾਜਮਾਰਗ 'ਤੇ ਵਾਹਨਾਂ ਦੀ ਆਵਾਜਾਈ ਰੋਕ ਦਿੱਤੀ ਗਈ ਸੀ, ਜਿਸ ਕਾਰਨ ਦੋਹਾਂ ਪਾਸੇ ਸੈਂਕੜੇ ਵਾਹਨ ਫਸੇ ਹੋਏ ਹਨ। ਇਹ ਰਾਜਮਾਰਗ ਕਸ਼ਮੀਰ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਣ ਵਾਲੀ ਇਕੋ ਇਕ ਸੜਕ ਹੈ, ਜੋ ਹਰ ਮੌਸਮ ਵਿਚ ਖੁੱਲੀ ਰਹਿੰਦੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਰਾਮਬਨ ਸ਼ਹਿਰ ਦੇ ਨੇੜੇ ਚੰਬਾ-ਸੀਰੀ 'ਚ ਵੱਡੇ ਪੱਧਰ 'ਤੇ ਢਿੱਗਾਂ ਖਿਸਕੀਆਂ ਹਨ, ਜਦ ਕਿ ਰਾਮਬਨ ਬਾਜ਼ਾਰ ਵਿਚ ਇਕ ਹੋਟਲ ਦੇ ਨੇੜੇ ਅਚਾਨਕ ਹੜ੍ਹ ਆਉਣ ਦੀ ਵੀ ਸੂਚਨਾ ਹੈ ਜਿਸ ਕਾਰਨ ਕਈ ਵਾਹਨਾਂ ਨੂੰ ਨੁਕਸਾਨ ਪਹੁੰਚਿਆ। ਉਨ੍ਹਾਂ ਦੱਸਿਆ ਕਿ ਲਗਾਤਾਰ ਮੀਂਹ ਕਾਰਨ ਯਾਤਰਾ ਮੁੜ ਚਾਲੂ ਕਰਨ ਦੇ ਕੰਮ ਵਿਚ ਰੁਕਾਵਟ ਪੇਸ਼ ਆ ਰਹੀ ਹੈ। ਟਰੈਫਿਕ ਵਿਭਾਗ ਦੇ ਬੁਲਾਰੇ ਨੇ ਕਿਹਾ, "ਯਾਤਰੀਆਂ ਨੂੰ ਮੌਸਮ ਵਿਚ ਸੁਧਾਰ ਅਤੇ ਸੜਕ ਸਾਫ਼ ਹੋਣ ਤੱਕ ਕੌਮੀ ਰਾਜਮਾਰਗ ਨੰਬਰ-44 ਦੀ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।" ਮੌਸਮ ਵਿਭਾਗ ਨੇ 8 ਤੋਂ 11 ਮਈ ਤੱਕ ਜੰਮੂ-ਕਸ਼ਮੀਰ ਵਿਚ ਕੁੱਝ ਥਾਵਾਂ 'ਤੇ ਹਲਕੇ ਤੋਂ ਦਰਮਿਆਨਾ ਮੀਂਹ, ਗਰਜ ਦੇ ਨਾਲ ਮੀਂਹ ਪੈਣ ਅਤੇ ਤੇਜ਼ ਹਵਾਵਾਂ ਚੱਲਣ ਦਾ ਅੰਦਾਜ਼ਾ ਲਾਇਆ ਗਿਆ ਹੈ। ਇਸ ਤੋਂ ਬਾਅਦ 12 ਮਈ ਨੂੰ ਕੁਝ ਸਥਾਨਾਂ 'ਤੇ ਹਲਕਾ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ, "ਕੁਝ ਸੰਵੇਦਨਸ਼ੀਲ ਥਾਵਾਂ 'ਤੇ ਤੇਜ਼ ਮੀਂਹ ਕਾਰਨ ਢਿੱਗਾ ਖਿਸਕਣ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ।' ਉਨ੍ਹਾਂ ਨੇ 13 ਮਈ ਤੋਂ ਮੁੱਖ ਤੌਰ 'ਤੇ ਜੰਮੂ ਸੰਭਾਗ ਵਿਚ ਦਿਨ ਦੇ ਤਾਪਮਾਨ ਵਿਚ ਵਾਧਾ ਹੋਣ ਦਾ ਅਨੁਮਾਨ ਵੀ ਜਤਾਇਆ ਹੈ।





# ਬਲਵਿੰਦਰ ਬਾਂਸਲ ਰਾਮਬਾਗ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਬਣੇ



ਮਾਨਸਾ, 8 ਮਈ (ਪੱਤਰ ਪ੍ਰੇਰਕ)–ਰਾਮਬਾਗ ਚੈਰੀਟੇਬਲ ਸੁਸਾਇਟੀ ਮਾਨਸਾ ਦੀ ਸਾਲਾਨਾ ਚੋਣ ਸਰਬਸੰਮਤੀ ਨਾਲ ਹੋਈ, ਜਿਸ ਦੌਰਾਨ ਬਲਵਿੰਦਰ ਬਾਂਸਲ ਨੂੰ ਮੁੜ ਪ੍ਰਧਾਨ ਚੁਣਿਆ ਗਿਆ। ਸੁਸਾਇਟੀ ਦੇ ਪ੍ਰੈੱਸ ਸਕੱਤਰ ਪ੍ਰਿੰਸੀਪਲ ਰਾਮ ਕ੍ਰਿਸ਼ਨ ਚੁੱਘ ਨੇ ਦੱਸਿਆ ਕਿ ਸੁਸਾਇਟੀ ਦੇ ਚੇਅਰਮੈਨ ਦੀ ਦੇਖ-ਰੇਖ ਹੇਠ ਅਗਲੇ ਦੋ ਸਾਲਾਂ ਲਈ ਚੋਣ ਕੀਤੀ। ਸੁਸਾਇਟੀ ਦੇ ਮੈਂਬਰ ਅਤੇ ਸਨਾਤਨ ਧਰਮ ਸਭਾ ਮਾਨਸਾ ਦੇ ਪ੍ਰਧਾਨ ਸਮੀਰ ਛਾਬੜਾ ਨੇ ਬਲਵਿੰਦਰ ਬਾਂਸਲ ਦਾ ਨਾਮ ਪ੍ਰਧਾਨਗੀ ਲਈ ਪੇਸ਼ ਕੀਤਾ, ਜਿਸ ਸਾਰੇ ਹਾਊਸ ਨੇ ਪ੍ਰਵਾਨ ਕਰ ਲਿਆ ਅਤੇ ਬਲਵਿੰਦਰ ਬਾਂਸਲ ਸਰਬਸੰਮਤੀ ਨਾਲ ਪ੍ਰਧਾਨ ਚੁਣੇ। ਇਸ ਮੌਕੇ ਬਾਬੂ ਰਾਮ ਸ਼ਰਮਾ, ਅਸ਼ੋਕ ਬਾਂਸਲ, ਸੇਠੀ ਸਿੰਘ ਸਰਾ, ਹਾਕਮ ਚੰਦ ਤੇ ਧਰਮ ਪਾਲ ਪਾਲੀ ਮੌਜੂਦ ਸਨ।

# ਫੈਡਰੇਸ਼ਨ ਆਗੂਆਂ ਵੱਲੋਂ ਥਰਮਲ ਦੇ ਚੀਫ ਇੰਜਨੀਅਰ ਦਾ ਸਨਮਾਨ



ਭੁੱਚੋ ਮੰਡੀ, 8 ਮਈ (ਪੱਤਰ ਪ੍ਰੇਰਕ)–ਐਂਪਲਾਈਜ਼ ਫੈਡਰੇਸ਼ਨ (ਚਾਹਲ) ਗੁਰੂ ਹਰਿਗੋਬਿੰਦ ਥਰਮਲ ਪਲਾਂਟ ਲਹਿਰ ਮੁਹੱਬਤ ਦੇ ਆਗੂਆਂ ਨੇ ਪਦਉੱਨਤ ਹੋ ਕੇ ਥਰਮਲ ਪਲਾਂਟ ਦੇ ਚੀਫ ਇੰਜਨੀਅਰ ਬਣੇ ਤੇਜ ਬਾਂਸਲ ਦਾ ਸਨਮਾਨ ਕੀਤਾ। ਇਸ ਮੌਕੇ ਆਗੂ ਬਲਜੀਤ ਸਿੰਘ ਬਰਾੜ, ਲਖਵੰਤ ਸਿੰਘ ਬਾਂਡੀ, ਰਜਿੰਦਰ ਸਿੰਘ ਨਿੰਮਾ, ਰਵੀਪਾਲ ਸਿੰਘ ਸਿੱਧੂ, ਕੇਸਵ ਅਧਿਕਾਰੀ, ਗੁਰਲਾਲ ਸਿੰਘ ਗਿੱਲ, ਰੁਪਿੰਦਰ ਜੀਤ ਸਿੰਘ, ਅਰੁਣਜੋਤ ਸਿੰਘ, ਗੁਰਪ੍ਰੀਤ ਸਿੰਘ ਬਰਾੜ ਅਤੇ ਰਾਹੁਲ ਸਿੰਘ ਨੇ ਚੀਫ ਇੰਜਨੀਅਰ ਨੂੰ ਮੁਬਾਰਕਾਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਤੇਜ ਬਾਂਸਲ ਨੇ ਜੂਨ 1997 ਤੋਂ ਇਸੇ ਥਰਮਲ ਵਿੱਚ ਬਤੌਰ ਐੱਸਡੀਓ ਵਜੋਂ ਸੇਵਾਵਾਂ ਸ਼ੁਰੂ ਕੀਤੀਆਂ ਸਨ ਅਤੇ ਹੁਣ ਪਦਉੱਨਤ ਹੋ ਕੇ ਇੱਥੇ ਹੀ ਆ ਗਏ।

# ਅਦਾਕਾਰ ਕਰਤਾਰ ਚੀਮਾ ਦੇ ਪਿਤਾ ਦੀ ਸੜਕ ਹਾਦਸੇ ’ਚ ਮੌਤ

ਸੁਨਾਮ ਊਧਮ ਸਿੰਘ ਵਾਲਾ, 8 ਮਈ (ਪੱਤਰ ਪ੍ਰੇਰਕ)–ਸੁਨਾਮ-ਪਟਿਆਲਾ ਸੜਕ ’ਤੇ ਗੁਰਦੁਆਰਾ ਮੋਰਾਂਵਾਲੀ ਸਾਹਮਣੇ ਬੀਤੀ ਸ਼ਾਮ ਹੋਏ ਇਕ ਸੜਕ ਹਾਦਸੇ ’ਚ ਸੁਨਾਮ ਸ਼ਹਿਰ ਦੇ ਰਹਿਣ ਵਾਲੇ ਪੰਜਾਬੀ ਫਿਲਮ ਇੰਡਸਟਰੀ ਦੇ ਨਾਮਵਰ ਅਦਾਕਾਰ ਕਰਤਾਰ ਚੀਮਾ ਦੇ ਪਿਤਾ ਜਸਵਿੰਦਰ ਸਿੰਘ ਦੀ ਮੌਤ ਹੋ ਗਈ। ਉਹ ਕਰੀਬ 70 ਵਰ੍ਹਿਆਂ ਦੇ ਸਨ। ਪੁਲੀਸ ਚੌਂਕੀ ਨਵੀਂ ਅਨਾਜ ਮੰਡੀ ਸੁਨਾਮ ਦੇ ਇੰਚਾਰਜ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਭੁੱਲਰ ਨੇ ਦੱਸਿਆ ਕਿ ਪੰਜਾਬੀ ਫਿਲਮਾਂ ਦੇ ਉੱਘੇ ਅਦਾਕਾਰ ਕਰਤਾਰ ਚੀਮਾ ਦੇ ਪਿਤਾ ਜਸਵਿੰਦਰ ਸਿੰਘ ਬੀਤੀ ਸ਼ਾਮ ਮੋਟਰਸਾਈਕਲ ’ਤੇ ਆਪਣੇ ਘਰ ਤੋਂ ਡੇਅਰੀ ’ਚ ਦੁੱਧ ਪਾਉਣ ਲਈ ਨਿਕਲੇ ਸਨ। ਇਸੇ ਦੌਰਾਨ ਗੁਰਦੁਆਰਾ ਸਿੰਘ ਸਭਾ ਮੋਰਾਂਵਾਲੀ ਦੇ ਸਾਹਮਣੇ ਪਟਿਆਲਾ ਵਲੋਂ ਆ ਰਹੀ ਇਕ ਕਾਰ ਨੇ ਮੋਟਰਸਾਈਕਲ ਨੂੰ ਪਿੱਛੋਂ ਟੱਕਰ ਮਾਰ ਦਿੱਤੀ। ਮੌਕੇ ’ਤੇ ਮੌਜੂਦ ਪਿੰਡ ਦੇ ਕੁਝ ਮੋਹਤਬਰ ਵਿਅਕਤੀਆਂ ਵਲੋਂ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਵਲੋਂ ਉਨਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਸਹਾਇਕ ਥਾਣੇਦਾਰ ਗੁਰਮੇਲ ਸਿੰਘ ਭੁੱਲਰ ਨੇ ਕਿਹਾ ਕਿ ਕਾਰ ਕਬਜ਼ੇ



ਵਿਚ ਲੈ ਕੇ ਚਾਲਕ ਹਰਪ੍ਰੀਤ ਸਿੰਘ ਵਾਸੀ ਲੱਡਾ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ ਅਤੇ ਮ੍ਰਿਤਕ ਜਸਵਿੰਦਰ ਸਿੰਘ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸੁਨਾਮ ਦੇ ਮੁਰਦਾਖ਼ਾਨੇ ਵਿਚ ਰਖਵਾ ਦਿੱਤਾ ਗਿਆ ਹੈ।

# ਸਿੱਖਿਆ ਤੇ ਸਿਹਤ ਖੇਤਰ ’ਚ ਸੁਧਾਰ ਲਈ ਸਰਕਾਰ ਯਤਨਸ਼ੀਲ: ਬੁੱਧਰਾਮ

## ਬੁਢਲਾਡਾ ਹਲਕੇ ਦੇ ਛੇ ਸਕੂਲਾਂ ’ਚ 80.93 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ



ਮਾਨਸਾ, 8 ਮਈ (ਪੱਤਰ ਪ੍ਰੇਰਕ)–ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਸਕੂਲਾਂ ’ਚ ਵਿਦਿਆਰਥੀਆਂ ਦੇ ਮਾਪਿਆਂ ਨਾਲ ਸੰਵਾਦ ਰਚਾਉਣਾ ਹੈ ਤਾਂ ਜੋ ਉਹ ਜਾਣ ਸਕਣ ਕਿ ਉਨ੍ਹਾਂ ਦੇ ਬੱਚਿਆਂ ਨੂੰ ਸਕੂਲਾਂ ਵਿਚ ਕਿਸ ਤਰ੍ਹਾਂ ਦੀ ਸਿੱਖਿਆ ਪ੍ਰਣਾਲੀ, ਅਧਿਆਪਕ ਅਤੇ ਮਾਹੌਲ ਮੁਹੱਈਆ ਕਰਵਾਇਆ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਦਾ ਸਰਕਾਰੀ ਸਕੂਲਾਂ ’ਚ ਭਰੋਸਾ ਪੈਦਾ ਹੋ ਸਕੇ। ਉਹ ਬੁਢਲਾਡਾ ਹਲਕੇ ਦੇ 6 ਸਰਕਾਰੀ ਸਕੂਲਾਂ ’ਚ 80.93 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਸੰਬੋਧਨ ਕਰ ਰਹੇ ਸਨ। ਵਿਧਾਇਕ ਬੁੱਧ ਰਾਮ ਨੇ ਸਰਕਾਰੀ ਪ੍ਰਾਇਮਰੀ ਸਕੂਲ ਹੀਰੋਂ ਖੁਰਦ ਵਿਖੇ 11.42 ਲੱਖ, ਸਰਕਾਰੀ ਸੈਕੰਡਰੀ ਸਕੂਲ ਹੀਰੋਂ ਖੁਰਦ ਵਿਖੇ 21.65 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਕਣਕਵਾਲ ਚਹਿਲਾਂ ਵਿਖੇ 6.36 ਲੱਖ, ਸਰਕਾਰੀ ਹਾਈ ਸਕੂਲ ਕਣਕਵਾਲ ਚਹਿਲਾਂ ਵਿੱਚ 9.7 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਦੋਦੜਾ ਵਿਖੇ 19.55 ਲੱਖ ਅਤੇ ਸਰਕਾਰੀ ਹਾਈ ਸਕੂਲ ਦੋਦੜਾ ਵਿਖੇ 12.25 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵੱਖ-ਵੱਖ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਤੇ ਸਿਹਤ ਦੇ ਖੇਤਰ ਨੂੰ ਪ੍ਰਫੁੱਲਿਤ ਕਰਨ ਲਈ ਮਹੱਤਵਪੂਰਨ ਯਤਨ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੂਬੇ ਨੂੰ ਹਰ ਪੱਖੋਂ ਵਿਕਾਸ ਵੱਲ ਲੈ ਕੇ ਜਾਣ ਲਈ ਪੰਜਾਬ ਸਰਕਾਰ ਹਮੇਸ਼ਾ ਵਚਨਬੱਧ ਰਹੀ ਹੈ ਤੇ ਰਹੇਗੀ। ਇਸ ਮੌਕੇ ਸੁਭਾਸ਼ ਨਾਗਪਾਲ, ਜਨਕ ਰਾਜ, ਰਮਨਦੀਪ ਸਿੰਘ, ਮਹਿੰਦਰ ਕੌਰ, ਜਸਵੀਰ ਕੌਰ, ਸੰਦੀਪ ਕੁਮਾਰ, ਗੁਰਦਾਸ ਸੇਖੋਂ, ਭੂਸ਼ਣ ਕੁਮਾਰ, ਹਰਜੀਵਨ ਸਿੰਘ, ਮੰਗਤ ਸਿੰਘ, ਸਤਨਾਮ ਸਿੰਘ, ਜਤਿੰਦਰ ਸਿੰਘ, ਰਣਜੀਤ ਸਿੰਘ, ਮਨਜੀਤ ਸਿੰਘ ਕਣਕਵਾਲ ਚਹਿਲਾਂ, ਮਨਜੀਤ ਸਿੰਘ ਤੇ ਸਤਨਾਮ ਸਿੰਘ ਮੌਜੂਦ ਸਨ।

# ਜੰਗ ਲਈ ਅਭਿਆਸ: ਬਠਿੰਡਾ ਤੇ ਫ਼ਾਜ਼ਿਲਕਾ ’ਚ ਮੁਕੰਮਲ ਬਲੈਕ ਆਊਟ

## ਸ਼ਹਿਰਾਂ ’ਚ ਬੰਦ ਰਹੀਆਂ ਬੱਤੀਆਂ; ਦਿਨ ਵੇਲੇ ਮੌਕ ਡਰਿੱਲਾਂ; ਲੋਕਾਂ ਨੂੰ ਹੰਗਾਮੀ ਸਥਿਤੀ ਨਾਲ ਨਜਿੱਠਣ ਬਾਰੇ ਦੱਸਿਆ

ਬਠਿੰਡਾ/ਫ਼ਾਜ਼ਿਲਕਾ, 8 ਮਈ (ਪੱਤਰ ਪ੍ਰੇਰਕ)–ਭਵਿੱਖ ’ਚ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਅੱਜ ਇਥੇ ਰੇਲਵੇ ਸਟੇਸ਼ਨ, ਮਿੱਤਲ ਮਾਲ ਅਤੇ ਨੈਸ਼ਨਲ ਫਰਟੀਲਾਈਜ਼ਰ ਲਿਮਟਿਡ (ਐੱਨਐੱਫਐੱਲ) ਵਿੱਚ ਮੌਕ ਡਰਿੱਲ ਅਭਿਆਸ ਕਰਵਾਏ ਗਏ। ਇਸੇ ਦੌਰਾਨ ਪ੍ਰਸ਼ਾਸਨ ਵੱਲੋਂ ਅੱਜ ਦੇਰ ਸ਼ਾਮ ਨੂੰ ਬਲੈਕ ਆਊਟ ਕੀਤਾ ਗਿਆ। ਇਸ ਕਵਾਇਦ ਦੌਰਾਨ ਬਿਜਲੀ ਦੀਆਂ ਬੱਤੀਆਂ ਤੋਂ ਲੈ ਕੇ ਲਾਲਟੈਣ, ਮੋਮਬੱਤੀਆਂ ਦੀ ਰੌਸ਼ਨੀ ਨੂੰ ਪਰਦੇ ’ਚ ਕੈਦ ਕੀਤਾ ਗਿਆ। ਬਲੈਕ ਆਊਟ ਦਾ ਸਾਇਰਨ ਵੱਜਦਿਆਂ ਹੀ ਤਜੀਵਜ਼ਸ਼ੁਦਾ ਪ੍ਰੋਗਰਾਮ ਅਧੀਨ ਬੱਤੀਆਂ ਬੁਝਾ ਦਿੱਤੀਆਂ ਗਈਆਂ। ਰੌਸ਼ਨੀ ਗੁੱਲ ਹੋਣ ਕਰਕੇ ਚੁਫ਼ੇਰੇ ਅੰਧਕਾਰ ਪਸਰ ਗਿਆ। ਪ੍ਰਸ਼ਾਸਨਿਕ ਅਧਿਕਾਰੀਆਂ ਅਨੁਸਾਰ ਵਤਨ ’ਤੇ ਕਿਸੇ ਵੀ ਸੰਭਾਵਿਤ ਖ਼ਤਰੇ ਨਾਲ ਨਜਿੱਠਣ ਲਈ ਅਜਿਹਾ ਕਰਨਾ ਰਣਨੀਤੀ ਦੇ ਅਧਿਕਾਰ ਖੇਤਰ ’ਚ ਆਉਂਦਾਹੈ। ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਅਭਿਆਸ ਦੇ ਸਫ਼ਲ ਹੋਣ ਦਾ ਦਾਅਵਾ ਕਰਦਿਆਂ ਦੱਸਿਆ ਕਿ ਇਹ ਸਿਰਫ ਇੱਕ ਅਭਿਆਸ ਪ੍ਰਕਿਰਿਆ ਹੈ, ਜੋ ਫੰਕਸ਼ਨਲਟੀ ਅਤੇ ਸਾਊਂਡ ਚੈੱਕ ਕਰਨ ਲਈ ਕੀਤਾ ਗਿਆ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਅਜਿਹੇ ਅਭਿਆਸਾਂ ਤੋਂ ਕਿਸੇ ਵੀ ਤਰ੍ਹਾਂ ਡਰਨ ਜਾਂ ਘਬਰਾਉਣ ਦੀ ਜ਼ਰੂਰਤ ਨਹੀਂ। ਉਨ੍ਹਾਂ ਕਿਹਾ ਕਿ ਅੱਜ ਦੇ ਮੌਕ ਡਰਿੱਲ ਦਾ ਉਦੇਸ਼ ਭਵਿੱਖ ਵਿੱਚ ਸੰਕਟ ਕਾਲ ਨਾਲ ਕਿਵੇਂ ਨਜਿੱਠਣਾ ਹੈ। ਉਨ੍ਹਾਂ ਦੱਸਿਆ ਕਿ ਇਸ ਅਭਿਆਸ ਪ੍ਰਕਿਰਿਆ ਦੌਰਾਨ ਸਿਵਲ ਡਿਫੈਂਸ, ਮੈਡੀਕਲ ਟੀਮਾਂ, ਸਿਵਲ ਅਤੇ ਪੁਲੀਸ ਵਿਭਾਗ ਦੇ ਕਰਮਚਾਰੀਆਂ ਨੂੰ ਇਹ ਟਰੇਨਿੰਗ ਦਿੱਤੀ ਗਈ ਕਿ ਜੇਕਰ ਕੋਈ ਸੰਕਟ ਆਉਂਦਾਹੈ, ਤਾਂ ਘਬਰਾਉਣ ਦੀ ਜ਼ਰੂਰਤ ਨਹੀਂ। ਪ੍ਰਸ਼ਾਸਨ ਨੇ ਦਾਅਵਾ ਕੀਤਾ ਕਿ ਦੇਸ਼ ਦੇ ਬਾਸ਼ਿੰਦਿਆਂ ਨੇ ਇਸ ਪ੍ਰੈਕਟਿਸ ’ਚ ਖ਼ੁਸ਼ੀ-ਖ਼ੁਸ਼ੀ ਹਿੱਸਾ ਪਾਇਆ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਵਿੱਖ ਵਿੱਚ ਜਦੋਂ ਵੀ ਅਜਿਹਾ ਸਾਇਰਨ ਵੱਜੇ ਤਾਂ ਉਸ ਤੋਂ ਬਾਅਦ ਆਮ ਜਨਤਾ ਕੋਲੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਇਹ ਆਵਾਜ਼ ਸੁਣਦੇ ਸਾਰ ਉੱਚੀਆਂ ਇਮਾਰਤਾਂ ਵਿੱਚੋਂ ਨਿੱਕਲ ਕੇ ਕਿਸੇ ਜ਼ਮੀਨ ਜਾਂ ਜ਼ਮੀਨਦੋਜ਼ ਟਿਕਾਣੇ ਉੱਤੇ ਪਹੁੰਚ ਜਾਣ। ਉਨ੍ਹਾਂ ਕਿਹਾ ਕਿ ਜੇਕਰ ਨੇੜੇ ਕੋਈ ਛੱਤ ਨਹੀਂ ਹੈ, ਤਾਂ ਉਹ ਦਰੱਖਤ ਦੇ ਹੇਠਾਂ ਬੈਠ ਜਾਣ। ਉਨ੍ਹਾਂ ਕਿਹਾ ਕਿ ਸਾਇਰਨ ਵੱਜਣ ਸਮੇਂ ਜੋ ਲੋਕ ਇਮਾਰਤਾਂ ਵਿੱਚ ਰਹਿ ਰਹੇ ਹੋਣ, ਉਹ ਖਿੜਕੀਆਂ ਅਤੇ ਖਾਸ ਕਰਕੇ ਸ਼ੀਸ਼ੇ ਤੋਂ ਦੂਰ ਰਹਿਣ। ਇਸ ਰੁਝਾਨ ਦਾ ਖਾਸ ਪੱਖ ਇਹ ਵੇਖਣ ਨੂੰ ਮਿਲਿਆ ਕਿ ਅਤੀਤ ਦੌਰਾਨ ਇਸ ਕਵਾਇਦ ਨਾਲ ਵਾ-ਬਸਤਾ ਰਹੇ ਵਡੇਰੀ ਉਮਰ ਦੇ ਵਿਅਕਤੀਆਂ ਲਈ ਇਹ ਅਮਲ ਸਹਿਜ ਸੀ, ਜਦ ਕਿ ਨਵੀਂ ਉਮਰ ਦੇ ਨੌਜਵਾਨਾਂ ਅਤੇ ਬੱਚਿਆਂ ਲਈ ਇਹ ਕਿਸੇ ਅਚੰਭੇ ਤੋਂ ਘੱਟ ਨਹੀਂ ਸੀ। ਛੋਟੀ ਉਮਰ ਵਾਲਿਆਂ ਨੇ ਇਸ ਕਾਰਵਾਈ ਨੂੰ ਚਾਈਂ-ਚਾਈਂ ਮਾਣਿਆ। ਇਸੇ ਦੌਰਾਨ ਅੱਜ ਫਾਜ਼ਿਲਕਾ ਜ਼ਿਲ੍ਹੇ ਵਿੱਚ ਹਵਾਈ ਹਮਲੇ ਸਮੇਂ ਆਪਣੇ ਆਪ ਨੂੰ ਸੁਰੱਖਿਤ ਰੱਖਣ ਦੇ ਅਭਿਆਸ ਤਹਿਤ ਮੌਕ ਡਰਿੱਲ ਕੀਤੀ ਗਈ। ਇਸ ਸਬੰਧ ਵਿੱਚ ਵੱਖ-ਵੱਖ ਥਾਵਾਂ ਤੇ 4 ਵਜੇ ਇੱਕ ਸਾਇਰਨ ਵਜਾਇਆ ਗਿਆ, ਜਿਸ ਤੋਂ ਬਾਅਦ ਇਹ ਅਭਿਆਸ ਸ਼ੁਰੂ ਹੋਇਆ। ਇਹ ਅਭਿਆਸ ਅੱਧਾ ਘੰਟਾ ਚੱਲਿਆ ਅਤੇ ਸਾਢੇ 4 ਵਜੇ ਮੁੜ ਸਾਇਰਨ ਵੱਜਣ ਨਾਲ ਖ਼ਤਮ ਹੋ ਗਿਆ। ਇਸ ਦੌਰਾਨ ਦੱਸਿਆ ਗਿਆ ਕਿ ਜੇ ਹਵਾਈ ਹਮਲੇ ਦੌਰਾਨ ਤੁਸੀਂ ਖੁੱਲ੍ਹੇ ਵਿੱਚ ਹੋ ਤਾਂ ਜਲਦੀ ਤੋਂ ਜਲਦੀ ਕਿਸੇ ਇਮਾਰਤ ਦੇ ਅੰਦਰ ਚਲੇ ਜਾਓ। ਜੇਕਰ ਬਹੁ ਮੰਜ਼ਿਲਾ ਇਮਾਰਤ ਵਿੱਚ ਹੋਵੋ ਤਾਂ ਧਰਾਤਲ ਮੰਜ਼ਿਲ ’ਤੇ ਰਹੋ। ਇਸ ਦੌਰਾਨ ਲਾਈਟਾਂ ਬੰਦ ਰੱਖੋ ਅਤੇ ਕੋਈ ਵੀ ਰੌਸ਼ਨੀ ਨਾ ਕਰੋ। ਜੇਕਰ ਤੁਹਾਡੇ ਨੇੜੇ ਇਮਾਰਤ ਨਹੀਂ ਹੈ ਤਾਂ ਕਿਸੇ ਦਰੱਖਤ ਦੇ ਥੱਲੇ ਓਟ ਲਵੋ। ਜੇਕਰ ਵਾਹਨ ਚਲਾ ਰਹੇ ਹੋ ਤਾਂ ਵਾਹਣ ਛੱਡ ਕੇ ਸੁਰੱਖਿਅਤ ਥਾਂ ’ਤੇ ਜਾਓ। ਜੇ ਓਟ ਲੈਣ ਲਈ ਕੋਈ ਥਾਂ ਨਹੀਂ ਹੈ ਤਾਂ ਧਰਤੀ ’ਤੇ ਛਾਤੀ ਦੇ ਭਾਰ ਲੇਟ ਜਾਓ ਅਤੇ ਆਪਣੀਆਂ ਉਂਗਲਾਂ ਨਾਲ ਕੰਨ ਬੰਦ ਕਰ ਲਓ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਡਾ ਮਨਦੀਪ ਕੌਰ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਖਤਰੇ ਮੌਕੇ ਹਦਾਇਤਾਂ ਦਾ ਪਾਲਣ ਕੀਤਾ ਜਾਵੇ। ਇਸ ਦੌਰਾਨ ਫਾਜ਼ਿਲਕਾ ’ਚ ਰਾਤ 10 ਤੋਂ 10:30 ਵਜੇ ਤੱਕ ਬਲੈਕ ਆਊਟ ਦੀ ਰਿਹਰਸਲ ਕੀਤੀ ਗਈ। ਇਸ ਦੌਰਾਨ ਲਾਈਟਾਂ ਬੰਦ ਰੱਖੀਆਂ ਗਈਆਂ ਅਤੇ ਘਰ ਵਿੱਚ ਇਨਵਰਟਰ-ਜੈਨਰੇਟਰ ਜਾਂ ਕਿਸੇ ਵੀ ਹੋਰ ਤਰ੍ਹਾਂ ਦੀ ਲਾਈਟ ਨਹੀਂ ਜਗਾਈ ਗਈ। ਦੇਸ਼ ਨਾਲ ਇੱਕ ਜੁੱਟਤਾ ਦਿਖਾਉਣ ਲਈ ਫਾਜ਼ਿਲਕਾ ਸਮੂਹ ਵਾਸੀਆਂ ਨੇ ਇਸ ਬਲੈਕ ਆਊਟ ਰਿਹਰਸਲ ਦਾ ਪੂਰਾ ਸਾਥ ਦਿੱਤਾ। ਜਦੋਂ ਸਾਇਰਨ ਦੀ ਆਵਾਜ਼ ਆਈ ਤਾਂ ਲੋਕਾਂ ਨੇ ਤੁਰੰਤ ਆਪਣੇ ਘਰਾਂ ਦੀਆਂ ਲਾਈਟਾਂ ਮੁਕੰਮਲ ਬੰਦ ਕਰ ਦਿੱਤੀਆਂ।

ਕੋਟਕਪੂਰਾ (ਪੱਤਰ ਪ੍ਰੇਰਕ)–ਯੁੱਧ ਵਰਗੇ ਬਣ ਰਹੇ ਹਾਲਾਤ ਦੇ ਮੱਦੇਨਜ਼ਰ ਆਮ ਨਾਗਰਿਕਾਂ ਨੂੰ ਹਵਾਈ ਹਮਲੇ ਤੋਂ ਬਚਾਉਣ ਅਤੇ ਜਾਣਕਾਰੀ ਦੇਣ ਲਈ ਜ਼ਿਲ੍ਹਾ ਪੱਧਰੀ ਮੌਕ ਡਰਿੱਲ ਇਥੋਂ ਦੇ ਨਗਰ ਕੌਂਸਲ ਦਫਤਰ ਵਿੱਚ ਕੀਤੀ ਗਈ। ਸਿਵਲ ਡਿਫੈਂਸ ਕੀਤੇ ਗਏ ਸਮਾਗਮ ਵਿੱਚ ਦੋ ਤਰ੍ਹਾਂ ਦਾ ਸਾਇਰਨ ਵਜਾਇਆ ਗਿਆ ਅਤੇ ਦੋਵਾਂ ਬਾਰੇ ਜਾਣਕਾਰੀ ਦਿੱਤੀ ਗਈ। ਸਿਵਲ ਡਿਫੈਂਸ ਦੇ ਕੈਪਟਨ ਨਿਰਮਲ ਸਿੰਘ ਅਤੇ ਸਹਾਇਕ ਕੈਪਟਨ ਦਵਿੰਦਰ ਨੀਟੂ ਨੇ ਦੱਸਿਆ ਕਿ ਆਮ ਮੌਕ ਡਰਿਲ ਰਾਹੀ ਆਮ ਜਨਤਾ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਅਗਰ ਅਣਸੁਖਾਵੇਂ ਹਾਲਾਤ ਬਣਦੇ ਹਨ ਕਿ ਇਨ੍ਹਾਂ ਤੋਂ ਕਿਸ ਤਰ੍ਹਾਂ ਆਪਣੇ ਆਪ ਨੂੰ ਬਚਾਉਣਾ ਅਤੇ ਲੋਕਾਂ ਦੀ ਮਦਦ ਕਰਨਾ ਹੈ। ਇਸੇ ਦੌਰਾਨ ਸਿਰਸਾ ’ਚ ਨਾਗਰਿਕਾਂ ਦੀ ਸੁਰੱਖਿਆ ਅਤੇ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਦੀ ਤਿਆਰੀ ਦੀ ਜਾਂਚ ਕਰਨ ਲਈ ਅੱਜ ਮੌਕ ਡਰਿੱਲ ਕੀਤੀ ਗਈ। ਜ਼ਿਲ੍ਹੇ ਵਿੱਚ ਸਿਵਲ ਡਿਫੈਂਸ ਮੌਕ ਡਰਿੱਲ ਦਾ ਉਦੇਸ਼ ਸਿਵਲ ਡਿਫੈਂਸ ਵਿਧੀ ਅਤੇ ਐਮਰਜੈਂਸੀ ਹਾਲਾਤਾਂ ਨਾਲ ਨਜਿਠਣਾ ਹੈ। ਡਿਪਟੀ ਕਮਿਸ਼ਨਰ ਸ਼ਾਂਤਨੂ ਸ਼ਰਮਾ ਨੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ।

# ਕੌਂਸਲ ਪ੍ਰਧਾਨ ਵੱਲੋਂ ਸੀਵਰੇਜ ਦੀ ਸਮੱਸਿਆ ਹੱਲ ਕਰਨ ਦਾ ਐਲਾਨ

## ਕਾਰਪੇਂਟਰ ਵੈੱਲਫੇਅਰ ਐਸੋਸੀਏਸ਼ਨ ਨੇ ਭੁਪਿੰਦਰ ਨਹਿਲ ਦਾ ਸਨਮਾਨ ਕੀਤਾ

ਸੰਗਰੂਰ, 8 ਮਈ (ਪੱਤਰ ਪ੍ਰੇਰਕ)–ਭਾਈ ਲਾਲੋ ਕਾਰਪੇਂਟਰ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਦੇ ਪ੍ਰਧਾਨ ਸੁਖਵਿੰਦਰ ਸਿੰਘ, ਖਜ਼ਾਨਚੀ ਮੱਖਣ ਸਿੰਘ ਅਤੇ ਸਕੱਤਰ ਸ਼ਰਨਜੀਤ ਸਿੰਘ ਸੈਲੀ ਦੀ ਅਗਵਾਈ ਹੇਠ ਨਗਰ ਕੌਂਸਲ ਦੇ ਨਵ-ਨਿਯੁਕਤ ਪ੍ਰਧਾਨ ਭੁਪਿੰਦਰ ਸਿੰਘ ਨਹਿਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਕਿਹਾ ਕਿ ਸ਼ਹਿਰ ਦੀ ਨਗਰ ਕੌਂਸਲ ਵਿਚ ਲੰਮੇ ਸਮੇਂ ਤੋਂ ਕਮੇਟੀ ਨਾਲ ਬਣਨ ਕਾਰਨ ਸ਼ਹਿਰ ਦੇ ਵਿਕਾਸ ਕਾਰਜ ਰੁਕੇ ਹੋਏ ਸਨ। ਸ਼ਹਿਰ ਦੀ ਸਾਫ਼ ਸਫ਼ਾਈ, ਸੀਵਰੇਜ ਅਤੇ ਸੜਕਾਂ ਦਾ ਕੰਮ ਰੁਕਿਆ ਪਿਆ ਸੀ। ਹੁਣ ਨਗਰ ਕੌਂਸਲ ’ਚ ਨਵੀਂ ਕਮੇਟੀ ਬਣਨ ਨਾਲ ਅਤੇ ਨੌਜਵਾਨ ਆਗੂ ਭੁਪਿੰਦਰ ਸਿੰਘ ਨਹਿਲ ਨੂੰ ਪ੍ਰਧਾਨ ਬਣਾਉਣ ਕਾਰਨ ਸ਼ਹਿਰ ਦੇ ਵਿਕਾਸ ਵਿਚ ਤੇਜ਼ੀ ਆਵੇਗੀ ਅਤੇ ਸ਼ਹਿਰ ਵਿਚ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਭੁਪਿੰਦਰ ਸਿੰਘ ਨਹਿਲ ਨੇ ਭਰੋਸਾ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਂਦੇਹੋਏ ਸ਼ਹਿਰ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਨ੍ਹਾਂ ਸ਼ਹਿਰ ਵਾਸੀਆਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਉਹ ਸਾਰੇ ਕੌਂਸਲਰ ਸਾਥੀਆਂ ਨੂੰ ਨਾਲ ਲੈ ਕੇ ਬਗੈਰ ਕਿਸੇ ਭੇਦ ਭਾਵ ਤੋਂ ਹਰ ਵਾਰਡ ਦਾ ਕੰਮ ਕਰਾਉਣਗੇ ਅਤੇ ਸਫ਼ਾਈ,



ਸੀਵਰੇਜ ਅਤੇ ਵਾਟਰ ਸਪਲਾਈ ਦੀ ਸਮੱਸਿਆ ਨੂੰ ਪਹਿਲ ਦੇ ਆਧਾਰ ’ਤੇ ਹੱਲ ਕਰਾਉਣਗੇ। ਇਸ ਮੌਕੇ ਅਮਰ ਸਿੰਘ, ਜਗਤਾਰ ਸਿੰਘ, ਸਵਰਨ ਸਿੰਘ, ਨਿਰਭੈ ਸਿੰਘ, ਅਵਤਾਰ ਸਿੰਘ, ਗੁਰਪਿੰਦਰ ਸਿੰਘ ਪ੍ਰੀਤਮ ਸਿੰਘ ਧਨਦੇਵ ਸਿੰਘ, ਹਰਦਮ ਸਿੰਘ ਤੇ ਪਰਵਿੰਦਰ ਸਿੰਘ, ਆਦਿ ਹਾਜ਼ਰ ਸਨ।

## ਨਸ਼ੀਲੀਆਂ ਗੋਲੀਆਂ ਤੇ ਹੈਰੋਇਨ ਸਣੇ ਪੰਜ ਕਾਬੂ

ਕਪੂਰਥਲਾ, 8 ਮਈ (ਪੱਤਰ ਪ੍ਰੇਰਕ)– ਕਪੂਰਥਲਾ ਪੁਲੀਸ ਨੇ ਪੰਜ ਵੱਖ ਵੱਖ ਵਿਅਕਤੀਆਂ ਨੇ ਕਾਬੂ ਕਰਕੇ ਨਸ਼ੀਲੀਆਂ ਗੋਲੀਆਂ ਤੇ ਹੈਰੋਇਨ ਸਣੇ ਕਾਬੂ ਕਰਕੇ ਐੱਨਡੀਪੀਐੱਸ ਐਕਟ ਤਹਿਤ ਕੇਸ ਦਰਜ ਕੀਤਾ ਹੈ। ਸਿਟੀ ਪੁਲੀਸ ਨੇ ਭਾਰਤ ਭੂਸ਼ਨ ਉਰਫ਼ ਸੋਨੂੰ ਵਾਸੀ ਮੁਹੱਲਾ ਸ਼ੇਰਗੜ੍ਹ ਨੂੰ ਕਾਬੂ ਕਰਕੇ ਉਸ ਕੋਲੋਂ 90 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਰਾਵਲਪਿੰਡੀ ਪੁਲੀਸ ਨੇ ਰਵਿੰਦਰ ਵਾਸੀ ਲੱਖਪੁਰ ਨੂੰ ਮੋਟਰਸਾਈਕਲ ’ਤੇ ਆ ਰਹੇ ਇੱਕ ਨੌਜਵਾਨ ਨੂੰ ਕੋਲੋਂ ਤਲਾਸ਼ੀ ਦੌਰਾਨ 20 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ। ਸੁਭਾਨਪੁਰ ਪੁਲੀਸ ਨੇ ਸੁਖਵੰਤ ਸਿੰਘ ਉਰਫ਼ ਕਿੰਦਰ ਵਾਸੀ ਪਿੰਡ ਬੂਟ ਨੂੰ ਕਾਬੂ ਕਰਕੇ ਉਸ ਕੋਲੋਂ 55 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਸਦਰ ਕਪੂਰਥਲਾ ਨੇ ਜਤਿੰਦਰਪਾਲ ਉਰਫ਼ ਗੱਦੋ ਵਾਸੀ ਕਾਲਾ ਸੰਘਿਆ ਤੇ ਤੀਰਥ ਉਰਫ਼ ਬਾਬੂ ਵਾਸੀ ਕਲੋਨੀ ਕਾਲਾ ਸੰਘਿਆ ਨੂੰ ਕਾਬੂ ਕਰਕੇ ਉਸ ਕੋਲੋਂ 21 ਗ੍ਰਾਮ ਹੈਰੋਇਨ ਤੇ 60 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ।

## ਰਿਫਾਇਨਰੀ ਕਾਮੇ ਦੀ ਸ਼ੱਕੀ ਹਾਲਤ ’ਚ ਲਾਸ਼ ਮਿਲੀ

ਭੁੱਚੋ ਮੰਡੀ, 8 ਮਈ (ਪੱਤਰ ਪ੍ਰੇਰਕ)–ਪਿੰਡ ਚੱਕ ਫ਼ਤਿਹ ਸਿੰਘ ਵਾਲਾ ਵਿੱਚ ਰਾਏ ਖਾਨਾ ਸੜਕ ’ਤੇ ਇੱਕ ਖੇਤੀ ਮੋਟਰ ਦੇ ਬਰਾਂਡੇ ’ਚੋਂ 32 ਸਾਲਾ ਨੌਜਵਾਨ ਦੀ ਸ਼ੱਕੀ ਹਾਲਤ ਵਿੱਚ ਲਾਸ਼ ਮਿਲੀ ਹੈ। ਉਸ ਦੇ ਸਿਰ ਅਤੇ ਸਰੀਰ ’ਤੇ ਸੱਟਾਂ ਦੇ ਨਿਸ਼ਾਨ ਸਨ ਅਤੇ ਉਸ ਦਾ ਮੋਟਰਸਾਈਕਲ ਉਸ ਦੇ ਕੋਲ ਖੜ੍ਹਾ ਮਿਲਿਆ ਹੈ। ਮ੍ਰਿਤਕ ਦੀ ਪਛਾਣ ਰਣਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਮਾਈਸਰਖਾਨਾ ਵਜੋਂ ਹੋਈ ਹੈ। ਪੁਲੀਸ ਨੇ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਬੀਐੱਨਐੱਸ 103 (1) 3 (5) ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਨੌਜਵਾਨ ਦੇ ਘਰ 16 ਮਹੀਨਿਆਂ ਦੀ ਬੱਚੀ ਹੈ। ਮ੍ਰਿਤਕ ਰਣਜੀਤ ਸਿੰਘ ਦੇ ਪਿਤਾ ਦਰਸ਼ਨ ਸਿੰਘ ਨੇ ਪੁਲੀਸ ਨੂੰ ਲਿਖਵਾਏ ਬਿਆਨ ਵਿੱਚ ਕਿਹਾ ਕਿ ਉਸ ਦਾ ਪੁੱਤਰ ਰਣਜੀਤ ਸਿੰਘ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਰਾਮਾ ਮੰਡੀ ਵਿੱਚ ਮਜ਼ਦੂਰੀ ਕਰਦਾ ਸੀ। ਕੱਲ੍ਹ ਸ਼ਾਮੀਂ ਉਹ 4 ਵਜੇ ਘਰ ਆ ਗਿਆ ਸੀ ਅਤੇ 5 ਵਜੇ ਕੰਮਕਾਰ ਲਈ ਮੌੜ ਜਾਣ ਦਾ ਕਹਿ ਕੇ ਚਲਾ ਗਿਆ ਪਰ ਉਹ ਵਾਪਸ ਨਾ ਆਇਆ। ਪੜਤਾਲ ਕਰਨ ’ਤੇ ਅੱਜ ਉਸ ਦੀ ਲਾਸ਼ ਮੋਟਰ ਦੇ ਬਰਾਂਡੇ ਵਿੱਚ ਪਈ ਮਿਲੀ ਹੈ। ਉਨ੍ਹਾਂ ਕਿਹਾ ਕਿ ਸੱਟਾਂ ਤੋਂ ਸਾਬਤ ਹੁੰਦਾ ਹੈ ਕਿ ਉਸ ਦਾ ਕਿਸੇ ਨੇ ਕਤਲ ਕੀਤਾ ਹੈ।

# ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾਉਣ ਲੱਗੇ ਸਰਕਾਰੀ ਸਕੂਲ: ਰਹਿਮਾਨ

## ਵਿਧਾਇਕ ਵੱਲੋਂ ਤਿੰਨ ਸਕੂਲਾਂ ਵਿੱਚ 11.75 ਲੱਖ ਦੇ ਵਿਕਾਸ ਕਾਰਜਾਂ ਦਾ ਉਦਘਾਟਨ

ਮਾਲੇਰਕੋਟਲਾ, 8 ਮਈ (ਪੱਤਰ ਪ੍ਰੇਰਕ)–ਮੁੱਖ ਮੰਤਰੀ ਭਗਵੰਤ ਮਾਨ ਦੀ



ਅਗਵਾਈ ਹੇਠ ਸ਼ੁਰੂ ਹੋਈ ’ਪੰਜਾਬ ਸਿੱਖਿਆ ਕ੍ਰਾਂਤੀ’ ਤਹਿਤ ਵਿਧਾਇਕ ਡਾ. ਜਮੀਲ-ਉਰ-ਰਹਿਮਾਨ ਵੱਲੋਂ ਹਲਕੇ ਦੇ ਤਿੰਨ ਸਰਕਾਰੀ ਸਕੂਲਾਂ ਵਿੱਚ 11.75 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਵੱਖ-ਵੱਖ ਸਿੱਖਿਆ ਪ੍ਰਾਜੈਕਟ ਲੋਕ ਅਰਪਣ ਕੀਤੇ ਗਏ। ਇਨ੍ਹਾਂ ਪ੍ਰਾਜੈਕਟਾਂ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਸਿਕੰਦਰਪੁਰਾ ਵਿੱਚ 4.63 ਲੱਖ 65 ਰੁਪਏ ਦੀ ਲਾਗਤ ਨਾਲ ਚਾਰਦੀਵਾਰੀ, ਸਰਕਾਰੀ ਮਿਡਲ ਸਕੂਲ ਸਿਕੰਦਰਪੁਰਾ ਵਿੱਚ 3.70 ਲੱਖ ਰੁਪਏ ਦੀ ਲਾਗਤ ਨਾਲ ਪਖਾਨੇ ਦੀ ਮੁਰੰਮਤ ਅਤੇ ਚਾਰਦੀਵਾਰੀ, ਸਰਕਾਰੀ ਮਿਡਲ ਸਕੂਲ ਅਹਿਮਦਪੁਰ ਵਿੱਚ 3.40 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਸ਼ਾਮਲ ਹੈ। ਵੱਖ ਵੱਖ ਸਕੂਲਾਂ ਵਿਚ ਕਰਵਾਏ ਵਿਸ਼ੇਸ਼ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਡਾ. ਜਮੀਲ-ਉਰ-ਰਹਿਮਾਨ ਨੇ ਕਿਹਾ ਕਿ ਸੂਬੇ ਦੇ 12 ਹਜ਼ਾਰ ਸਰਕਾਰੀ ਸਕੂਲਾਂ ਵਿੱਚ ਇਤਿਹਾਸਕ ਇਨਕਲਾਬ ਦੀ ਸ਼ੁਰੂਆਤ ਹੋਈ ਹੈ ਅਤੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਿੱਖਿਆ ਦੇ ਖੇਤਰ ਵਿੱਚ 12 ਫ਼ੀਸਦੀ ਬਜਟ ਦਾ ਵਾਧਾ ਕਰਕੇ ਇਤਿਹਾਸ ਸਿਰਜਿਆ ਹੈ। ਅੱਜ ਪੰਜਾਬ ਦੇ ਸਰਕਾਰੀ ਸਕੂਲ ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾਉਂਦੇਹਨ ਅਤੇ ਸਕੂਲ ਆਫ਼ ਐਮੀਨੈਂਸ ਤੇ ਸਕੂਲ ਆਫ਼ ਹੈਪੀਨੈੱਸ ਦੇ ਵਿਦਿਆਰਥੀਆਂ ਨੂੰ ਆਈਏਐੱਸ, ਆਈਪੀਐੱਸ, ਪੀਸੀਐੱਸ ਤੇ ਆਈਆਈਟੀ ਆਦਿ ਉੱਚ ਵਿਸ਼ਿਆਂ ਸਬੰਧੀ ਸਿੱਖਿਆ ਪ੍ਰਦਾਨ ਕਰਕੇ ਉਨ੍ਹਾਂ ਦਾ ਭਵਿੱਖ ਉੱਜਵਲ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਪੂਰੀ ਕਰਨ ਲਈ ਕਰੀਬ 20 ਹਜ਼ਾਰ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ। ਇਸ ਮੌਕੇ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ। ਸਮਾਗਮਾਂ ਵਿਚ ਸੰਦੀਪ ਕੌਰ ਸਰਪੰਚ ਪਿੰਡ ਅਹਿਮਦਪੁਰ, ਯੋਗਿੰਦਰ ਸਿੰਘ ਸਰਪੰਚ ਪਿੰਡ ਸਿਕੰਦਰਪੁਰਾ, ਇੰਚਾਰਜ ਜਸਵੀਰ ਕੌਰ, ਇੰਚਾਰਜ ਕਮਲ ਚਹਿਲ, ਪ੍ਰਿੰਸੀਪਲ ਕਮਲੇਸ਼, ਪ੍ਰਿੰਸੀਪਲ ਰਜਿੰਦਰ ਕੁਮਾਰ ਅਤੇ ਬੀਪੀਈਓ ਸੋਹਣ ਸਿੰਘ ਤੋਂ ਇਲਾਵਾ ਸਕੂਲਾਂ ਦੇ ਵਿਦਿਆਰਥੀ ਅਤੇ ਮਾਪੇ ਵੀ ਮੌਜੂਦ ਸਨ।

# ਸਰਹੱਦ ’ਤੇ ਤਣਾਅ ਕਾਰਨ ਲੋਕਾਂ ਨੂੰ ਜੰਗ ਲੱਗਣ ਦਾ ਡਰ

## ਰਾਸ਼ਨ ਵਾਲੀਆਂ ਦੁਕਾਨਾਂ ਤੇ ਏਟੀਐੱਮਜ਼ ਅੱਗੇ ਭੀੜ; ਪਰਵਾਸੀ ਮਜ਼ਦੂਰਾਂ ਵੱਲੋਂ ਵਾਪਸੀ ਦੀ ਤਿਆਰੀ

ਮਾਨਸਾ, 8 ਮਈ (ਪੱਤਰ ਪ੍ਰੇਰਕ)–ਪਹਿਲਗਾਮ ਹਮਲੇ ਦੇ ਬਦਲੇ ਵਜੋਂ ਭਾਰਤ ਵੱਲੋਂ ਅਪਰੇਸ਼ਨ ਸਿੰਦੂਰ ਤਹਿਤ ਪਾਕਿਸਤਾਨ ਸਥਿਤ ਦਹਿਸ਼ਤੀ ਟਿਕਾਣਿਆਂ ’ਤੇ ਕੀਤੇ ਗਏ ਹਮਲੇ ਤੋਂ ਬਾਅਦ ਮਾਲਵਾ ਖੇਤਰ ਦੇ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਵਿੱਚ ਜੰਗ ਦਾ ਡਰ ਪੈਦਾ ਹੋ ਗਿਆ ਹੈ। ਏਅਰ ਸਟਰਾਇਕ ਦੌਰਾਨ ਬਠਿੰਡਾ ਨੇੜੇ ਪਿੰਡ ਆਕਲੀਆ ਖੁਰਦ ਦੇ ਖੇਤਾਂ ਵਿੱਚ ਅੱਧੀ ਰਾਤ ਤੋਂ ਬਾਅਦ ਜੰਗੀ ਜਹਾਜ਼ ’ਚ ਧਮਾਕਾ ਹੋਣ ਦੀਆਂ ਸੂਚਨਾਵਾਂ ਜਿਉਂ ਹੀ ਦਿਨ ਚੜ੍ਹਦੇ ਨੂੰ ਪਿੰਡਾਂ ਵਿੱਚ ਪਹੁੰਚੀਆਂ ਤਾਂ ਨਾਲ ਲੋਕ ਸਹਿਮ ਗਏ। ਡਰ ਦੇ ਮਾਹੌਲ ਤਹਿਤ ਰਿਸ਼ਤੇਦਾਰੀਆਂ ਵਿੱਚ ਗਏ ਲੋਕ ਘਰਾਂ ਨੂੰ ਵਾਪਸੀ ਕਰਨ ਲੱਗੇ ਹਨ ਅਤੇ ਰਾਤ ਵੇਲੇ ਖੇਤਾਂ ਵਿੱਚ ਕੰਮ ਕਰਨ ਤੋਂ ਵੀ ਕਿਸਾਨ ਅਤੇ ਮਜ਼ਦੂਰ ਅੱਜ ਘਬਰਾਹਟ ਕਾਰਨ ਨਾ ਜਾਣ ਦੀ ਅਨੇਕਾਂ ਥਾਵਾਂ ਤੋਂ ਸੂਚਨਾ ਮਿਲੀ ਹੈ। ਪਿੰਡ ਫਫੜੇ ਭਾਈਕੇ ਦੇ ਸਾਬਕਾ ਸਰਪੰਚ ਇਕਬਾਲ ਸਿੰਘ ਸਿੱਧੂ



ਨੇ ਦੱਸਿਆ ਕਿ ਜੰਗ ਦੇ ਮਾਹੌਲ ਤੋਂ ਡਰ ਕੇ ਲੋਕਾਂ ਨੇ ਆਪਣੀ ਲੋੜ ਅਨੁਸਾਰ ਅੱਜ ਸੌਦਾ-ਪੱਤਾ ਖਰੀਦ ਕੇ ਘਰ ਰੱਖ ਲਿਆ ਹੈ। ਦੁਕਾਨਦਾਰਾਂ ਦਾ ਕਹਿਣਾ ਹੈ ਕਿ ਜੰਗ ਦੇ ਇਸ ਟਕਰਾਅ ਕਾਰਨ ਜ਼ਿਆਦਾਤਰ ਲੋਕਾਂ ਨੇ ਅੱਜ ਜ਼ਰੂਰਤ ਤੋਂ ਜ਼ਿਆਦਾ ਸਾਮਾਨ ਖਰੀਦ ਕੇ ਘਰ ਭਰ ਲਏ ਹਨ। ਜੰਗ ਦੇ ਡਰ ਕਾਰਨ ਪੈਟਰੋਲ ਪੰਪਾਂ ’ਤੇ ਅੱਜ ਤੇਲ ਪੁਆਉਣ ਵਾਲਿਆਂ ਦੀਆਂ ਲੰਬੀਆਂ ਲਾਈਨਾਂ ਲੱਗੀਆਂ ਰਹੀਆਂ। ਪੇਂਡੂ ਖੇਤਰ ਦੇ ਪੈਟਰੋਲ ਪੰਪਾਂ ਉਤੇ ਕਿਸਾਨਾਂ ਨੂੰ ਕਈ-ਕਈ ਢੋਲ ਡੀਜ਼ਲ ਦੇ ਭਰਵਾਉਂਦੇਹੋਏ ਵੇਖਿਆ ਗਿਆ, ਜਦੋਂ ਕਿ ਸ਼ਹਿਰਾਂ ਵਿੱਚ ਬੈਂਕਾਂ ਅਤੇ ਏਟੀਐੱਮ ’ਤੇ ਪੈਸੇ ਕਢਵਾਉਣ ਵਾਲਿਆਂ ਦੀਆਂ ਪਹਿਲੀ ਵਾਰ ਲੱਗੀਆਂ ਲਾਈਨਾਂ ਨੂੰ ਵੇਖਿਆ ਗਿਆ। ਪਿੰਡ ਭੈਣੀਬਾਘਾ ਦੇ ਕਿਸਾਨ ਗੋਰਾ ਸਿੰਘ ਅਤੇ ਮਹਿੰਦਰ ਸਿੰਘ ਨੇ ਦੱਸਿਆ ਕਿ ਜੰਗ ਦੇ ਇਸ ਡਰ ਕਾਰਨ ਜਿਹੜੇ ਪਰਵਾਸੀ ਮਜ਼ਦੂਰ ਕਣਕ ਦੀ ਵਾਢੀ ਲਈ ਪਿੰਡਾਂ ਵਿੱਚ ਆਏ ਹੋਏ ਸਨ, ਉਨ੍ਹਾਂ ਨੇ ਹੁਣ ਝੋਨਾ ਲਾਉਣ ਤੋਂ ਪਹਿਲਾਂ ਹੀ ਵਾਪਸੀ ਕਰਨ ਦੀ ਤਿਆਰੀ ਕਰ ਲਈ ਹੈ। ਬਿਹਾਰ, ਯੂਪੀ ਅਤੇ ਉਤਰਾਖੰਡ ਤੋਂ ਆਏ ਅਜਿਹੇ ਪਰਵਾਸੀ ਮਜ਼ਦੂਰ ਜੰਗ ਦੇ ਡਰ ਤੋਂ ਘਬਰਾ ਗਏ ਹਨ। ਮਾਨਸਾ ਦੇ ਦੁਕਾਨਦਾਰਾਂ ਦਸਰਥ ਰਾਏ, ਬੱਬੂ ਗੋਇਲ, ਮੁਨੀਸ਼ ਬਾਂਸਲ ਨੇ ਦੱਸਿਆ ਕਿ ਲੋਕਾਂ ਵਿੱਚ ਜੰਗ ਦੀ ਦਹਿਸ਼ਤ ਫੈਲੀ ਹੋਈ ਹੈ ਅਤੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕ ਅੱਜ ਸਮਾਨ ਖਰੀਦਣ ਤੋਂ ਤੁਰੰਤ ਬਾਅਦ ਘਰਾਂ ਨੂੰ ਜਾਣਾ ਬੇਹਤਰ ਸਮਝਣ ਲੱਗੇ ਹਨ। ਅੱਜ ਸ਼ਾਮ ਨੂੰ ਆਮ ਦੇ ਮੁਕਾਬਲੇ ਬਾਜ਼ਾਰ ਵਿੱਚ ਬਹੁਤ ਘੱਟ ਰੌਣਕ ਵੇਖਣ ਨੂੰ ਮਿਲੀ।

# ਠੇਕਾ ਮੁਲਾਜ਼ਮਾਂ ਵੱਲੋਂ ਬਿਜਲੀ ਮੰਤਰੀ ਨੂੰ ਮੰਗ ਪੱਤਰ



ਭੁੱਚੋ ਮੰਡੀ, 8 ਮਈ (ਪੱਤਰ ਪ੍ਰੇਰਕ)–ਜੀਐੱਚਟੀਪੀ ਕੰਟਰੈਕਟਰ ਵਰਕਰਜ਼ ਯੂਨੀਅਨ ਏਟਕ ਲਹਿਰਾ ਮੁਹੱਬਤ ਦੇ ਪ੍ਰਧਾਨ ਸੁਖਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਬੱਗਾ, ਮੀਤ ਪ੍ਰਧਾਨ ਮੱਖਣ ਸਿੰਘ, ਸਹਾਇਕ ਜਰਨਲ ਸਕੱਤਰ ਗੁਰਸੇਵਕ ਸਿੰਘ ਅਤੇ ਸਟੇਜ ਸਕੱਤਰ ਪਾਲ ਸਿੰਘ ਨੇ ਥਰਮਲ ਪਲਾਂਟ ਦੇ ਗੈਸਟ ਹਾਊਸ ਵਿੱਚ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੂੰ ਮੰਗ ਪੱਤਰ ਸੌਂਪਿਆ। ਉਨ੍ਹਾਂ ਮੰਗ ਕੀਤੀ ਕਿ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਤਜਰਬੇ ਦੇ ਆਧਾਰ ’ਤੇ ਪਿੱਤਰੀ ਵਿਭਾਗਾਂ ਵਿੱਚ ਪੱਕਾ ਕੀਤਾ ਜਾਵੇ, ਥਰਮਲ ਕਲੋਨੀ ਵਿੱਚ ਖਾਲੀ ਪਏ ਕੁਆਰਟਰ ਠੇਕਾ ਮੁਲਾਜ਼ਮਾਂ ਨੂੰ ਦਿੱਤੇ ਜਾਣ।

# ਮੱਲ੍ਹੇਸ਼ਾਹ ’ਚ ਸਿਲਾਈ ਸੈਂਟਰ ਦਾ ਉਦਘਾਟਨ



ਜ਼ੀਰਾ, 8 ਮਈ (ਪੱਤਰ ਪ੍ਰੇਰਕ)–ਸਮਾਜ ਸੇਵੀ ਸੰਸਥਾ ਸੇਵਾ ਭਾਰਤੀ ਜ਼ੀਰਾ ਵੱਲੋਂ ਪਿੰਡ ਮੱਲ੍ਹੇਸ਼ਾਹ ਵਿੱਚ 46ਵਾਂ ਸ੍ਰੀ ਗੁਰੂ ਨਾਨਕ ਦੇਵ ਸਿਲਾਈ ਕਢਾਈ ਸੈਂਟਰ ਖੋਲ੍ਹਿਆ ਗਿਆ, ਜਿਸ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਸੇਵਾਮੁਕਤ ਨਾਇਬ ਤਹਿਸੀਲਦਾਰ ਗੁਰਤੇਜ ਸਿੰਘ ਗਿੱਲ ਨੇ ਸਰਪ੍ਰਸਤ ਮਧੂ ਮਿੱਤਲ ਅਤੇ ਪ੍ਰਧਾਨ ਪ੍ਰੀਤਮ ਸਿੰਘ ਦੀ ਅਗਵਾਈ ਹੇਠ ਕੀਤਾ। ਕਿਰਨ ਗੌੜ, ਜਨਰਲ ਸਕੱਤਰ ਐੱਨਕੇ ਨਾਰੰਗ ਨੇ ਦੱਸਿਆ ਕਿ ਇਸ ਕੈਂਪ ਵਿੱਚ ਛੇ ਮਹੀਨੇ ਔਰਤਾਂ ਨੂੰ ਸਿਲਾਈ ਕਢਾਈ ਦੀ ਮੁਫਤ ਸਿਖਲਾਈ ਦਿੱਤੀ ਜਾਵੇਗੀ। ਇਸ ਮੌਕੇ ਗੁਰਤੇਜ ਗਿੱਲ, ਜਰਨੈਲ ਸਿੰਘ ਭੁੱਲਰ, ਅਸ਼ੋਕ ਕੁਮਾਰ ਪਲਤਾ ਤੇ ਗੁਰਦੁਆਰਾ ਸਾਹਿਬ ਵੱਲੋਂ ਲੋੜਵੰਦ ਔਰਤਾਂ ਨੂੰ ਇੱਕ-ਇੱਕ ਸਿਲਾਈ ਮਸ਼ੀਨ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਦੌਰਾਨ ਪਿੰਡ ਦੇ ਸਰਪੰਚ ਸ਼ਮਸ਼ੇਰ ਸਿੰਘ, ਲੈਕਚਰਾਰ ਨਰਿੰਦਰ ਸਿੰਘ, ਡਾ. ਸੁਖਜਿੰਦਰ ਸਿੰਘ, ਕੁਲਵੰਤ ਸਿੰਘ, ਬਲਦੇਵ ਸਿੰਘ, ਸੁਰਜੀਤ ਸਿੰਘ, ਰਣਧੀਰ ਸਿੰਘ ਬੱਬਲਪ੍ਰੀਤ ਸਿੰਘ, ਸੁਖਦੇਵ ਸਿੰਘ, ਪ੍ਰਤਾਪ ਸਿੰਘ ਹੀਰਾ, ਗੁਰਜੀਤ ਕੌਰ ਸ਼ੁਕਲ ਕਾਂਤਾ, ਬਲਦੇਵ ਸਿੰਘ ਮਹਿਤਾ, ਕੁਲਵੰਤ ਸਿੰਘ, ਸਿਲਾਈ ਅਧਿਆਪਕਾ ਪ੍ਰਵੀਨ ਕੌਰ, ਵੀਰਪਾਲ ਸ਼ਰਮਾ ਆਦਿ ਹਾਜ਼ਰ ਸਨ।

# ਮੋਗਾ ਦੀ ਅੱਵਲਪ੍ਰੀਤ ਕੌਰ ਕੈਨੇਡਾ ’ਚ ਵਕੀਲ ਬਣੀ

ਨਿਹਾਲ ਸਿੰਘ ਵਾਲਾ, 8 ਮਈ (ਪੱਤਰ ਪ੍ਰੇਰਕ)–ਮੋਗਾ ਦੀ ਜੰਮਪਲ



ਅਵਲਪ੍ਰੀਤ ਕੌਰ ਭੁੱਲਰ ਨੇ ਓਂਟਾਰੀਓ (ਕੈਨੇਡਾ) ਵਿੱਚ ਅਧਿਕਾਰਿਕ ਤੌਰ ’ਤੇ ਵਕੀਲ ਬਣ ਕੇ ਵਿਦੇਸ਼ ਵਿੱਚ ਮੋਗਾ ਨੂੰ ਰੌਸ਼ਨ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕਾਨੂੰਨ ਦੀ ਪੜ੍ਹਾਈ ਕਰਨ ਉਪਰੰਤ ਕੈਨੇਡਾ ਦੀ ਲਾਅ ਸੁਸਾਇਟੀ ਓਂਟਾਰੀਓ (ਐੱਲਐੱਸਓ) ਦੇ ਮਾਪਦੰਡ ਪੂਰੇ ਕਰਕੇ ਵਕੀਲ ਬਣਨ ਵਾਲੀ ਅੱਵਲਪ੍ਰੀਤ ਕੌਰ, ਸੇਵਾਮੁਕਤ ਕਾਰਜਸਾਧਕ ਅਫ਼ਸਰ ਬਲਜਿੰਦਰ ਸਿੰਘ ਭੁੱਲਰ ਅਤੇ ਹਰਜਿੰਦਰ ਕੌਰ ਦੀ ਬੇਟੀ ਹੈ। ਅੱਵਲਪ੍ਰੀਤ ਦੇ ਭਰਾ ਵੀਡੀਓ ਡਾਇਰੈਕਟਰ ਗੈਰੀ ਭੁੱਲਰ ਨੇ ਦੱਸਿਆ ਕਿ ਅੱਜ-ਕਲ੍ਹ ਅਵਲਪ੍ਰੀਤ ਕੌਰ ਭੁੱਲਰ ਬ੍ਰੈਂਪਟਨ, ਓਂਟਾਰੀਓ ਦੀ ਕੌਰਲਾ ਪ੍ਰੋਫੈਸ਼ਨਲ ਕਾਰਪੋਰੇਸ਼ਨ ਵਿੱਚ ਬੈਰਿਸਟਰ ਤੇ ਸੋਲਿਸਟਰ ਵਜੋਂ ਸੇਵਾਵਾਂ ਨਿਭਾ ਰਹੀ ਹੈ। ਉਹ ਪਰਿਵਾਰਕ ਕਾਨੂੰਨ ਸਮੇਤ ਹੋਰ ਕਾਨੂੰਨੀ ਮਾਮਲਿਆਂ ਵਿੱਚ ਮਾਹਰ ਹੈ। ਇਸ ਮੌਕੇ ਅਤਿੰਦਰ ਸਿੰਘ ਵਿਰਕ, ਚਰਨਜੀਤ ਸਿੰਘ ਝੰਡੇ ਆਣਾ, ਪ੍ਰੀਤਮ ਸਿੰਘ ਚੀਮਾ, ਗਗਨਦੀਪ ਸਿੰਘ ਰੌਂਤਾ ਨੇ ਇਸ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ ਹੈ। ਅੱਵਲਪ੍ਰੀਤ ਨੇ ਕਿਹਾ ਕਿ ਜੇਕਰ ਲਗਨ ਅਤੇ ਦ੍ਰਿੜ ਨਿਸ਼ਚਾ ਕੀਤਾ ਜਾਵੇ ਤਾਂ ਵਿਦੇਸ਼ ਦੀ ਧਰਤੀ ’ਤੇ ਵੀ ਸੁਫ਼ਨੇ ਹਕੀਕਤ ਬਣ ਸਕਦੇ ਹਨ।

# ਬਾਬਾ ਚੇਤ ਸਿੰਘ ਤੇ ਬਾਬਾ ਸੰਤਾ ਸਿੰਘ ਦੇ ਬਰਸੀ ਸਮਾਗਮ ਸ਼ੁਰੂ

## ਬਾਬਾ ਬਲਬੀਰ ਸਿੰਘ ਵੱਲੋਂ ਵੱਡੀ ਗਿਣਤੀ ਸੰਗਤ ਨੂੰ ਸਮਾਗਮਾਂ ਵਿੱਚ ਸ਼ਾਮਲ ਹੋਣ ਦੀ ਅਪੀਲ



ਤਲਵੰਡੀ ਸਾਬ, 8 ਮਈ (ਪੱਤਰ ਪ੍ਰੇਰਕ)–96ਵੇਂ ਕਰੋੜੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ (ਨਿਹੰਗ ਸਿੰਘਾਂ) ਦੇ ਸੱਚਖੰਡ ਵਾਸੀ ਜਥੇਦਾਰ ਬਾਬਾ ਚੇਤ ਸਿੰਘ ਅਤੇ ਬਾਬਾ ਸੰਤਾ ਸਿੰਘ ਦੇ ਤਿੰਨ ਰੋਜ਼ਾ ਬਰਸੀ ਸਮਾਗਮ ਅੱਜ ਸਥਾਨਕ ਗੁਰਦੁਆਰਾ ਸ੍ਰੀ ਦੇਗਸਰ ਬੇਰ ਸਾਹਿਬ ਮੁੱਖ ਛਾਉਣੀ ਨਿਹੰਗ ਸਿੰਘਾਂ ਵਿੱਚ ਅਖੰਡ ਪਾਠ ਪ੍ਰਕਾਸ਼ ਹੋਣ ਨਾਲ ਆਰੰਭ ਹੋ ਗਏ ਹਨ। ਬੁੱਢਾ ਦਲ ਦੇ ਮੁੱਖ ਗ੍ਰੰਥੀ ਬਾਬਾ ਮੱਘਰ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕੀਤਾ ਤੇ ਸਮਾਗਮਾਂ ਦੀ ਆਰੰਭਿਕ ਅਰਦਾਸ ਬਾਬਾ ਸੁਖਵਿੰਦਰ ਸਿੰਘ ਮੋਰ ਨੇ ਕੀਤੀ। ਬੁੱਢਾ ਦਲ ਦੇ ਮੌਜੂਦਾ ਮੁੱਖ ਜਥੇਦਾਰ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਬੁੱਢਾ ਦਲ ਦੇ ਬਾਰ੍ਹਵੇਂ ਜਥੇਦਾਰ ਬਾਬਾ ਚੇਤ ਸਿੰਘ ਦੀ 57ਵੀਂ ਅਤੇ 13ਵੇਂ ਜਥੇਦਾਰ ਬਾਬਾ ਸੰਤਾ ਸਿੰਘ ਦੀ 17ਵੀਂ ਸਾਲਾਨਾ ਬਰਸੀ ਨਿਹੰਗ ਸਿੰਘ ਫੌਜਾਂ ਵੱਲੋਂ ਪੂਰਨ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਬਰਸੀ ਸਮਾਗਮਾਂ ਦੇ ਸਬੰਧ ਵਿੱਚ ਅੱਜ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋ ਗਏ ਹਨ ਜਿਨ੍ਹਾਂ ਦੇ ਭੋਗ 9 ਮਈ ਨੂੰ ਪਾਏ ਜਾਣਗੇ। ਬਰਸੀ ਸਮਾਗਮਾਂ ਵਿੱਚ ਉੱਘੇ ਸਿੱਖ ਵਿਦਵਾਨ ਬਾਬਾ ਚੇਤ ਸਿੰਘ ਅਤੇ ਬਾਬਾ ਸੰਤਾ ਸਿੰਘ ਦੇ ਜੀਵਨ ਬਾਰੇ ਚਾਨਣਾ ਪਾਉਣਗੇ। ਇਸ ਮੌਕੇ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਲਿਖੀ ਕਿਤਾਬ ਬੁੱਢਾ ਦਲ ਦੇ ਮੁਖੀ ’ਜਥੇਦਾਰ ਸਾਹਿਬਾਨ ਦਾ ਜੀਵਨ ਸੰਗ੍ਰਹਿ’ ਵੀ ਰਿਲੀਜ਼ ਕੀਤੀ ਜਾਵੇਗੀ। ਬਾਬਾ ਬਲਬੀਰ ਸਿੰਘ ਨੇ ਸੰਗਤ ਨੂੰ ਬਰਸੀ ਸਮਾਗਮਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਬਾਬਾ ਮੇਜਰ ਸਿੰਘ, ਬਾਬਾ ਜੱਸਾ ਸਿੰਘ ਨਿੱਜੀ ਸਹਾਇਕ, ਬਾਬਾ ਮੱਘਰ ਸਿੰਘ ਮੁੱਖ ਗ੍ਰੰਥੀ, ਬਾਬਾ ਇੰਦਰ ਸਿੰਘ, ਬਾਬਾ ਸ਼ੇਰ ਸਿੰਘ ਤਲਵੰਡੀ, ਭਾਈ ਮਾਨ ਸਿੰਘ ਲਿਖਾਰੀ, ਮਾਸਟਰ ਰੇਵਤੀ ਪ੍ਰਸ਼ਾਦਿ ਸ਼ਰਮਾ ਅਤੇ ਹੋਰ ਹਾਜ਼ਰ ਸਨ।

# ਪੰਜਾਬ ਪੁਲੀਸ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਸੈਮੀਨਾਰ



ਮੁਹਾਲੀ , 8 ਮਈ (ਪੱਤਰ ਪ੍ਰੇਰਕ)– ਪੰਜਾਬ ਪੁਲੀਸ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਮੁਹਾਲੀ ਦੀ ਮੀਟਿੰਗ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਤੇ ਸੂਬਾ ਜਨਰਲ ਸਕੱਤਰ ਇੰਸਪੈਕਟਰ (ਸੇਵਾਮੁਕਤ) ਮਹਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਦਫ਼ਤਰ ਥਾਣਾ ਕੰਪਲੈਕਸ ਫੇਜ਼–11 ਵਿਖੇ ਹੋਈ ਜਿਸ ਵਿੱਚ 80 ਤੋਂ ਵੱਧ ਮੈਂਬਰਾਂ ਨੇ ਸ਼ਿਰਕਤ ਕੀਤੀ। ਐਸੋਸੀਏਸ਼ਨ ਦੇ ਜ਼ਿਲ੍ਹਾ ਜਰਨਲ ਸਕੱਤਰ ਇੰਸਪੈਕਟਰ (ਸੇਵਾਮੁਕਤ) ਦਲਜੀਤ ਸਿੰਘ ਨੇ ਦੱਸਿਆ ਕਿ ਵਿਸ਼ਵ ਅਸਥਮਾ ਡੇਅ 'ਤੇ ਸੈਮੀਨਾਰ ਕਰਵਾਇਆ ਗਿਆ। ਬੁਲਾਰਿਆਂ ਨੇ ਸੇਵਾਮੁਕਤ ਮੁਲਾਜ਼ਮਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਚਰਚਾ ਕਰਦਿਆਂ ਉਨ੍ਹਾਂ ਦੇ ਹੱਲ ਲਈ ਯਤਨ ਕਰਨ 'ਤੇ ਜ਼ੋਰ ਦਿੱਤਾ। ਇਸ ਮੌਕੇ ਐਸਪੀ (ਸੇਵਾਮੁਕਤ) ਸਵਰਨ ਸਿੰਘ, ਡੀਐਸਪੀ (ਸੇਵਾਮੁਕਤ) ਸਤਨਾਮ ਸਿੰਘ ਮੌਜੂਦ ਸਨ।

# ਖੂਨੀ ਝੜਪ ਦੇ ਮਾਮਲੇ ਵਿੱਚ ਕਾਂਗਰਸੀ ਆਗੂ ਉਦੈਵੀਰ ਢਿੱਲੋਂ ਨੂੰ ਜਮਾਨਤ

## ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਸਿਟ ਦਾ ਗਠਨ

ਡੇਰਾਬੱਸੀ, 8 ਮਈ (ਪੱਤਰ ਪ੍ਰੇਰਕ)–ਇਥੋਂ ਦੇ ਸਿਵਲ ਹਸਪਤਾਲ ਵਿੱਚ ਲੰਘੇ ਦਿਨੀਂ ਪਿੰਡ ਮੁਕੰਦਪੁਰ ਦੇ ਦੋ ਧੜਿਆਂ ਵਿਚਕਾਰ ਹੋਈ ਖੂਨੀ ਝੜਪ ਮਾਮਲੇ ਵਿੱਚ ਨਾਮਜਦ ਕਾਂਗਰਸੀ ਆਗੂ ਅਤੇ ਨਗਰ ਕੌਂਸਲ ਜੀਰਕਪੁਰ ਦੇ ਸਾਬਕਾ ਪ੍ਰਧਾਨ ਉਦੈਵੀਰ ਸਿੰਘ ਢਿੱਲੋਂ ਨੂੰ ਅਦਾਲਤ ਨੇ ਜਮਾਨਤ ਦੇ ਦਿੱਤੀ ਹੈ। ਇਸ ਮਾਮਲੇ ਵਿੱਚ ਡੀਜੀਪੀ ਪੰਜਾਬ ਵੱਲੋਂ ਜਾਂਚ ਲਈ ਤਿੰਨ ਮੈਂਬਰੀ ਐਸਆਈਟੀ ਦਾ ਗਠਨ ਕੀਤਾ ਗਿਆ ਹੈ ਜਿਸ ਵਿੱਚ ਮੁਹਾਲੀ ਦੇ ਐਸਪੀ(ਡੀ) ਅਤੇ ਰੋਪੜ ਅਤੇ ਫਤਿਹਗੜ੍ਹ ਸਾਹਿਬ ਦੇ ਡੀਐਸਪੀ ਸਾਮਲ ਕੀਤੇ ਗਏ ਹਨ।ਜਿਕਰਯੋਗ ਹੈ ਕਿ ਲੰਘੇ ਦਿਨੀਂ ਸਿਵਲ ਹਸਪਤਾਲ ਵਿੱਚ ਪਿੰਡ ਮੁਕੰਦਪੁਰ ਦੇ ਦੋ ਧੜਿਆਂ ਵਿਚਕਾਰ ਖੂਨੀ ਝੜਪ ਹੋ ਗਈ ਸੀ ਜਿਸ ਵਿੱਚ ਦੋਵੇਂ ਧਿਰਾਂ ਦੇ ਦਸ ਦੇ ਕਰੀਬ ਲੋਕ ਜਖਮੀ ਹੋ ਗਏ ਸੀ। ਇਸ ਮਾਮਲੇ ਵਿੱਚ ਸਿਵਲ ਹਸਪਤਾਲ ਵਿੱਚ ਹੋਈ ਤੋੜ ਫੋੜ ਅਤੇ ਮਾਰ ਕੁੱਟ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਮਾਮਲੇ ਨੇ ਕਾਫੀ ਤੂਲ ਫੜ ਲਿਆ ਸੀ। ਐਸਐਸਪੀ ਮੁਹਾਲੀ ਵੱਲੋਂ ਮਾਮਲੇ 'ਚ ਲਾਪ੍ਰਵਾਹੀ ਵਰਤਣ ਦੇ ਦੋਸ ਹੇਠ ਥਾਣਾ ਮੁਖੀ ਇੰਸਪੈਕਟਰ ਮਨਦੀਪ ਸਿੰਘ ਨੂੰ ਮੁਅੱਤਲ ਕਰ ਦਿੱਤਾ ਸੀ। ਦੀਪਇੰਦਰ ਸਿੰਘ ਢਿੱਲੋਂ ਵੱਲੋਂ ਪ੍ਰੈਸ ਕਾਨਫਰੰਸ ਕਰ ਦੋਸ ਲਾਇਆ ਗਿਆ ਸੀ ਕਿ ਉਨ੍ਹਾਂ ਦੇ ਲੜਕੇ ਤੇ ਸਿਆਸੀ ਦਬਾਅ ਹੇਠ ਕੇਸ ਦਰਜ ਕੀਤਾ ਗਿਆ ਹੈ ਜਦ ਕਿ ਉਹ ਸਿਰਫ ਹਸਪਤਾਲ ਵਿੱਚ ਜਖਮੀਆਂ ਦਾ ਪਤਾ ਲੈਣ ਲਈ ਗਏ ਸੀ। ਡੀਐਸਪੀ ਡੇਰਾਬੱਸੀ ਬਿਕਰਮਜੀਤ ਸਿੰਘ ਬਰਾੜ ਨੇ ਦੱਸਿਆ ਕਿ ਮਾਮਲੇ ਵਿੱਚ ਤਿੰਨ ਮੈਂਬਰੀ ਐਸਆਈਟੀ ਦਾ ਗਠਨ ਕੀਤਾ ਗਿਆ ਹੈ ਜੋ ਮਾਮਲੇ ਦੀ ਜਾਂਚ ਕਰ ਰਹੀ ਹੈ, ਜਾਂਚ ਤੋਂ ਬਾਅਦ ਹੀ ਅਸਲ ਸੱਚਾਈ ਸਾਹਮਣੇ ਆਵੇਗੀ।

# ਹਰਿਆਣਾ ਦੇ ਸਾਰੇ ਸਕੂਲਾਂ 'ਚ ਪੰਜਾਬੀ ਅਧਿਆਪਕਾਂ ਦੀਆਂ ਅਸਾਮੀਆਂ ਖੋਲ੍ਹਣ ਦੀ ਮੰਗ

ਪੰਚਕੂਲਾ, 8 ਮਈ (ਪੱਤਰ ਪ੍ਰੇਰਕ)– ਪੰਜਾਬੀ ਅਧਿਆਪਕ ਤੇ ਭਾਸਾ ਪ੍ਰਚਾਰ ਪ੍ਰਸਾਰ ਸੁਸਾਇਟੀ ਹਰਿਆਣਾ ਦੀ ਸੂਬਾ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਡਾ. ਹਰਜੀਤ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਸੂਬਾ ਨੇ ਸੰਗਠਨ ਦੀਆਂ ਸਾਲਾਨਾ ਪ੍ਰਾਪਤੀਆਂ ਦੀ ਰਿਪੋਰਟ ਪੜ੍ਹੀ ਤੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬੀ ਸੂਬੇ ਦੀ ਦੂਜੀ ਭਾਸਾ ਹੈ, ਇਸਦਾ ਕੋਈ ਹੋਰ ਬਦਲ ਨਹੀਂ ਹੈ, ਇਸ ਲਈ ਆਉਣ ਵਾਲੀ ਤਬਾਦਲਾ ਪ੍ਰਕਿਰਿਆ ਵਿੱਚ ਪੰਜਾਬੀ ਲੈਕਚਰਾਰ ਅਤੇ ਪੰਜਾਬੀ ਅਧਿਆਪਕ ਦੀ ਕਿਸੇ ਵੀ ਅਸਾਮੀ ਨੂੰ ਕੈਪਟ ਨਹੀਂ ਕੀਤਾ ਜਾਣਾ ਚਾਹੀਦਾ। ਪੰਚਕੂਲਾ, ਅੰਬਾਲਾ, ਕੁਰੂਕਸੇਤਰ, ਯਮੁਨਾਨਗਰ, ਸਿਰਸਾ, ਫਤਿਹਾਬਾਦ, ਕਰਨਾਲ, ਕੈਥਲ, ਜੀਂਦ ਜਿਲ੍ਹਿਆਂ ਦੇ ਸਾਰੇ ਸਕੂਲਾਂ ਵਿੱਚ ਪੰਜਾਬੀ ਲੈਕਚਰਾਰ ਅਤੇ ਪੰਜਾਬੀ ਅਧਿਆਪਕਾਂ ਦੀਆਂ ਅਸਾਮੀਆਂ ਖੋਲ੍ਹੀਆਂ ਜਾਣ। ਸੂਬਾ ਜਨਰਲ ਸਕੱਤਰ ਸੁਨੀਲ ਗੋਇਲ ਨੇ ਜੇਬੀਟੀ ਅਤੇ ਪੰਜਾਬੀ ਅਧਿਆਪਕਾਂ ਨੂੰ ਤਰੱਕੀ ਦੇਣ ਲਈ ਸਰਕਾਰ ਦਾ ਧੰਨਵਾਦ ਕੀਤਾ ਅਤੇ ਮੰਗ ਕੀਤੀ ਕਿ ਪੰਜਾਬੀ ਲੈਕਚਰਾਰ ਦੇ 275 ਕੋਟੇ ਅਤੇ ਜੇਬੀਟੀ ਅਧਿਆਪਕਾਂ ਦੀਆਂ ਬਾਕੀ ਰਹਿੰਦੀਆਂ ਤਰੱਕੀ ਸੂਚੀਆਂ ਜਲਦੀ ਜਾਰੀ ਕੀਤੀਆਂ ਜਾਣ। ਹੋਰ ਅਹੁਦੇਦਾਰਾਂ ਪੂਰਨ ਸਿੰਘ ਵੜੈਚ, ਡਾ. ਕਰਨੈਲ ਚੰਦ, ਡਾ. ਅਸ਼ੋਕ ਲਾਂਬਾ, ਹੰਸ ਰਾਜ, ਡਾ. ਗੁਰਦੀਪ ਸਿੰਘ, ਉਮੀਤ ਸਿੰਘ, ਡਾ. ਮੀਨਾ, ਡਾ. ਰੇਖਾ ਨੇ ਮੰਗ ਕੀਤੀ ਕਿ ਹਰਿਆਣਾ ਸਕੂਲ ਸਿੱਖਿਆ ਬੋਰਡ ਵਿੱਚ 9ਵੀਂ ਤੋਂ 12ਵੀਂ ਜਮਾਤ ਤੱਕ ਪੰਜਾਬੀ ਵਿਸੇ ਦਾ ਸੀਬੀਐੱਸਈ ਸਿਲੇਬਸ ਲਾਗੂ ਕੀਤਾ ਜਾਵੇ। ਇਸ ਮੌਕੇ ਡਾ. ਤ੍ਰਿਲੋਚਨ ਸਿੰਘ, ਸੁਰਿੰਦਰ ਪਾਲ, ਇੰਦਰਵੀਰ ਸਿੰਘ, ਲਖਵੀਰ ਸਿੰਘ, ਕੌਸਲ ਕੁਮਾਰ, ਸੁਖਦੇਵ ਸਿੰਘ, ਨਿਸਾਨ ਸਿੰਘ ਗਿੱਲ, ਹੀਰਾ ਸਿੰਘ, ਸੁਖਵੰਤ ਸਿੰਘ, ਗੁਰਬਾਜ ਸਿੰਘ, ਕਸਮੀਰ ਸਿੰਘ, ਡਾ. ਕੁਲਵਿੰਦਰ ਸਿੰਘ ਪਦਮ, ਬੂਟਾ ਸਿੰਘ, ਸੋਹਣ ਲਾਲ, ਜਗਦੀਪ ਸਿੰਘ, ਇੰਦਰਜੀਤ ਸਿੰਘ, ਕੰਵਲਜੀਤ ਕੌਰ, ਜਸਪਾਲ ਸਿੰਘ, ਮਨੀਸਾ, ਹਰਪ੍ਰੀਤ, ਮਹਿੰਦਰ ਕੰਬੋਜ, ਅਸੋਕ ਕੁਮਾਰ, ਰਵਿੰਦਰ ਕੌਰ, ਪੂਜਾ, ਹਰਮੀਤ ਕੌਰ, ਰੰਜੂ ਬਾਲਾ, ਨਵਨੀਤ ਕੌਰ, ਜਸਵਿੰਦਰ ਕੌਰ, ਕੁਲਦੀਪ ਰਾਏ, ਗੁਰਦੀਪ ਕਾਲੜਾ, ਵਿਜੇ ਕੁਮਾਰ, ਡਾ. ਈਸਵਰ ਸਿੰਘ, ਸੁਨੀਤਾ ਰਾਣੀ, ਅਮਨਦੀਪ ਸਿੰਘ ਆਦਿ ਪੰਜਾਬੀ ਅਧਿਆਪਕ ਹਾਜਰ ਸਨ।

# ਸੜਕਾਂ ਦੀ ਖਸਤਾ ਹਾਲਤ ਖ਼ਿਲਾਫ ਲੋਕਾਂ ਵੱਲੋਂ ਧਰਨਾ



ਫ਼ਤਹਿਗੜ੍ਹ ਸਾਹਿਬ, 8 ਮਈ (ਪੱਤਰ ਪ੍ਰੇਰਕ)–ਫਤਹਿਗੜ੍ਹ ਸਾਹਿਬ ਨੂੰ ਪਿੰਡਾਂ ਨਾਲ ਜੋੜਦੀਆਂ ਸੜਕਾਂ ਟੁੱਟਣ ਕਾਰਨ ਰਾਹਗੀਰਾਂ ਨੂੰ ਭਾਰੀ ਮੁਸਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਪਿੰਡਾਂ ਵਿਚ ਬਿਮਾਰੀ ਫ਼ੈਲਣ ਦਾ ਖਤਰਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਬਲਜੀਤ ਸਿੰਘ ਭੁੱਟਾ ਨੇ ਪਿੰਡ ਚੁੰਨੀ ਮਾਜਰਾ, ਬਰਾਸ, ਸਰਾਏ ਬਨਜਾਰਾ–ਭਗੜਾਣਾ ਰੋਡ ਅਤੇ ਚੋਲਟੀ ਖੇੜੀ ਸੜਕਾਂ ਦੀ ਮਾੜੀ ਹਾਲਤ ਹੋਣ ਕਾਰਨ ਇਨ੍ਹਾਂ ਪਿੰਡਾਂ ਦੇ ਲੋਕਾਂ ਵਲੋਂ ਦਿੱਤੇ ਧਰਨੇ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਫਤਹਿਗੜ੍ਹ ਸਾਹਿਬ ਵਿਖੇ ਲੱਖਾਂ ਸਰਧਾਲੂ ਨਤਮਸਤਕ ਹੋਣ ਆਉਂਦੇ ਹਨ ਪ੍ਰੰਤੂ ਸੜਕਾਂ ਦੀ ਤਰਸਯੋਗ ਹਾਲਤ ਕਾਰਨ ਭਾਰੀ ਮੁਸਕਲਾਂ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ 2016–17 ਤੋਂ 2021 22 ਤੱਕ ਸਰਕਾਰ ਦੀ ਨੀਤੀ ਅਨੁਸਾਰ 5 ਸਾਲ ਬਾਅਦ ਸੜਕ ਦੀ ਮੁਰੰਮਤ ਬਣਦੀ ਸੀ ਪ੍ਰੰਤੂ ਤਿੰਨ ਸਾਲ ਵੱਧ ਬੀਤਣ ਦੇ ਬਾਵਜੂਦ ਮੁਰੰਮਤ ਨਹੀਂ ਹੋਈ ਜਦੋਂ ਕਿ ਵਾਟਰ ਸਪਲਾਈ, ਸੀਵਰੇਜ ਵਿਭਾਗ ਅਤੇ ਹੜ੍ਹਾਂ ਕਾਰਨ ਲੋਕ ਨਿਰਮਾਣ ਵਿਭਾਗ ਨੇ ਸੜਕਾਂ ਨੂੰ ਕੱਟ ਲਗਾਏ ਸਨ ਪ੍ਰੰਤੂ ਇਨ੍ਹਾਂ ਨੂੰ ਠੀਕ ਨਹੀਂ ਕੀਤਾ। ਉਨ੍ਹਾਂ ਦੱਸਿਆ ਕਿ ਖੇੜਾ ਤੋਂ ਚੁੰਨੀ ਮਾਜਰਾ ਸੜਕ ਦਾ ਟੈਂਡਰ 2021 ਵਿੱਚ ਹੋਣ ਦੇ ਬਾਵਜੂਦ ਕੰਮ ਨਹੀਂ ਹੋਇਆ ਅਤੇ ਨਾ ਹੀ ਠੇਕੇਦਾਰ ਨੂੰ ਕੋਈ ਪੈਨਲਟੀ ਲਾਈ ਗਈ, ਹੰਸਾਲੀ ਤੋਂ ਰਜਿੰਦਰਗੜ੍ਹ ਸੜਕ 'ਤੇ ਤਿੰਨ ਸਾਲਾਂ ਤੋਂ ਅਧੂਰੇ ਕੰਮ ਨੂੰ ਠੇਕੇਦਾਰ ਨੇ ਮੁਕੰਮਲ ਨਹੀਂ ਕੀਤਾ। ਬਲਾਕ ਖੇੜਾ, ਬਲਾਕ ਸਰਹਿੰਦ ਅਤੇ ਬਲਾਕ ਬਸੀ ਦੀਆਂ 31 ਸੜਕਾਂ ਦੀ ਹਾਲਤ ਬਹੁਤ ਤਰਸਯੋਗ ਹੈ। ਧਰਨੇ ਨੂੰ ਹਰਬੰਸ ਸਿੰਘ ਚੁੰਨੀ ਮਾਜਰਾ ਨਰਾਤਾ ਖਾਂ, ਸਾਬਰ ਖਾਂ, ਬਲਕਾਰ ਸਿੰਘ, ਦਵਿੰਦਰ ਸਿੰਘ, ਹਰਮੇਲ ਸਿੰਘ, ਜਸਵਿੰਦਰ ਕੌਰ, ਬਲਦੇਵ ਸਿੰਘ, ਗੁਰਬਖਸ਼ ਸਿੰਘ, ਬਲਕਾਰ ਸਿੰਘ, ਗੁਰਜੰਟ ਸਿੰਘ, ਗੁਰਮੁਖ ਸਿੰਘ, ਜਪਿੰਦਰ ਸਿੰਘ, ਮਲਕੀਤ ਸਿੰਘ ਰਜਿੰਦਰਗੜ੍ਹ, ਹਰਪ੍ਰੀਤ ਸਿੰਘ, ਪਰਮਜੀਤ ਸਿੰਘ, ਗੁਰਜੰਟ ਸਿੰਘ, ਸੁਖਦੇਵ ਸਿੰਘ ਬਰਾਸ, ਸੁਖਵਿੰਦਰ ਸਿੰਘ, ਜਗਜੀਤ ਸਿੰਘ, ਪ੍ਰੀਤਮ ਸਿੰਘ, ਸੁਖਦੀਪ ਸਿੰਘ, ਜਗਰੂਪ ਸਿੰਘ, ਕਸ਼ਮੀਰਾ ਸਿੰਘ, ਰਣਜੋਤ ਸਿੰਘ ਰਾਈ ਮਾਜਰਾ ਨੇ ਸੰਬੋਧਨ ਕੀਤਾ।

# ਆਲਮੀ ਆਗੂਆਂ ਨੇ ਭਾਰਤ ਅਤੇ ਪਾਕਿਸਤਾਨ ਨੂੰ ਸੰਜਮ ਵਰਤਣ ਲਈ ਆਖਿਆ

## ਦੱਖਣੀ ਏਸ਼ੀਆ 'ਚ ਸ਼ਾਂਤੀ ਅਤੇ ਸਥਿਰਤਾ ਲਈ ਵਾਰਤਾ 'ਤੇ ਦਿੱਤਾ ਜ਼ੋਰ



ਵਾਸ਼ਿੰਗਟਨ/ਮਾਸਕੋ/ਲੰਡਨ, 8 ਮਈ (ਪੱਤਰ ਪ੍ਰੇਰਕ) ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ ਅਤੇ ਅਮਰੀਕੀ ਰਾਸ਼ਟਰਪਤੀ ਸਮੇਤ ਆਲਮੀ ਆਗੂਆਂ ਨੇ ਭਾਰਤ ਅਤੇ ਪਾਕਿਸਤਾਨ ਨੂੰ ਸੰਜਮ ਵਰਤਣ ਦਾ ਸੱਦਾ ਦਿੰਦਿਆਂ ਆਸ ਜਤਾਈ ਕਿ ਖ਼ਿੱਤੇ 'ਚ ਹਮਲਾਵਰ ਰਵੱਈਏ ਨੂੰ ਬਹੁਤ ਛੇਤੀ ਠੱਲ੍ਹ ਪਵੇਗੀ। ਗੁਟੇਰੇਜ ਨੇ ਭਾਰਤ ਅਤੇ ਪਾਕਿਸਤਾਨ ਨੂੰ ਵੱਧ ਤੋਂ ਵੱਧ ਸੰਜਮ ਰੱਖਣ ਦਾ ਸੱਦਾ ਦਿੰਦਿਆਂ ਕਿਹਾ ਕਿ ਦੁਨੀਆ ਦੋਵੇਂ ਮੁਲਕਾਂ ਵਿਚਕਾਰ ਇਕ ਹੋਰ ਫੌਜੀ ਟਕਰਾਅ ਨੂੰ ਸਹਿਣ ਨਹੀਂ ਕਰ ਸਕਦੀ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ, ''ਇਹ ਸ਼ਰਮਨਾਕ ਹੈ। ਮੈਂ ਜਦੋਂ ਓਵਲ ਦਫਤਰ ਵੱਲ ਜਾ ਰਿਹਾ ਹਾਂ ਤਾਂ ਮੈਨੂੰ ਹਮਲੇ ਦਾ ਪਤਾ ਲੱਗਾ। ਮੈਨੂੰ ਜਾਪਦਾ ਹੈ ਕਿ ਲੋਕ ਜਾਣਦੇ ਸਨ ਕਿ ਬੀਤੇ ਦੀਆਂ ਘਟਨਾਵਾਂ ਨੂੰ ਦੇਖਦਿਆਂ ਕੁਝ ਹੋਣ ਜਾ ਰਿਹਾ ਹੈ। ਦੋਵੇਂ ਮੁਲਕ ਲੰਬੇ ਸਮੇਂ ਤੋਂ ਲੜ ਰਹੇ ਹਨ। ਉਹ ਕਈ ਦਹਾਕਿਆਂ ਅਤੇ ਸਦੀਆਂ ਤੋਂ ਲੜ ਰਹੇ ਹਨ।'' ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਉਹ ਭਾਰਤ ਅਤੇ ਪਾਕਿਸਤਾਨ ਵਿਚਾਲੇ ਹਾਲਾਤ 'ਤੇ ਨੇੜਿਉਂ ਨਜਰ ਰੱਖ ਰਹੇ ਹਨ। ਉਨ੍ਹਾਂ ਆਸ ਜਤਾਈ ਕਿ ਬਹੁਤ ਛੇਤੀ ਹੀ ਤਣਾਅ ਖਤਮ ਹੋ ਜਾਵੇਗਾ। ਰੂਸ ਨੇ ਵੀ ਦੋਵੇਂ ਮੁਲਕਾਂ ਵਿਚਕਾਰ ਫੌਜੀ ਟਕਰਾਅ ਵਧਣ 'ਤੇ ਡੂੰਘੀ ਚਿੰਤਾ ਜਤਾਈ ਹੈ। ਰੂਸੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਰੀਆ ਜਖਾਰੋਵਾ ਨੇ ਕਿਹਾ ਕਿ ਪਹਿਲਗਾਮ 'ਚ ਦਹਿਸ਼ਤੀ ਹਮਲੇ ਮਗਰੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਫੌਜੀ ਟਕਰਾਅ ਨੂੰ ਲੈ ਕੇ ਮੁਲਕ ਚਿੰਤਾ 'ਚ ਹੈ। ਉਨ੍ਹਾਂ ਕਿਹਾ, ''ਅਸੀਂ ਆਸ ਕਰਦੇ ਹਾਂ ਕਿ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿਚਕਾਰ ਮਤਭੇਦ 1972 ਦੇ ਸ਼ਿਮਲਾ ਸਮਝੌਤੇ ਅਤੇ 1999 ਦੇ ਲਾਹੌਰ ਐਲਾਨਨਾਮੇ ਮੁਤਾਬਕ ਸ਼ਾਂਤੀਪੂਰਵਕ, ਸਿਆਸੀ ਅਤੇ ਕੂਟਨੀਤਕ ਢੰਗ ਨਾਲ ਸੁਲਝਾ ਲਏ ਜਾਣਗੇ।'' ਚੀਨ ਨੇ ਭਾਰਤ ਅਤੇ ਪਾਕਿਸਤਾਨ ਨੂੰ ਖ਼ਿੱਤੇ 'ਚ ਸ਼ਾਂਤੀ ਅਤੇ ਸਥਿਰਤਾ ਦੇ ਵਡੇਰੇ ਹਿੱਤਾਂ ਖਾਤਰ ਵੱਧ ਤੋਂ ਵੱਧ ਸੰਜਮ ਵਰਤਣ ਦਾ ਸੱਦਾ ਦਿੱਤਾ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ, ''ਅਸੀਂ ਮੌਜੂਦਾ ਹਾਲਾਤ ਬਾਰੇ ਫਿਕਰਮੰਦ ਹਾਂ। ਭਾਰਤ ਅਤੇ ਪਾਕਿਸਤਾਨ ਇਕ–ਦੂਜੇ ਦੇ ਗੁਆਂਢੀ ਹਨ।

ਉਹ ਸਾਡੇ ਵੀ ਗੁਆਂਢੀ ਹਨ। ਅਸੀਂ ਦੋਵੇਂ ਮੁਲਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਹਾਲਾਤ ਨੂੰ ਹੋਰ ਗੁੰਝਲਦਾਰ ਬਣਾਉਣ ਲਈ ਕਾਰਵਾਈਆਂ ਤੋਂ ਗੁਰੇਜ ਕਰਨ।'' ਵਿਦੇਸ਼ ਮੰਤਰੀ ਡੇਵਿਡ ਲੈਮੀ ਨੇ ਕਿਹਾ ਕਿ ਦੋਵੇਂ ਮੁਲਕਾਂ ਵਿਚਕਾਰ ਤਣਾਅ ਵਧਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਉਨ੍ਹਾਂ ਅਪੀਲ ਕੀਤੀ ਕਿ ਭਾਰਤ ਤੇ ਪਾਕਿਸਤਾਨ ਸੰਜਮ ਦਿਖਾਉਂਦਿਆਂ ਸਿੱਧੀ ਵਾਰਤਾ ਕਰਨ। ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਕਿਹਾ ਕਿ ਦਹਿਸ਼ਤੀ ਢਾਂਚਿਆਂ 'ਤੇ ਭਾਰਤ ਵੱਲੋਂ ਕੀਤੇ ਗਏ ਹਮਲੇ ਜਾਇਜ ਹਨ। ਉਨ੍ਹਾਂ ਕਿਹਾ ਕਿ ਅਤਿਵਾਦੀਆਂ ਨੂੰ ਬਖਸ਼ਿਆ ਨਹੀਂ ਜਾ ਸਕਦਾ ਹੈ। ਉਨ੍ਹਾਂ 'ਐਕਸ' 'ਤੇ ਕਿਹਾ, ''ਕੋਈ ਵੀ ਮੁਲਕ ਆਪਣੇ ਕਬਜੇ ਵਾਲੇ ਇਲਾਕੇ 'ਤੇ ਦਹਿਸ਼ਤੀ ਹਮਲਿਆਂ ਨੂੰ ਸਵੀਕਾਰ ਨਹੀਂ ਕਰ ਸਕਦਾ ਹੈ।'' ਸਕੌਟਲੈਂਡ ਦੇ ਮੰਤਰੀ ਜੌਹਨ ਸਵਿਨੀ ਨੇ ਕਿਹਾ ਕਿ ਦੋਵੇਂ ਮੁਲਕਾਂ ਨੂੰ ਸ਼ਾਂਤ ਰਹਿ ਕੇ ਵਾਰਤਾ ਰਾਹੀਂ ਟਕਰਾਅ ਨੂੰ ਟਾਲਣਾ ਚਾਹੀਦਾ ਹੈ। ਜਰਮਨੀ ਦੇ ਵਿਦੇਸ਼ ਮੰਤਰਾਲੇ ਨੇ 'ਐਕਸ' 'ਤੇ ਕਿਹਾ ਕਿ ਆਮ ਨਾਗਰਿਕਾਂ ਦੀ ਰੱਖਿਆ ਕਰਦਿਆਂ ਤਣਾਅ ਨੂੰ ਹੋਰ ਵਧਣ ਤੋਂ ਰੋਕਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਉਹ ਭਾਰਤ ਅਤੇ ਪਾਕਿਸਤਾਨ ਦੇ ਸੰਪਰਕ 'ਚ ਹਨ। ਸੰਯੁਕਤ ਅਰਬ ਅਮੀਰਾਤ ਦੇ ਉਪ ਪ੍ਰਧਾਨ ਮੰਤਰੀ ਸ਼ੇਖ ਅਬਦੁੱਲਾ ਬਿਨ ਜਾਯੇਦ ਅਲ ਨਾਹਯਾਨ ਵੱਲੋਂ ਜਾਰੀ ਬਿਆਨ ਮੁਤਾਬਕ ਉਨ੍ਹਾਂ ਦੇ ਮੁਲਕ ਨੇ ਭਾਰਤ ਅਤੇ ਪਾਕਿਸਤਾਨ ਨੂੰ ਸੰਜਮ ਵਰਤਣ ਅਤੇ ਤਣਾਅ ਘਟਾਉਣ ਲਈ ਆਖਿਆ ਹੈ ਤਾਂ ਜੋ ਖੇਤਰੀ ਅਤੇ ਕੌਮਾਂਤਰੀ ਸ਼ਾਂਤੀ ਨੂੰ ਖਤਰਾ ਪੈਦਾ ਨਾ ਹੋਵੇ। ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਭਾਰਤ ਅਤੇ ਪਾਕਿਸਤਾਨ ਦੇ ਹਾਲਾਤ 'ਤੇ ਨਜਰ ਰੱਖ ਰਹੇ ਹਨ।

# ਮੇਅਰ ਨੇ ਸੜਕਾਂ ਦੀ ਮੁਰੰਮਤ ਕਰਵਾਈ

## ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ; ਵਿਕਾਸ ਕੰਮਾਂ ਲਈ ਫ਼ੰਡਾਂ ਦੀ ਘਾਟ ਨਾ ਆਉਣ ਦੇਣ ਦਾ ਭਰੋਸਾ



ਐਸ.ਏ.ਐਸ. ਨਗਰ (ਮੁਹਾਲੀ) , 8 ਮਈ (ਪੱਤਰ ਪ੍ਰੇਰਕ)– ਮੁਹਾਲੀ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ ਨੇ ਅੱਜ ਮਹਿਲਾ ਕੌਂਸਲਰ ਰੁਪਿੰਦਰ ਕੌਰ ਰੀਨਾ ਅਤੇ ਸਾਬਕਾ ਪ੍ਰਧਾਨ ਰਾਜਿੰਦਰ ਸਿੰਘ ਰਾਣਾ ਦੀ ਮੌਜੂਦਗੀ ਵਿੱਚ ਇੱਥੋਂ ਦੇ ਫੇਜ਼–4 (ਵਾਰਡ ਨੰਬਰ–4 ਅਤੇ ਵਾਰਡ ਨੰਬਰ–5) ਵਿੱਚ ਅੰਦਰੂਨੀ ਅਤੇ 'ਬੀ' ਸੜਕਾਂ ਦੀ ਮੁਰੰਮਤ ਅਤੇ ਨਵੇਂ ਸਿਰਿਓਂ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ। ਇਸ ਮੌਕੇ ਮੇਅਰ ਨੇ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿੱਤਾ। ਜੀਤੀ ਸਿੱਧੂ ਨੇ ਕਿਹਾ ਕਿ ਇਨ੍ਹਾਂ ਦੋਵੇਂ ਵਾਰਡਾਂ ਦੀਆਂ ਸੜਕਾਂ ਨੂੰ ਪੁੱਟ ਕੇ ਨਵੇਂ ਸਿਰਿਓਂ ਰੀ–ਕਾਰਪੈਟਿੰਗ ਕਰਵਾਈ ਜਾਵੇਗੀ। ਇਸ ਪ੍ਰਾਜੈਕਟ 'ਤੇ 1.58 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਰੀ–ਕਾਰਪਰੇਟਿੰਗ ਤੋਂ ਬਾਅਦ ਇਨ੍ਹਾਂ ਸੜਕਾਂ ਦੀ ਨੁਹਾਰ ਬਦਲ ਜਾਵੇਗੀ। ਉਨ੍ਹਾਂ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਕਿਹਾ ਕਿ ਉਹ ਵਿਕਾਸ ਕੰਮਾਂ ਦੀ ਲਗਾਤਾਰ ਨਜ਼ਰਸਾਨੀ ਕਰਨ ਅਤੇ ਜਿੱਥੇ ਕਿਤੇ ਕੋਈ ਕਮੀ ਪੇਸ਼ੀ ਨਜ਼ਰ ਆਉਂਦੀ ਹੈ, ਉਸ ਨੂੰ ਤੁਰੰਤ ਠੀਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੁਆਲਿਟੀ ਦੇ ਮਾਮਲੇ ਵਿੱਚ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ। ਮੇਅਰ ਜੀਤੀ ਸਿੱਧੂ ਨੇ ਕਿਹਾ ਕਿ ਸ਼ਹਿਰ ਦੇ ਵੱਖ–ਵੱਖ ਵਾਰਡਾਂ ਵਿੱਚ ਸੜਕਾਂ ਦੀ ਮੁਰੰਮਤ, ਪਾਰਕਾਂ ਦੀ ਦੇਖਰੇਖ, ਸਫ਼ਾਈ ਵਿਵਸਥਾ ਅਤੇ ਹੋਰ ਵਿਕਾਸ ਕੰਮਾਂ ਲਈ ਫ਼ੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਵਿਕਾਸ ਕਾਰਜਾਂ ਦੇ ਮਾਮਲੇ ਵਿੱਚ ਕਿਸੇ ਤਰ੍ਹਾਂ ਦਾ ਵਿਤਕਰਾ ਨਹੀਂ ਕੀਤਾ ਜਾਵੇਗਾ। ਇਸ ਮੌਕੇ ਰੈਜ਼ੀਡੈਂਟਸ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੀਪ ਸਿੰਘ, ਪਰਮਜੀਤ ਸਿੰਘ ਚੌਹਾਨ, ਨਵੀਂ ਸੰਧੂ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਸਰਹੱਦੀ ਪਿੰਡਾਂ ਦੇ ਵਸਨੀਕਾਂ ਵਿੱਚ ਡਰ ਅਤੇ ਸਹਿਮ ਦਾ ਮਾਹੌਲ

ਗੁਰਦਾਸਪੁਰ, 8 ਮਈ (ਪੱਤਰ ਪ੍ਰੇਰਕ) ਕੌਮਾਂਤਰੀ ਸਰਹੱਦ () ਦੇ ਨੇੜੇ ਰਹਿਣ ਵਾਲੇ ਸੈਂਕੜੇ ਵਸਨੀਕਾਂ ਨੂੰ ਡਰ ਅਤੇ ਸਹਿਮ ਨੇ ਆਪਣੀ ਗ੍ਰਿਫਤ ਵਿੱਚ ਲੈ ਲਿਆ ਹੈ, ਜਦੋਂ ਕਿ ਅਧਿਕਾਰੀਆਂ ਨੂੰ ਪੇਂਡੂਆਂ ਦੀ ਸਹਿਰੀ ਖੇਤਰਾਂ ਵਿੱਚ ਸੰਭਾਵਿਤ ਹਿਜਰਤ ਦਾ ਡਰ ਹੈ, ਕਿਉਂਕਿ ਇਸ ਨਾਲ ਹਾਲਾਤ ਹੋਰ ਵੀ ਵਿਗੜ ਸਕਦੇ ਹਨ। ਪੁਰਾਣੇ ਸਮੇਂ ਦੇ ਲੋਕਾਂ ਦਾ ਕਹਿਣਾ ਹੈ ਕਿ ਸਿਆਸੀ ਅਤੇ ਫੌਜੀ ਦਬਾਅ ਕਾਰਨ ਚੱਲ ਰਿਹਾ ਟਕਰਾਅ, ਜ਼?ਆਦਾਤਰ ਲੋਕਾਂ 'ਤੇ ਮਨੋਵਿਗਿਆਨਕ ਜਖਮ ਛੱਡ ਦੇਵੇਗਾ। ਤਾਰ–ਵਾੜ ਦੇ ਨੇੜੇ ਸਥਿਤ ਕੁਝ ਪਿੰਡਾਂ ਦੇ ਵਸਨੀਕਾਂ ਦਾ ਕਹਿਣਾ ਹੈ ਜੰਗ ਦੇ ਬਹੁਤ ਸਾਰੇ ਮਾੜੇ ਪ੍ਰਭਾਵ ਪੈ ਸਕਦੇ ਹਨ। ਉਨ੍ਹਾਂ ਮੁਤਾਬਕ ਮਿਜਾਈਲਾਂ, ਬੰਬਾਂ ਅਤੇ ਗੋਲੀਆਂ ਨੇ ਪਹਿਲਾਂ ਹੀ ਭਾਰੀ ਡਰ, ਬੇਵੱਸੀ ਅਤੇ ਦਹਿਸਤ ਪੈਦਾ ਕਰ ਦਿੱਤੀ ਹੈ। ਬੀਤੀ ਅੱਧੀ ਰਾਤ ਨੂੰ ਲੋਕਾਂ ਨੂੰ ਅਚਾਨਕ ਮਿਜਾਈਲਾਂ ਦੀਆਂ ਘਾਤਕ ਆਵਾਜਾਂ ਅਤੇ ਬੰਬਾਂ ਦੇ ਜੋਰਦਾਰ ਧਮਾਕੇ ਸੁਣਾਈ ਦਿੱਤੇ ਅਤੇ ਉਹ ਉੱਭੜਵਾਹੇ ਡਰ ਕੇ ਨੀਂਦ ਵਿਚੋਂ ਜਾਗ ਪਏ। ਕੌਮਾਂਤਰੀ ਸਰਹੱਦ 'ਤੇ ਸਥਿਤ ਪਿੰਡ ਨਡਾਲਾ ਦੇ ਵਸਨੀਕ ਰਣਜੀਤ ਸਿੰਘ ਧਾਲੀਵਾਲ ਨੇ ਕਿਹਾ, ''ਰਾਤ ਦਾ ਅਸਮਾਨ ਲਾਲ ਹੋ ਗਿਆ। ਮੇਰੇ ਪਿਤਾ ਜੀ, ਜਿਨ੍ਹਾਂ ਨੇ 1971 ਦੀ ਜੰਗ ਨੂੰ ਨੇੜਿਓਂ ਦੇਖਿਆ ਸੀ, ਕਹਿੰਦੇ ਸਨ ਕਿ ਅਜਿਹਾ ਉਦੋਂ ਹੁੰਦਾ ਹੈ ਜਦੋਂ ਧਮਾਕਿਆਂ ਦਾ ਧੂੰਆਂ ਅਤੇ ਅੱਗ ਅਸਮਾਨ ਨੂੰ ਰੌਸਨ ਕਰ ਦਿੰਦਾ ਹੈ। ਇਹ ਸਾਡੇ ਲਈ ਜੰਗ ਸਮੇਂ ਦੀਆਂ ਘਟਨਾਵਾਂ ਦੀ ਤਬਾਹੀ ਅਤੇ ਭਿਆਨਕਤਾ ਦੀ ਕਲਪਨਾ ਕਰਨ ਲਈ ਕਾਫੀ ਸੀ।'' ਕੱਲ੍ਹ ਰਾਤ ਦੀ ਘਟਨਾ ਇੱਕ ਵੱਡੀ ਜੰਗ ਵਿੱਚ ਬਦਲ ਸਕਦੀ ਹੈ ਜਾਂ ਨਹੀਂ, ਇਹ ਹਾਲੇ ਆਖਿਆ ਨਹੀਂ ਜਾ ਸਕਦਾ, ਪਰ ਇਹ ਸਰਹੱਦੀ ਲੋਕਾਂ ਲਈ ਉਨੀਂਦਰੇ ਅਤੇ ਸਰੀਰ ਵਿੱਚ ਦਰਦ ਵਰਗੀਆਂ ਮਨੋਵਿਗਿਆਨਕ ਸਮੱਸਿਆਵਾਂ ਦਾ ਅਨੁਭਵ ਕਰਨ ਲਈ ਕਾਫੀ ਹਨ। ਉਨ੍ਹਾਂ ਕਿਹਾ, ''ਇਸਦਾ ਪ੍ਰਭਾਵ, ਜਿਵੇਂ ਕਿ 1971 ਅਤੇ 1965 ਦੀਆਂ ਜੰਗਾਂ ਵਿੱਚ ਪਿਆ ਸੀ, ਮੰਦਵਾੜੇ ਵੱਲ ਲੈ ਜਾਵੇਗਾ ਅਤੇ ਇਸ ਦੇ ਨਾਲ ਹੀ ਵਿਆਪਕ ਹਥਿਆਰਬੰਦ ਟਕਰਾਅ ਦਾ ਖਦਸ਼ਾ ਵੀ ਬਣਿਆ ਰਹੇਗਾ।'' ਉਸੇ ਪਿੰਡ ਦੇ ਇੱਕ ਸਾਬਕਾ ਫੌਜੀ ਕੈਪਟਨ ਦਿਆਲ ਸਿੰਘ ਨੇ ਕਿਹਾ, ''ਜਦੋਂ ਜੰਗ ਸੁਰੂ ਹੁੰਦੀ ਹੈ, ਤਾਂ ਸਾਨੂੰ ਬਹੁਤ ਨੁਕਸਾਨ ਹੁੰਦਾ ਹੈ। ਹੁਣ ਬੱਸ ਹੋਣੀ ਚਾਹੀਦੀ ਹੈ, ਪਹਿਲਾਂ ਹੀ ਬਹੁਤ ਹੋ ਗਿਆ ਹੈ। ਅਸੀਂ ਇੰਨਾ ਖੂਨ–ਖਰਾਬਾ ਦੇਖਿਆ ਹੈ ਕਿ ਅਸੀਂ ਅਜਿਹਾ ਹੋਰ ਨਹੀਂ ਚਾਹੁੰਦੇ। ਸਰਕਾਰ ਹਮੇਸਾ ਕਹਿੰਦੀ ਹੈ ਕਿ ਉਹ ਸਰਹੱਦੀ ਪਿੰਡਾਂ ਨੂੰ ਹਰ ਤਰ੍ਹਾਂ ਦੀ ਮਦਦ ਦਿੰਦੀ ਹੈ, ਪਰ ਇਹ ਸਭ ਮਹਿਜ ਇੱਕ ਮਜਾਕ ਹੈ।'' ਇਸ ਦੌਰਾਨ, ਤਿੱਬੜੀ ਛਾਉਣੀ ਦੇ ਨੇੜੇ ਸਥਿਤ ਪੰਧੇਰ ਪਿੰਡ ਦੇ ਖੇਤਾਂ ਵਿੱਚ ਮਿਲੇ ਬੰਬ ਬਾਰੇ ਭੇਤ ਅਜੇ ਵੀ ਬਣਿਆ ਹੋਇਆ ਹੈ। ਘਟਨਾ ਨੂੰ 18 ਘੰਟੇ ਬੀਤ ਜਾਣ ਦੇ ਬਾਵਜੂਦ, ਅਧਿਕਾਰੀਆਂ ਵੱਲੋਂ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ।

# ਗਰਮੀ ਦੀਆਂ ਵਿਸ਼ੇਸ਼ ਰੇਲਗੱਡੀਆਂ–2025

**ਰੇਲਯਾਤਰੀਆਂ ਦੀ ਸੁਵਿਧਾਜਨਕ ਆਉਣ–ਜਾਣ ਲਈ ਰੇਲਵੇ ਦੁਵਾਰਾ ਹੇਠਾ ਲਿਖੀ ਗਰਮੀ ਦੀਆਂ ਵਿਸ਼ੇਸ਼ ਰੇਲਗੱਡੀਆਂ ਹੇਠਾ ਲਿਖੇ ਵੇਰਵੇ ਦੇ ਅਨੁਸਾਰ ਚਲਾਏਗੀ :–**

**ਉੱਤਰ ਰੇਲਵੇ ਨੇਟਵਰਕ ਤੋਂ ਯਾਤਰਾ ਸ਼ੁਰੂ ਕਰਨ ਵਾਲੀ/ਸਮਾਪਤ ਕਰਨ ਵਾਲੀ ਗਰਮੀ ਦੀਆਂ ਵਿਸ਼ੇਸ਼ ਰੇਲਗੱਡੀਆਂ ਦੀ ਸੂਚੀ**

| ਗੱਡੀ ਨੰਬਰ | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਆਵਿਰਤੀ | ਚਲਨ ਦੇ ਦਿਨ | ਚਲਨ ਦੀ ਮਿਤੀ |
|---|---|---|---|---|---|---|---|
| 04088 | ਨਵੀਂ ਦਿੱਲੀ | 15:50 | ਪਟਨਾ ਜੰਕਸ਼ਨ | 08:40 | ਹਰਰੋਜ਼ | | 10.07.2025 ਤਕ |
| 04087 | ਪਟਨਾ ਜੰਕਸ਼ਨ | 12:00 | ਨਵੀਂ ਦਿੱਲੀ | 04:40 | | | 11.07.2025 ਤਕ |
| 04064 | ਨਵੀਂ ਦਿੱਲੀ | 09:30 | ਸ਼ੇਖਪੁਰਾ | 05:00 | ਦ੍ਵਿ- ਸਪਤਾਹਿਕ | ਸੋਮ, ਵੀਰ | 10.07.2025 ਤਕ |
| 04063 | ਸ਼ੇਖਪੁਰਾ | 07:00 | ਨਵੀਂ ਦਿੱਲੀ | 23:35 | | ਮੰਗਲ, ਸ਼ੁੱਕਰ | 11.07.2025 ਤਕ |
| 04066 | ਨਵੀਂ ਦਿੱਲੀ | 21:35 | ਸਹਰਸਾ ਜੰਕਸ਼ਨ | 22:00 | ਦ੍ਵਿ- ਸਪਤਾਹਿਕ | ਸੋਮ, ਵੀਰ | 10.07.2025 ਤਕ |
| 04065 | ਸਹਰਸਾ ਜੰਕਸ਼ਨ | 23:55 | ਨਵੀਂ ਦਿੱਲੀ | 23:30 | | ਮੰਗਲ, ਸ਼ੁੱਕਰ | 11.07.2025 ਤਕ |
| 04022 | ਨਵੀਂ ਦਿੱਲੀ | 14:00 | ਗੋਰਖਪੁਰ | 05:00 | ਸਪਤਾਹਿਕ | ਸ਼ੁੱਕਰਵਾਰ | 09.05.2025 ਤੋਂ 11.07.2025 |
| 04021 | ਗੋਰਖਪੁਰ | 07:00 | ਨਵੀਂ ਦਿੱਲੀ | 23:10 | | ਸ਼ਨੀਵਾਰ | 10.05.2025 ਤੋਂ 12.07.2025 |
| 04081 | ਨਵੀਂ ਦਿੱਲੀ | 23:45 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 11:40 | ਦ੍ਵਿ- ਸਪਤਾਹਿਕ | ਸੋਮਵਾਰ, ਬੁੱਧ, ਸ਼ਨੀ | 12.07.2025 ਤਕ |
| 04082 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 21:20 | ਨਵੀਂ ਦਿੱਲੀ | 09:30 | | ਮੰਗਲ, ਵੀਰ, ਐਤਵਾਰ | 13.07.2025 ਤਕ |
| 04012 | ਦਿੱਲੀ ਜੰਕਸ਼ਨ | 19:30 | ਦਰਭੰਗਾ ਜੰਕਸ਼ਨ | 20:30 | ਦ੍ਵਿ- ਸਪਤਾਹਿਕ | ਮੰਗਲ, ਸ਼ੁੱਕਰ | 11.07.2025 ਤਕ |
| 04011 | ਦਰਭੰਗਾ ਜੰਕਸ਼ਨ | 22:00 | ਦਿੱਲੀ ਜੰਕਸ਼ਨ | 22:40 | | ਬੁੱਧ, ਸ਼ਨੀ | 12.07.2025 ਤਕ |
| 04024 | ਦਿੱਲੀ ਜੰਕਸ਼ਨ | 19:30 | ਵਾਰਾਣਸੀ ਜੰਕਸ਼ਨ | 09:45 | ਤ੍ਰਿ- ਸਪਤਾਹਿਕ | ਸੋਮ,ਵੀਰ,ਸ਼ਨੀ | 10.07.2025 ਤਕ |
| 04023 | ਵਾਰਾਣਸੀ ਜੰਕਸ਼ਨ | 18:35 | ਦਿੱਲੀ ਜੰਕਸ਼ਨ | 08:50 | | ਮੰਗਲ,ਸ਼ੁੱਕਰ,ਐਤ | 11.07.2025 ਤਕ |
| 04026 | ਦਿੱਲੀ ਜੰਕਸ਼ਨ | 23:05 | ਰਕਸੋਲ ਜੰਕਸ਼ਨ | 19:00 | ਸਪਤਾਹਿਕ | ਵੀਰਵਾਰ | 10.07.2025 ਤਕ |
| 04025 | ਰਕਸੋਲ ਜੰਕਸ਼ਨ | 22:00 | ਦਿੱਲੀ ਜੰਕਸ਼ਨ | 17:45 | | ਸ਼ੁੱਕਰਵਾਰ | 09.05.2025 ਤੋਂ 11.07.2025 |
| 04018 | ਆਨੰਦ ਵਿਹਾਰ (ਟ) | 09:00 | ਮੁਜ਼ੱਫਰਪੁਰ ਜੰ: | 06:00 | ਸਪਤਾਹਿਕ | ਵੀਰਵਾਰ | 29.05.2025 ਤਕ |
| 04017 | ਮੁਜ਼ੱਫਰਪੁਰ ਜੰ: | 07:30 | ਆਨੰਦ ਵਿਹਾਰ (ਟ) | 06:00 | | ਸ਼ੁੱਕਰਵਾਰ | 30.05.2025 ਤਕ |
| 04020 | ਆਨੰਦ ਵਿਹਾਰ (ਟ) | 19:30 | ਬਰੌਨੀ ਜੰਕਸ਼ਨ | 18:00 | ਸਪਤਾਹਿਕ | ਐਤਵਾਰ | 06.07.2025 ਤਕ |
| 04019 | ਬਰੌਨੀ ਜੰਕਸ਼ਨ | 20:00 | ਆਨੰਦ ਵਿਹਾਰ (ਟ) | 19:00 | | ਸੋਮਵਾਰ | 07.07.2025 ਤਕ |
| 04070 | ਆਨੰਦ ਵਿਹਾਰ (ਟ) | 00:20 | ਰਾਜਗੀਰ | 19:50 | ਦ੍ਵਿ- ਸਪਤਾਹਿਕ | ਮੰਗਲ, ਸ਼ੁੱਕਰ | 11.07.2025 ਤਕ |
| 04069 | ਰਾਜਗੀਰ | 23:30 | ਨਵੀਂ ਦਿੱਲੀ | 19:00 | | ਮੰਗਲ, ਸ਼ੁੱਕਰ | 11.07.2025 ਤਕ |
| 04096 | ਆਨੰਦ ਵਿਹਾਰ (ਟ) | 05:00 | ਜੈਨਗਰ | 12:00 | ਦ੍ਵਿ- ਸਪਤਾਹਿਕ | ਸੋਮ, ਵੀਰ | 10.07.2025 ਤਕ |
| 04095 | ਜੈਨਗਰ | 17:00 | ਆਨੰਦ ਵਿਹਾਰ (ਟ) | 19:55 | | ਮੰਗਲ, ਸ਼ੁੱਕਰ | 11.07.2025 ਤਕ |
| 04098 | ਆਨੰਦ ਵਿਹਾਰ (ਟ) | 05:00 | ਸੀਤਾਮੜੀ | 02:30 | ਦ੍ਵਿ- ਸਪਤਾਹਿਕ | ਮੰਗਲ, ਸ਼ੁੱਕਰ | 11.07.2025 ਤਕ |
| 04097 | ਸੀਤਾਮੜੀ | 03:45 | ਆਨੰਦ ਵਿਹਾਰ (ਟ) | 01:30 | | ਬੁੱਧ, ਸ਼ਨੀ | 12.07.2025 ਤਕ |
| 04030 | ਆਨੰਦ ਵਿਹਾਰ (ਟ) | 09:00 | ਮੁਜ਼ੱਫਰਪੁਰ ਜੰਕਸ਼ਨ | 04:30 | ਦ੍ਵਿ- ਸਪਤਾਹਿਕ | ਮੰਗਲ, ਸ਼ਨੀ | 17.05.2025 ਤਕ |
| 04029 | ਮੁਜ਼ੱਫਰਪੁਰ ਜੰਕਸ਼ਨ | 06:15 | ਆਨੰਦ ਵਿਹਾਰ (ਟ) | 03:10 | | ਬੁੱਧ, ਐਤ | 18.05.2025 ਤਕ |
| 04094 | ਆਨੰਦ ਵਿਹਾਰ (ਟ) | 23:55 | ਜੋਗਬਨੀ | 07:30 | ਸਪਤਾਹਿਕ | ਵੀਰਵਾਰ | 10.07.2025 ਤਕ |
| 04093 | ਜੋਗਬਨੀ | 09:30 | ਆਨੰਦ ਵਿਹਾਰ (ਟ) | 16:00 | | ਸ਼ਨੀਵਾਰ | 12.07.2025 ਤਕ |
| 04207 | ਲਖਨਊ ਜੰਕਸ਼ਨ | 08:05 | ਨਵੀਂ ਦਿੱਲੀ | 17:50 | ਸਪਤਾਹਿਕ | ਸੋਮਵਾਰ | 07.07.2025 ਤਕ |
| 04208 | ਨਵੀਂ ਦਿੱਲੀ | 20:20 | ਲਖਨਊ ਜੰਕਸ਼ਨ | 06:00 | | ਸੋਮਵਾਰ | 07.07.2025 ਤਕ |
| 04213 | ਅਯੋਧਿਆ ਕੈਂਟ | 18:20 | ਆਨੰਦ ਵਿਹਾਰ (ਟ) | 06:00 | ਤ੍ਰਿ- ਸਪਤਾਹਿਕ | ਐਤ,ਮੰਗਲ,ਵੀਰ | 10.07.2025 ਤਕ |
| 04214 | ਆਨੰਦ ਵਿਹਾਰ (ਟ) | 09:00 | ਅਯੋਧਿਆ ਕੈਂਟ | 22:00 | | ਸੋਮ,ਬੁੱਧ,ਸ਼ੁੱਕਰ | 11.07.2025 ਤਕ |
| 04687 | ਬਨਿਹਾਲ | 18:40 | ਬਡਗਾਮ | 20:20 | ਸਪਤਾਹ ਵਿਚ 06 ਦਿਨ | ਸ਼ੁੱਕਰਵਾਰ ਨੂੰ ਛੱਡਕੇ | 03.06.2025 ਤਕ |
| 04688 | ਬਡਗਾਮ | 08:35 | ਬਨਿਹਾਲ | 10:40 | | | 03.06.2025 ਤਕ |
| 04217 | ਵਾਰਾਣਸੀ ਜੰਕਸ਼ਨ | 06:25 | ਲਖਨਊ ਜੰਕਸ਼ਨ | 11:45 | ਹਰਰੋਜ਼ | | 30.06.2025 ਤਕ |
| 04218 | ਲਖਨਊ ਜੰਕਸ਼ਨ | 16:30 | ਵਾਰਾਣਸੀ ਜੰਕਸ਼ਨ | 21:50 | | | 30.06.2025 ਤਕ |
| 04219 | ਸ਼ਾਹਗੰਜ ਜੰਕਸ਼ਨ | 22:35 | ਅਯੋਧਿਆ ਧਾਮ ਜੰਕਸ਼ਨ | 01:40 | ਹਰਰੋਜ਼ | | 10.07.2025 ਤਕ |
| 04220 | ਅਯੋਧਿਆ ਧਾਮ ਜੰਕਸ਼ਨ | 02:10 | ਸ਼ਾਹਗੰਜ ਜੰਕਸ਼ਨ | 04:40 | | | 10.07.2025 ਤਕ |
| 02270 | ਲਖਨਊ ਜੰਕਸ਼ਨ | 14:15 | ਛਪਰਾ | 21:30 | ਸਪਤਾਹ ਵਿਚ 06 ਦਿਨ | ਮੰਗਲਵਾਰ ਨੂੰ ਛੱਡਕੇ | 11.07.2025 ਤਕ |
| 02269 | ਛਪਰਾ | 23:00 | ਲਖਨਊ ਜੰਕਸ਼ਨ | 06:30 | | | 11.07.2025 ਤਕ |
| 04604 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 18:15 | ਵਾਰਾਣਸੀ ਜੰਕਸ਼ਨ | 19:00 | ਸਪਤਾਹਿਕ | ਐਤਵਾਰ | 06.07.2025 ਤਕ |
| 04603 | ਵਾਰਾਣਸੀ ਜੰਕਸ਼ਨ | 05:30 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 11:25 | | ਮੰਗਲਵਾਰ | 08.07.2025 ਤਕ |
| 04206 | ਵਾਰਾਣਸੀ ਜੰਕਸ਼ਨ | 14:50 | ਚੰਡੀਗੜ੍ਹ | 07:45 | ਸਪਤਾਹਿਕ | ਸ਼ਨੀਵਾਰ | 05.07.2025 ਤਕ |
| 04205 | ਚੰਡੀਗੜ੍ਹ | 09:30 | ਵਾਰਾਣਸੀ ਜੰਕਸ਼ਨ | 01:20 | | ਐਤਵਾਰ | 06.07.2025 ਤਕ |
| 04518 | ਬਠਿੰਡਾ ਜੰਕਸ਼ਨ | 20:50 | ਵਾਰਾਣਸੀ ਜੰਕਸ਼ਨ | 17:30 | ਦ੍ਵਿ-ਸਪਤਾਹਿਕ | ਸੋਮ, ਸ਼ੁੱਕਰ | 11.07.2025 ਤਕ |
| 04517 | ਵਾਰਾਣਸੀ ਜੰਕਸ਼ਨ | 20:40 | ਬਠਿੰਡਾ ਜੰਕਸ਼ਨ | 17:00 | | ਮੰਗਲ, ਸ਼ਨੀ | 12.07.2025 ਤਕ |
| 04209 | ਲਖਨਊ ਜੰਕਸ਼ਨ | 20:45 | ਚੰਡੀਗੜ੍ਹ | 07:55 | ਤ੍ਰਿ-ਸਪਤਾਹਿਕ | ਸੋਮ,ਬੁੱਧ,ਸ਼ੁੱਕਰ | 09.07.2025 ਤਕ |
| 04210 | ਚੰਡੀਗੜ੍ਹ | 10:20 | ਲਖਨਊ ਜੰਕਸ਼ਨ | 21:30 | | ਮੰਗਲ,ਵੀਰ,ਸ਼ਨੀ | 10.07.2025 ਤਕ |
| 04504 | ਚੰਡੀਗੜ੍ਹ | 23:35 | ਪਟਨਾ ਜੰਕਸ਼ਨ | 22:10 | ਸਪਤਾਹਿਕ | ਵੀਰਵਾਰ | 29.05.2025 ਤਕ |
| 04503 | ਪਟਨਾ ਜੰਕਸ਼ਨ | 22:45 | ਚੰਡੀਗੜ੍ਹ | 23:10 | | ਸ਼ੁੱਕਰਵਾਰ | 30.05.2025 ਤਕ |
| 04302 | ਯੋਗ ਨਗਰੀ ਰਿਸ਼ੀਕੇਸ਼ | 15:20 | ਮੁਜ਼ੱਫਰਪੁਰ ਜੰਕਸ਼ਨ | 13:00 | ਸਪਤਾਹਿਕ | ਮੰਗਲਵਾਰ | 15.07.2025 ਤਕ |
| 04301 | ਮੁਜ਼ੱਫਰਪੁਰ ਜੰਕਸ਼ਨ | 15:00 | ਯੋਗ ਨਗਰੀ ਰਿਸ਼ੀਕੇਸ਼ | 14:20 | | ਬੁੱਧਵਾਰ | 16.07.2025 ਤਕ |
| 04606 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 21:30 | ਗੁਵਾਹਟੀ | 19:10 | ਸਪਤਾਹਿਕ | ਸ਼ੁੱਕਰਵਾਰ | 30.05.2025 ਤਕ |
| 04605 | ਗੁਵਾਹਟੀ | 23:20 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 20:45 | | ਸੋਮਵਾਰ | 02.06.2025 ਤਕ |
| 04610 | ਜੰਮੂ ਤਵੀ | 06:20 | ਵਾਰਾਣਸੀ ਜੰਕਸ਼ਨ | 05:10 | ਸਪਤਾਹਿਕ | ਵੀਰਵਾਰ | 09.07.2025 ਤਕ |
| 04609 | ਵਾਰਾਣਸੀ ਜੰਕਸ਼ਨ | 09:00 | ਜੰਮੂ ਤਵੀ | 07:45 | | ਸ਼ੁੱਕਰਵਾਰ | 09.05.2025 ਤੋਂ 10.07.2025 |
| 04304 | ਯੋਗ ਨਗਰੀ ਰਿਸ਼ੀਕੇਸ਼ | 15:20 | ਗੋਰਖਪੁਰ | 06:20 | ਸਪਤਾਹਿਕ | ਸ਼ਨੀਵਾਰ | 10.05.2025 ਤੋਂ 12.07.2025 |
| 04303 | ਗੋਰਖਪੁਰ | 09:00 | ਯੋਗ ਨਗਰੀ ਰਿਸ਼ੀਕੇਸ਼ | 00:55 | | ਐਤਵਾਰ | 11.05.2025 ਤੋਂ 13.07.2025 |
| 04602 | ਫ਼ਿਰੋਜ਼ਪੁਰ ਕੈਂਟ ਜੰਕਸ਼ਲ | 15:10 | ਪਟਨਾ ਜੰਕਸ਼ਨ | 18:00 | ਦ੍ਵਿ-ਸਪਤਾਹਿਕ | ਬੁੱਧ, ਸ਼ਨੀਵਾਰ | 12.07.2025 ਤਕ |
| 04601 | ਪਟਨਾ ਜੰਕਸ਼ਨ | 20:50 | ਫ਼ਿਰੋਜ਼ਪੁਰ ਕੈਂਟ ਜੰਕਸ਼ਲ | 23:55 | | ਵੀਰ, ਐਤਵਾਰ | 13.07.2025 ਤਕ |
| 04608 | ਅੰਮ੍ਰਿਤਸਰ ਜੰਕਸ਼ਨ | 20:10 | ਦਰਭੰਗਾ ਜੰਕਸ਼ਨ | 02:30 | ਸਪਤਾਹਿਕ | ਸ਼ੁੱਕਰਵਾਰ | 09.05.2025 ਤੋਂ 11.07.2025 |
| 04607 | ਦਰਭੰਗਾ ਜੰਕਸ਼ਨ | 04:00 | ਅੰਮ੍ਰਿਤਸਰ ਜੰਕਸ਼ਨ | 10:30 | | ਐਤਵਾਰ | 11.05.2025 ਤੋਂ 13.07.2025 |
| 04212 | ਸੁਲਤਾਨਪੁਰ ਜੰਕਸ਼ਨ | 04:00 | ਲੋਕਮਾਨਯ ਤਿਲਕ | 14:00 | ਸਪਤਾਹਿਕ | ਸੋਮਵਾਰ | 23.06.2025 ਤਕ |
| 04211 | ਲੋਕਮਾਨਯ ਤਿਲਕ | 16:35 | ਸੁਲਤਾਨਪੁਰ ਜੰਕਸ਼ਨ | 23:00 | | ਮੰਗਲਵਾਰ | 24.06.2025 ਤਕ |
| 03255 | ਪਟਨਾ ਜੰਕਸ਼ਨ | 22:20 | ਆਨੰਦ ਵਿਹਾਰ (ਟ) | 18:35 | ਦ੍ਵਿ- ਸਪਤਾਹਿਕ | ਐਤ, ਵੀਰ | 02.01.2025 ਤੋਂ ਅਗਲੇ ਆਦੇਸ਼ ਤਕ |
| 03256 | ਆਨੰਦ ਵਿਹਾਰ (ਟ) | 23:30 | ਪਟਨਾ ਜੰਕਸ਼ਨ | 18:35 | | ਸੋਮ, ਸ਼ੁੱਕਰ | 03.01.2025 ਤੋਂ ਅਗਲੇ ਆਦੇਸ਼ ਤਕ |
| 05049 | ਛਪਰਾ | 10:15 | ਅੰਮ੍ਰਿਤਸਰ ਜੰਕਸ਼ਨ | 13:50 | ਸਪਤਾਹਿਕ | ਸ਼ੁੱਕਰਵਾਰ | 07.02.2025 ਤੋਂ ਅਗਲੇ ਆਦੇਸ਼ ਤਕ |
| 05050 | ਅੰਮ੍ਰਿਤਸਰ ਜੰਕਸ਼ਨ | 17:45 | ਛਪਰਾ | 23:55 | | ਸ਼ਨੀਵਾਰ | 08.02.2025 ਤੋਂ ਅਗਲੇ ਆਦੇਸ਼ ਤਕ |
| 05305 | ਛਪਰਾ | 22:00 | ਆਨੰਦ ਵਿਹਾਰ (ਟ) | 00:20 | ਦ੍ਵਿ- ਸਪਤਾਹਿਕ | ਸੋਮ, ਵੀਰ | 17.02.2025 ਤੋਂ ਅਗਲੇ ਆਦੇਸ਼ ਤਕ |
| 05306 | ਆਨੰਦ ਵਿਹਾਰ (ਟ) | 22:10 | ਛਪਰਾ | 22:50 | | ਬੁੱਧ, ਸ਼ਨੀ | 19.02.2025 ਤੋਂ ਅਗਲੇ ਆਦੇਸ਼ ਤਕ |
| 05057 | ਗੋਰਖਪੁਰ ਜੰਕਸ਼ਨ | 22:45 | ਦਿੱਲੀ ਜੰਕਸ਼ਨ | 12:50 | ਸਪਤਾਹਿਕ | ਵੀਰਵਾਰ | 06.02.2025 ਤੋਂ ਅਗਲੇ ਆਦੇਸ਼ ਤਕ |
| 05058 | ਦਿੱਲੀ ਜੰਕਸ਼ਨ | 14:00 | ਗੋਰਖਪੁਰ ਜੰਕਸ਼ਨ | 06:25 | | ਸ਼ੁੱਕਰਵਾਰ | 07.02.2025 ਤੋਂ ਅਗਲੇ ਆਦੇਸ਼ ਤਕ |
| 01701 | ਜਬਲਪੁਰ | 19:40 | ਅਯੋਧਿਆ ਕੈਂਟ | 11:00 | ਸਪਤਾਹਿਕ | ਬੁੱਧਵਾਰ | 25.06.2025 ਤਕ |
| 01702 | ਅਯੋਧਿਆ ਕੈਂਟ | 13:30 | ਜਬਲਪੁਰ | 04:15 | | ਵੀਰਵਾਰ | 26.06.2025 ਤਕ |
| 03309 | ਧਨਬਾਦ ਜੰਕਸ਼ਨ | 10:10 | ਜੰਮੂ ਤਵੀ | 22:40 | ਦ੍ਵਿ- ਸਪਤਾਹਿਕ | ਮੰਗਲ, ਸ਼ਨੀ | 28.06.2025 ਤਕ |
| 03310 | ਜੰਮੂ ਤਵੀ | 23:30 | ਧਨਬਾਦ ਜੰਕਸ਼ਨ | 14:00 | | ਬੁੱਧ, ਐਤ | 29.06.2025 ਤਕ |
| 02397 | ਗਯਾ | 14:15 | ਆਨੰਦ ਵਿਹਾਰ (ਟ) | 07:10 | ਸਪਤਾਹਿਕ | ਐਤਵਾਰ | 29.06.2025 ਤਕ |
| 02398 | ਆਨੰਦ ਵਿਹਾਰ (ਟ) | 08:20 | ਗਯਾ | 00:30 | | ਸੋਮਵਾਰ | 30.06.2025 ਤਕ |
| 03257 | ਦਾਨਾਪੁਰ | 07:30 | ਆਨੰਦ ਵਿਹਾਰ (ਟ) | 00:30 | ਸਪਤਾਹਿਕ | ਐਤਵਾਰ | 27.07.2025 ਤਕ |
| 03258 | ਆਨੰਦ ਵਿਹਾਰ (ਟ) | 05:00 | ਦਾਨਾਪੁਰ | 20:45 | | ਸੋਮਵਾਰ | 28.07.2025 ਤਕ |
| 03697 | ਗਯਾ | 14:15 | ਦਿੱਲੀ ਜੰਕਸ਼ਨ | 07:45 | ਸਪਤਾਹ ਵਿਚ 06 ਦਿਨ | ਐਤ ਨੂੰ ਛੱਡਕੇ | 30.06.2025 ਤਕ |
| 03698 | ਦਿੱਲੀ ਜੰਕਸ਼ਨ | 08:55 | ਗਯਾ | 00:30 | | ਸੋਮ ਨੂੰ ਛੱਡਕੇ | 01.07.2025 ਤਕ |
| 05577 | ਸਹਰਸਾ ਜੰਕਸ਼ਨ | 20:00 | ਆਨੰਦ ਵਿਹਾਰ (ਟ) | 00:30 | ਸਪਤਾਹ ਵਿਚ 05 ਦਿਨ | ਵੀਰ, ਸ਼ਨੀ ਨੂੰ ਛੱਡਕੇ | 30.06.2025 ਤਕ |
| 05578 | ਆਨੰਦ ਵਿਹਾਰ (ਟ) | 05:15 | ਸਹਰਸਾ ਜੰਕਸ਼ਨ | 10:30 | | ਸ਼ਨੀ, ਸੋਮ ਨੂੰ ਛੱਡਕੇ | 02.07.2025 ਤਕ |
| 02393 | ਰਾਜੇਂਦਰ ਨਗਰ | 20:10 | ਨਵੀਂ ਦਿੱਲੀ | 12:10 | ਸਪਤਾਹ ਵਿਚ 06 ਦਿਨ | ਵੀਰਵਾਰ ਨੂੰ ਛੱਡਕੇ | 30.06.2025 ਤਕ |
| 02394 | ਨਵੀਂ ਦਿੱਲੀ | 13:20 | ਰਾਜੇਂਦਰ ਨਗਰ | 07:00 | | ਸ਼ੁੱਕਰ ਨੂੰ ਛੱਡਕੇ | 01.07.2025 ਤਕ |
| 02877 | ਰਾਂਚੀ | 23:55 | ਨਵੀਂ ਦਿੱਲੀ | 03:00 | ਸਪਤਾਹਿਕ | ਸ਼ੁੱਕਰਵਾਰ | 27.06.2025 ਤਕ |
| 02878 | ਨਵੀਂ ਦਿੱਲੀ | 04:00 | ਰਾਂਚੀ | 05:00 | | ਐਤਵਾਰ | 29.06.2025 ਤਕ |
| 05736 | ਕਟਿਹਾਰ ਜੰਕਸ਼ਨ | 21:00 | ਅੰਮ੍ਰਿਤਸਰ ਜੰਕਸ਼ਨ | 09:45 | ਸਪਤਾਹਿਕ | ਬੁੱਧਵਾਰ | 21.05.25 ਤੋਂ 25.06.25 ਤਕ |
| 05735 | ਅੰਮ੍ਰਿਤਸਰ ਜੰਕਸ਼ਨ | 13:25 | ਕਟਿਹਾਰ ਜੰਕਸ਼ਨ | 23:45 | | ਸ਼ੁੱਕਰਵਾਰ | 23.05.25 ਤੋਂ 27.06.25 ਤਕ |
| 09183 | ਮੁੰਬਈ ਸੈਂਟਰਲ | 22:50 | ਵਾਰਾਣਸੀ ਜੰਕਸ਼ਨ | 10:30 | ਸਪਤਾਹਿਕ | ਬੁੱਧਵਾਰ | 25.06.2025 ਤਕ |
| 09184 | ਵਾਰਾਣਸੀ ਜੰਕਸ਼ਨ | 14:30 | ਮੁੰਬਈ ਸੈਂਟਰਲ | 04:20 | | ਸ਼ੁੱਕਰਵਾਰ | 27.06.2025 ਤਕ |
| 03223 | ਰਾਜਗੀਰ | 06:05 | ਹਰਿਦੁਵਾਰ ਜੰਕਸ਼ਨ | 06:05 | ਸਪਤਾਹਿਕ | ਸ਼ੁੱਕਰਵਾਰ | 27.06.2025 ਤਕ |
| 04324 | ਹਰਿਦੁਵਾਰ ਜੰਕਸ਼ਨ | 07:20 | ਰਾਜਗੀਰ | 07:15 | | ਸ਼ਨੀਵਾਰ | 28.06.2025 ਤਕ |
| 03221 | ਰਾਜਗੀਰ | 14:00 | ਸ਼ਹੀਦ ਕਪਤਾਨ ਤੁਸ਼ਾਰ ਐਮ | 23:05 | ਸਪਤਾਹਿਕ | ਸੋਮਵਾਰ | 30.06.2025 ਤਕ |
| 03222 | ਸ਼ਹੀਦ ਕਪਤਾਨ ਤੁਸ਼ਾਰ ਐਮ | 03:15 | ਰਾਜਗੀਰ | 15:00 | | ਬੁੱਧਵਾਰ | 02.07.2025 ਤਕ |
| 05742 | ਨਯੂ ਜਲਪਾਈਗੁਡੀ | 13:40 | ਅਯੋਧਿਆ ਧਾਮ ਜੰਕਸ਼ਨ | 09:30 | ਸਪਤਾਹਿਕ | ਐਤਵਾਰ | 18.05.25 ਤੋਂ 29.06.25 ਤਕ |
| 05741 | ਅਯੋਧਿਆ ਧਾਮ ਜੰਕਸ਼ਨ | 11:40 | ਨਯੂ ਜਲਪਾਈਗੁਡੀ | 09:30 | | ਸੋਮਵਾਰ | 19.05.25 ਤੋਂ 30.06.25 ਤਕ |
| 03311 | ਧਨਬਾਦ ਜੰਕਸ਼ਨ | 23:50 | ਚੰਡੀਗੜ੍ਹ | 04:30 | ਦ੍ਵਿ- ਸਪਤਾਹਿਕ | ਮੰਗਲ, ਸ਼ੁੱਕਰ | 27.06.2025 ਤਕ |
| 03312 | ਚੰਡੀਗੜ੍ਹ | 06:00 | ਧਨਬਾਦ ਜੰਕਸ਼ਨ | 09:00 | | ਵੀਰ, ਐਤ | 29.06.2025 ਤਕ |
| 05113 | ਛਪਰਾ | 15:45 | ਆਨੰਦ ਵਿਹਾਰ (ਟ) | 14:25 | ਸਪਤਾਹਿਕ | ਬੁੱਧਵਾਰ | 14.05.25 ਤੋਂ 16.07.25 |
| 05114 | ਆਨੰਦ ਵਿਹਾਰ (ਟ) | 16:00 | ਛਪਰਾ | 14:00 | | ਵੀਰਵਾਰ | 15.05.25 ਤੋਂ 17.07.25 |
| 05301 | ਮਊ ਜੰਕਸ਼ਨ | 04:00 | ਅੰਬਾਲਾ ਕੈਂਟ | 00:30 | ਸਪਤਾਹਿਕ | ਵੀਰਵਾਰ | 15.05.25 ਤੋਂ 17.07.25 |
| 05302 | ਅੰਬਾਲਾ ਕੈਂਟ | 01:40 | ਮਊ ਜੰਕਸ਼ਨ | 22:00 | | ਸ਼ੁੱਕਰਵਾਰ | 16.05.25 ਤੋਂ 18.07.25 |
| 05193 | ਛਪਰਾ | 14:00 | ਸ਼ਹੀਦ ਕਪਤਾਨ ਤੁਸ਼ਾਰ ਐਮ | 23:05 | ਸਪਤਾਹਿਕ | ਸੋਮਵਾਰ | 19.05.25 ਤੋਂ 14.07.25 |
| 05194 | ਸ਼ਹੀਦ ਕਪਤਾਨ ਤੁਸ਼ਾਰ ਐਮ | 00:10 | ਛਪਰਾ | 08:00 | | ਬੁੱਧਵਾਰ | 21.05.25 ਤੋਂ 16.07.25 |
| 07363 | ਹੁਬਲਲੀ ਜੰਕਸ਼ਨ | 20:30 | ਯੋਗ ਨਗਰੀ ਰਿਸ਼ੀਕੇਸ਼ | 23:30 | ਸਪਤਾਹਿਕ | ਸੋਮਵਾਰ | 24.02.2025 ਤੋਂ ਅਗਲੇ ਆਦੇਸ਼ ਤਕ |
| 07364 | ਯੋਗ ਨਗਰੀ ਰਿਸ਼ੀਕੇਸ਼ | 06:15 | ਹੁਬਲਲੀ ਜੰਕਸ਼ਨ | 06:30 | | ਵੀਰਵਾਰ | 27.02.2025 ਤੋਂ ਅਗਲੇ ਆਦੇਸ਼ ਤਕ |
| 01491 | ਪੂਣੇ | 17:30 | ਹਜ਼ਰਤ ਨਿਜ਼ਾਮੁਦੀਨ | 18:10 | ਸਪਤਾਹਿਕ | ਸ਼ੁੱਕਰਵਾਰ | 27.06.2025 ਤਕ |
| 01492 | ਹਜ਼ਰਤ ਨਿਜ਼ਾਮੁਦੀਨ | 22:10 | ਪੂਣੇ | 23:55 | | ਸ਼ਨੀਵਾਰ | 28.06.2025 ਤਕ |
| 09101 | ਵਡੋਦਰਾ ਜੰਕਸ਼ਨ | 19:00 | ਹਰਿਦੁਵਾਰ ਜੰਕਸ਼ਨ | 14:30 | ਸਪਤਾਹਿਕ | ਸ਼ਨੀਵਾਰ | 28.06.2025 ਤਕ |
| 09102 | ਹਰਿਦੁਵਾਰ ਜੰਕਸ਼ਨ | 17:20 | ਵਡੋਦਰਾ ਜੰਕਸ਼ਨ | 11:25 | | ਐਤਵਾਰ | 29.06.2025 ਤਕ |
| 07023 | ਚਰਲਪਲਲੀ | 20:45 | ਹਜ਼ਰਤ ਨਿਜ਼ਾਮੁਦੀਨ | 02:00 | ਸਪਤਾਹਿਕ | ਐਤਵਾਰ | 29.06.2025 ਤਕ |
| 07024 | ਹਜ਼ਰਤ ਨਿਜ਼ਾਮੁਦੀਨ | 04:00 | ਚਰਲਪਲਲੀ | 06:30 | | ਮੰਗਲਵਾਰ | 01.07.2025 ਤਕ |
| 07621 | ਹਜ਼ੂਰ ਸਾਹਿਬ ਨਾਂਦੇੜ | 08:45 | ਹਜ਼ਰਤ ਨਿਜ਼ਾਮੁਦੀਨ | 14:00 | ਸਪਤਾਹਿਕ | ਸ਼ਨੀਵਾਰ | 28.06.2025 ਤਕ |
| 07622 | ਹਜ਼ਰਤ ਨਿਜ਼ਾਮੁਦੀਨ | 21:40 | ਹਜ਼ੂਰ ਸਾਹਿਬ ਨਾਂਦੇੜ | 00:35 | | ਐਤਵਾਰ | 29.06.2025 ਤਕ |
| 09309 | ਇੰਦੋਰ ਜੰਕਸ਼ਨ | 17:00 | ਹਜ਼ਰਤ ਨਿਜ਼ਾਮੁਦੀਨ | 05:00 | ਦ੍ਵਿ- ਸਪਤਾਹਿਕ | ਸ਼ੁੱਕਰ, ਐਤ | 29.06.2025 ਤਕ |
| 09310 | ਹਜ਼ਰਤ ਨਿਜ਼ਾਮੁਦੀਨ | 08:20 | ਇੰਦੋਰ ਜੰਕਸ਼ਨ | 21:00 | | ਸ਼ਨੀ, ਸੋਮ | 30.06.2025 ਤਕ |
| 09003 | ਮੁੰਬਈ ਸੈਂਟਰਲ | 10:30 | ਦਿੱਲੀ ਜੰਕਸ਼ਨ | 10:00 | ਦ੍ਵਿ- ਸਪਤਾਹਿਕ | ਮੰਗਲ, ਸ਼ੁੱਕਰ | 27.06.2025 ਤਕ |
| 09004 | ਦਿੱਲੀ ਜੰਕਸ਼ਨ | 13:05 | ਮੁੰਬਈ ਸੈਂਟਰਲ | 13:30 | | ਬੁੱਧ, ਸ਼ਨੀ | 28.06.2025 ਤਕ |
| 09425 | ਸਾਬਰਮਤੀ | 17:20 | ਹਰਿਦੁਵਾਰ ਜੰਕਸ਼ਨ | 17:00 | ਦ੍ਵਿ- ਸਪਤਾਹਿਕ | ਵੀਰ, ਐਤ | 29.06.2025 ਤਕ |
| 09426 | ਹਰਿਦੁਵਾਰ ਜੰਕਸ਼ਨ | 21:00 | ਸਾਬਰਮਤੀ | 22:30 | | ਸ਼ੁੱਕਰ, ਸੋਮ | 30.06.2025 ਤਕ |
| 09603 | ਉਦਯਪੁਰ ਸਿਟੀ | 01:50 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 06:35 | ਸਪਤਾਹਿਕ | ਬੁੱਧਵਾਰ | 25.06.2025 ਤਕ |
| 09604 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 10:50 | ਉਦਯਪੁਰ ਸਿਟੀ | 13:55 | | ਵੀਰਵਾਰ | 26.06.2025 ਤਕ |
| 01441 | ਪੂਣੇ | 17:30 | ਹਜ਼ਰਤ ਨਿਜ਼ਾਮੁਦੀਨ | 18:10 | ਸਪਤਾਹਿਕ | ਮੰਗਲਵਾਰ | 27.05.2025 ਤਕ |
| 01442 | ਹਜ਼ਰਤ ਨਿਜ਼ਾਮੁਦੀਨ | 22:20 | ਪੂਣੇ | 02:45 | | ਬੁੱਧਵਾਰ | 28.05.2025 ਤਕ |
| 01705 | ਜਬਲਪੁਰ | 15:45 | ਹਰਿਦੁਵਾਰ ਜੰਕਸ਼ਨ | 13:50 | ਸਪਤਾਹਿਕ | ਬੁੱਧਵਾਰ | 25.06.2025 ਤਕ |
| 01706 | ਹਰਿਦੁਵਾਰ ਜੰਕਸ਼ਨ | 17:40 | ਜਬਲਪੁਰ | 17:50 | | ਵੀਰਵਾਰ | 26.06.2025 ਤਕ |
| 07077 | ਚਰਲਪਲਲੀ | 05:00 | ਦੇਹਰਾਦੂਨ | 19:20 | ਸਪਤਾਹਿਕ | ਮੰਗਲਵਾਰ | 27.05.2025 ਤਕ |
| 07078 | ਦੇਹਰਾਦੂਨ | 07:00 | ਚਰਲਪਲਲੀ | 22:30 | | ਵੀਰਵਾਰ | 29.05.2025 ਤਕ |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਜਿਸ ਤਰ੍ਹਾਂ ਮਾਰਗ ਵਿਚ ਪੈਣ ਵਾਲੇ ਸਟੇਸ਼ਨ ਅਤੇ ਉਨ੍ਹਾਂ ਦੀ ਪੂਰੀ ਸਮੇ–ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES App ਦੇਖੋ।

**ਉੱਤਰ ਰੇਲਵੇ**

ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤੇ ਸਾਨੂੰ ਫਾਲੋ ਕਰੋ

## ਸੰਪਾਦਕੀ

# ਟਰੰਪ ਦੇ ਸੌ ਦਿਨ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਦੂਜੀ ਵਾਰੀ ਹੁਣ ਤੱਕ ਕਾਫੀ ਉਥਲ-ਪੁਥਲ ਵਾਲੀ ਸਾਬਿਤ ਹੋਈ ਹੈ। ਉਨ੍ਹਾਂ ਨੂੰ ਸੱਤਾ ਸੰਭਾਲਿਆਂ ਸੌ ਦਿਨ ਪੂਰੇ ਹੋ ਗਏ ਹਨ ਪਰ ਇਸ ਦੌਰਾਨ ਟਰੰਪ ਪ੍ਰਤੀ ਲੋਕਾਂ ਦਾ ਉਤਸ਼ਾਹ ਲੋਕ ਰੋਹ ਵਿੱਚ ਤਬਦੀਲ ਹੁੰਦਾ ਜਾ ਰਿਹਾ ਹੈ। ਟਰੰਪ ਦੀ ਲੋਕਪ੍ਰਿਅਤਾ ਦੀ ਦਰਜਾਬੰਦੀ ਘਟ ਰਹੀ ਹੈ ਅਤੇ ਔਰਤਾਂ, ਸਪੇਨੀ ਭਾਸ਼ਾ ਬੋਲਣ ਵਾਲੇ ਅਮਰੀਕਨਾਂ ਅਤੇ ਆਜਾਦ ਵਰਗਾਂ ਨਾਲ ਸਬੰਧਿਤ ਵੋਟਰ ਸਮੂਹਾਂ ਅੰਦਰ ਨਾਰਾਜਗੀ ਵਧ ਰਹੀ ਹੈ ਅਤੇ ਇਨ੍ਹਾਂ ਵਰਗਾਂ ਨੇ ਹੀ ਉਨ੍ਹਾਂ ਦੀ ਚੁਣਾਵੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਜੇ ਇਹ ਰੁਝਾਨ ਜਾਰੀ ਰਹਿੰਦਾ ਹੈ ਤਾਂ ਉਨ੍ਹਾਂ ਲਈ ਮੁਸ਼ਕਿਲਾਂ ਵਧ ਜਾਣਗੀਆਂ। ਆਪਣੇ ਦੂਜੇ ਕਾਰਜਕਾਲ ਵਿੱਚ ਟਰੰਪ ਨੇ ਟੈਰਿਫ (ਬਾਹਰੋਂ ਆਉਣ ਵਾਲੇ ਸਾਮਾਨ ਤੇ ਸੇਵਾਵਾਂ ਉੱਪਰ ਮਹਿਸੂਲ) 'ਤੇ ਬਹੁਤ ਹੀ ਜਾਰਿਹਾਨਾ ਢੰਗ ਨਾਲ ਕੰਮ ਕੀਤਾ ਅਤੇ ਅਰਥਚਾਰੇ ਨੂੰ ਸੁਰਜੀਤ ਕਰਨ ਦੇ ਜੋ ਵਾਅਦੇ ਕੀਤੇ ਹਨ, ਉਨ੍ਹਾਂ ਕਰ ਕੇ ਬਾਜਾਰ ਵਿੱਚ ਤਰਥੱਲੀ ਮੱਚ ਗਈ ਅਤੇ ਮਹਿੰਗਾਈ ਵਧਣ ਦੇ ਆਸਾਰ ਪੈਦਾ ਹੋ ਗਏ ਹਨ। ਅਰਥਚਾਰੇ ਨੂੰ ਸੁਚੱਜੀ ਸੇਧ ਦੇਣ ਦੇ ਉਨ੍ਹਾਂ ਦੇ ਭਰੋਸੇ ਡਗਮਗਾ ਰਹੇ ਹਨ। ਇਸੇ ਦੌਰਾਨ ਉਨ੍ਹਾਂ ਦੀਆਂ ਸਖਤ ਆਵਾਸ ਨੀਤੀਆਂ ਕਰ ਕੇ ਲੋਕ ਰਾਏ ਵੰਡੀ ਗਈ ਹੈ। ਇਸ ਮਾਮਲੇ ਵਿੱਚ ਧੜਾਧੜ ਸਰਕਾਰੀ ਆਦੇਸ਼ਾਂ ਅਤੇ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਭੇਜਣ ਦੇ ਕਦਮਾਂ ਨੂੰ ਅਦਾਲਤਾਂ ਅਤੇ ਲੋਕ ਪ੍ਰਦਰਸ਼ਨਾਂ ਜਰੀਏ ਤਿੱਖੀ ਚੁਣੌਤੀ ਮਿਲ ਰਹੀ ਹੈ ਜਿਸ ਨਾਲ ਅਮਰੀਕੀ ਸਮਾਜ ਵਿੱਚ ਵੰਡੀਆਂ ਹੋਰ ਵਧ ਗਈਆਂ ਹਨ ਪਰ ਇਨ੍ਹਾਂ ਮਸਲਿਆਂ ਦੇ ਕੋਈ ਸਾਰਥਿਕ ਹੱਲ ਨਜਰ ਨਹੀਂ ਆ ਰਹੇ। ਨੌਜਵਾਨ ਅਤੇ ਘੱਟਗਿਣਤੀ ਸਮੂਹਾਂ ਦੇ ਵੋਟਰਾਂ ਵਿੱਚ ਟਰੰਪ ਸਰਕਾਰ ਪ੍ਰਤੀ ਰੋਸ ਫੈਲਦਾ ਜਾ ਰਿਹਾ ਹੈ। ਜਿੱਥੋਂ ਤੱਕ ਆਲਮੀ ਮੰਜਰ ਦਾ ਤਾਅਲੁਕ ਹੈ ਤਾਂ ਟਰੰਪ ਦੀ ਵਿਦੇਸ਼ ਨੀਤੀ ਵੀ ਵੰਡਪਾਊ ਸਾਬਿਤ ਹੋ ਰਹੀ ਹੈ। ਅਮਰੀਕਾ ਦੇ ਰਵਾਇਤੀ ਇਤਹਾਦੀ ਮੁਲਕਾਂ ਨਾਲ ਸਬੰਧਾਂ ਵਿੱਚ ਤਰੇੜਾਂ ਪੈ ਗਈਆਂ ਹਨ ਕਿਉਂਕਿ ਉਸ ਦੀ ਅਖੌਤੀ 'ਅਮਰੀਕਾ ਫਸਟ' ਨੀਤੀ ਵਿੱਚ ਕੂਟਨੀਤਕ ਨਫਾਸਤਾਂ ਲਈ ਕੋਈ ਥਾਂ ਨਹੀਂ ਹੈ। ਗ੍ਰੀਨਲੈਂਡ 'ਤੇ ਕਬਜਾ ਕਰਨ ਅਤੇ ਪਨਾਮਾ ਨਹਿਰ ਨੂੰ ਅਮਰੀਕਾ ਦੇ ਕੰਟਰੋਲ ਕਰਨ ਜਿਹੇ ਟਰੰਪ ਦੇ ਬਿਆਨਾਂ ਨਾਲ ਅਮਰੀਕਾ ਪ੍ਰਤੀ ਬੇਭਰੋਸਗੀ ਵਿੱਚ ਹੀ ਵਾਧਾ ਕੀਤਾ ਹੈ। ਸਾਰਾ ਧਿਆਨ ਸ਼ਾਸਨ ਨੂੰ ਸੰਭਾਲਣ ਦੀ ਥਾਂ ਸੁਰਖੀਆਂ ਨੂੰ ਸੰਭਾਲਣ 'ਤੇ ਲੱਗਾ ਹੋਇਆ ਹੈ। ਟਰੰਪ ਦਾ ਇਹ ਖਾਸ ਅੰਦਾਜ ਬਣ ਗਿਆ ਹੈ ਪਰ ਇਸ ਨੂੰ ਲੈ ਕੇ ਪਹਿਲਾਂ ਜਿੱਥੇ ਅਕਸਰ ਹੀ ਬੇਪ੍ਰਵਾਹ ਰਹਿੰਦੇ ਸਨ ਪਰ ਹੁਣ ਉਨ੍ਹਾਂ ਨੂੰ ਚੋਭਾਂ ਮਹਿਸੂਸ ਹੋਣ ਲੱਗ ਪਈਆਂ ਹਨ। ਹਾਲਾਂਕਿ ਉਨ੍ਹਾਂ ਦਾ ਵਫਾਦਾਰ ਰਿਪਬਲਿਕਨ ਆਧਾਰ ਕਾਇਮ ਹੈ ਪਰ ਕੌਮੀ ਪੱਧਰ 'ਤੇ ਵਿਆਪਕ ਭਰੋਸਾ ਡਿੱਗ ਰਿਹਾ ਹੈ। ਅਜਿਹੀ ਵੰਡਪਾਊ ਕਾਰਕਰਦਗੀ ਦੇ ਆਧਾਰ 'ਤੇ ਸਫਲਤਾ ਦੀ ਤਾਂ ਗੱਲ ਹੀ ਛੱਡ ਦਿਓ, ਸਗੋਂ ਉਨ੍ਹਾਂ ਦੇ ਕਾਰਜਕਾਲ ਦੀ ਅਉਧ ਕਾਇਮ ਰਹਿਣੀ ਮੁਸ਼ਕਿਲ ਹੋ ਜਾਵੇਗੀ। ਜੇ ਟਰੰਪ ਦੇ ਦੂਜੇ ਕਾਰਜਕਾਲ ਦੇ ਪਹਿਲੇ ਸੌ ਦਿਨਾਂ ਦੀ ਕਾਰਗੁਜਾਰੀ ਦੇ ਸ਼ੁਰੂਆਤੀ ਸੰਕੇਤ ਦੇਖੇ ਜਾਣ ਤਾਂ ਆਉਣ ਵਾਲੇ ਸਮੇਂ ਦਾ ਝਲਕਾਰਾ ਮਿਲ ਜਾਂਦਾ ਹੈ। ਟਰੰਪ ਦੇ ਮਾਮਲੇ ਇਹ ਦੱਸ ਰਹੇ ਹਨ ਕਿ ਉਨ੍ਹਾਂ ਨੂੰ ਆਪਣੇ ਪੱਕੇ ਹਮਾਇਤੀਆਂ ਤੋਂ ਪਰ੍ਹੇ ਹਮਾਇਤ ਜੁਟਾਉਣ ਵਿੱਚ ਸੰਘਰਸ਼ ਕਰਨਾ ਪਵੇਗਾ, ਅਰਥਚਾਰੇ ਦੇ ਮੁਹਾਜ 'ਤੇ ਹੋਰ ਝਟਕੇ ਲੱਗ ਸਕਦੇ ਹਨ, ਆਵਾਸ ਵਿਵਾਦਾਂ ਵਿੱਚ ਵਾਧਾ ਹੋ ਸਕਦਾ ਹੈ ਅਤੇ ਵਿਦੇਸ਼ ਨੀਤੀ ਦੇ ਖੇਤਰ ਵਿੱਚ ਨਮੋਸ਼ੀਆਂ ਪੱਲੇ ਪੈ ਸਕਦੀਆਂ ਹਨ। ਜੇ ਟਰੰਪ ਵੱਲੋਂ ਆਪਣੇ ਰਾਹ ਨੂੰ ਦਰੁਸਤ ਕਰਨ ਲਈ ਗੰਭੀਰਤਾ ਨਾਲ ਸੋਚ ਵਿਚਾਰ ਨਹੀਂ ਕੀਤੀ ਜਾਂਦੀ ਤਾਂ ਉਨ੍ਹਾਂ ਦਾ ਅਗਲਾ ਸਫਰ ਹੋਰ ਵੀ ਉਥਲ-ਪੁਥਲ ਭਰਿਆ ਸਾਬਿਤ ਹੋ ਸਕਦਾ ਹੈ।

EDITOR: RAVI BHARDWAJ, PUBLISHER, OWNER AND PRINTER OF DAILY "JAN JAGRAN" PRINTED at THE PRITING HUB, A-15, GT Karnal Road, Industrial Area, OPP. Mahendru Enclave, Delhi- 110033 and Published from B-244, Majlis Park, Lane-03, Delhi-110033.

RNI NO: DELPUN/2015/65303

ਮਾਲਕ, ਪ੍ਰਕਾਸ਼ਕ, ਸੰਪਾਦਕ ਤੇ ਪ੍ਰਿੰਟਰ ਰਵੀ ਭਾਰਦਵਾਜ, ਬੀ-244 ਮਜਲਿਸ ਪਾਰਕ, ਦਿੱਲੀ-33 ਨੇ ਦਾ ਪ੍ਰਿੰਟਿਗ ਹੱਬ, ਏ-15 ਜੀ ਟੀ ਕਰਨਾਲ ਰੋਡ, ਇੰਡਸਟ੍ਰੀਅਲ ਏਰੀਆ, ਆਪੋਜਿਟ ਮਹਿੰਦ੍ਰੂ ਇਨਕਲੇਵ, ਦਿੱਲੀ-33 ਤੋਂ ਪ੍ਰਕਾਸ਼ਿਤ ਕੀਤਾ।

R.N.I No. DELPUN/2015/65303

ਸਹਾਇਕ ਸੰਪਾਦਕ : ਗੋਬਿੰਦ ਸਿੰਘ

# ਮੰਝਧਾਰ 'ਚ ਫਸੇ ਪੰਜਾਬ ਦੀ ਪੁਕਾਰ

ਅੱਜ ਪੰਜਾਬ ਦੀ ਆਰਥਿਕ ਸਥਿਤੀ ਬਦ ਤੋਂ ਬਦਤਰ ਹੋ ਰਹੀ ਹੈ। ਨੌਜਵਾਨਾਂ ਦਾ ਵਿਦੇਸ਼ਾਂ ਨੂੰ ਕੂਚ ਅਤੇ ਪਿਛਲੇ ਦਿਨੀਂ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ ਬੇਰਹਿਮੀ ਨਾਲ ਦੇਸ਼ ਨਿਕਾਲੇ ਦਾ ਦੁੱਖ ਅਜਿਹੇ ਨਵੇਂ-ਨੀਵੇਂ ਵਰਤਾਰੇ ਹਨ ਜੋ ਇਨਸਾਨ ਨੂੰ ਝੰਜੋੜਦੇ ਹਨ। ਪਹਿਲਾਂ ਰਾਸ਼ਟਰੀ ਪੱਧਰ 'ਤੇ ਨੰਬਰ ਇਕ ਰਾਜ ਦਾ ਦਰਜਾ ਹਾਸਲ ਕਰਨ ਵਾਲਾ ਪੰਜਾਬ ਪਿਛਲੇ ਦੋ ਦਹਾਕਿਆਂ ਵਿਚ ਬੁਨਿਆਦੀ ਤੌਰ 'ਤੇ ਡਿੱਗ ਗਿਆ ਹੈ। ਵਧੇਰੇ ਚਿੰਤਾਜਨਕ ਤੱਥ ਇਹ ਹੈ ਕਿ ਇਹ ਪਿਛਲੇ ਦਸ ਸਾਲਾਂ ਤੋਂ ਰਾਸ਼ਟਰੀ ਪੱਧਰ 'ਤੇ ਲਗਾਤਾਰ ਅਠਾਰਵੇਂ ਸਥਾਨ 'ਤੇ ਬਣਿਆ ਹੋਇਆ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਖਾੜਕੂਵਾਦ ਦੇ ਦੌਰ ਦੌਰਾਨ ਵੀ ਰਾਜ ਦੀ ਖੇਤੀ ਆਰਥਿਕਤਾ ਆਪਣੇ ਪੈਰਾਂ 'ਤੇ ਖੜ੍ਹੀ ਰਹੀ ਸੀ।ਇਤਿਹਾਸਕ ਤੌਰ 'ਤੇ ਰਾਜ ਦੇ ਲੋਕ ਖੁਸ਼ਹਾਲ, ਪ੍ਰਗਤੀਸ਼ੀਲ ਅਤੇ ਬਹੁਤ ਮਿਹਨਤੀ ਰਹੇ ਹਨ। ਨੌਜਵਾਨਾਂ ਨੇ ਹਥਿਆਰਬੰਦ ਸੈਨਾਵਾਂ, ਪ੍ਰਸ਼ਾਸਕੀ ਸੇਵਾਵਾਂ, ਉਦਯੋਗ ਅਤੇ ਨਵੀਨਤਾਕਾਰੀ ਖੇਤੀ ਕੀਤੀ ਅਤੇ ਫਿਰ ਵੀ ਪੰਜਾਬ ਦੇ ਅਗਾਂਹਵਧੂ ਲੋਕ ਹੁਣ ਮਨਫੀ ਹੁੰਦੇ ਨਜਰ ਆ ਰਹੇ ਹਨ ਅਤੇ ਬਚਣ ਲਈ ਰਾਹ ਲੱਭ ਰਹੇ ਹਨ। ਸੰਨ 1947 ਦੀ ਵੰਡ ਤੋਂ ਬਾਅਦ ਭਾਰਤ-ਪਾਕਿ ਜੰਗਾਂ ਵਿਚ ਅਤੇ ਇਕ ਦਹਾਕੇ ਤੋਂ ਵੱਧ ਖਾੜਕੂਵਾਦ ਦੇ ਦੌਰ ਦੌਰਾਨ ਪੰਜਾਬ ਦੀ ਉਦਯੋਗਿਕ ਸ਼ਕਤੀ ਅਤੇ ਇਸ ਦੇ ਵਪਾਰ ਤੇ ਕਾਰੋਬਾਰ ਦੇ ਮੌਕਿਆਂ ਨੂੰ ਬਹੁਤ ਢਾਹ ਲੱਗੀ ਹੈ।ਰਾਜ ਦਾ ਮਾਲੀਆ ਘਟਦਾ ਗਿਆ ਅਤੇ ਦੇਸ਼ ਦੇ ਇਸ ਰੱਖਿਅਕ ਨੇ ਕਰਜ਼ੇ ਦੇ ਭਾਰੀ ਬੋਝ ਨੂੰ ਵਧਾਉਣਾ ਜਾਰੀ ਰੱਖਿਆ। ਮਾਲੀਏ ਨੂੰ ਜਿਆਦਾ ਵਧਾਉਣ ਵਿਚ ਅਸਮਰੱਥ ਪੰਜਾਬ ਦਾ ਕਰਜਾ ਹੁਣ 3,50,000 ਕਰੋੜ ਰੁਪਏ ਤੋਂ ਵਧ ਗਿਆ ਹੈ ਅਤੇ ਸਾਲ-ਦਰ-ਸਾਲ ਆਧਾਰ 'ਤੇ ਉਧਾਰ ਲੈ ਕੇ ਇਸ ਵਿਚ 10% ਜੋੜਦਾ ਜਾ ਰਿਹਾ ਹੈ। ਇਹ ਤਾਂ ਸਿਰਫ ਸਾਲਾਨਾ ਵਿਆਜ ਦੀਆਂ ਕਿਸ਼ਤਾਂ ਦਾ ਭੁਗਤਾਨ ਕਰਨ ਲਈ ਵੀ ਕਰਜੇ 'ਤੇ ਪੈਸਾ ਲੈਂਦਾ ਜਾ ਰਿਹਾ ਹੈ।ਪੰਜਾਬ ਸਿਰਫ ਆਰਥਿਕ ਪੱਖੋਂ ਹੀ ਹੇਠਾਂ ਨਹੀਂ ਖਿਸਕ ਰਿਹਾ ਹੈ, ਸਿਆਸੀ ਪੱਖੋਂ ਵੀ ਭਰੋਸੇ ਦੀ ਭਾਰੀ ਘਾਟ ਨਾਲ ਜੂਝ ਰਿਹਾ ਹੈ। ਪੰਜਾਬ ਦੀਆਂ ਅੱਜ ਦੀਆਂ ਸਮੱਸਿਆਵਾਂ ਨੂੰ ਹੋਂਦ ਦਾ ਹਾਣੀ ਕਰਾਰ ਦੇਣਾ ਕੋਈ ਵਧੀਕੀ ਨਹੀਂ ਹੋਵੇਗੀ। ਬਹੁਤ ਲੰਬੇ ਸਮੇਂ ਤੋਂ ਲੋਕਾਂ ਨੇ ਆਪਣੇ ਨੇਤਾਵਾਂ ਨੂੰ ਰਾਸ਼ਟਰੀ ਰਾਜਧਾਨੀ ਵੱਲ ਵਧਦੇ ਦੇਖਿਆ ਹੈ, ਆਪਣੀਆਂ ਛਾਤੀਆਂ ਠੋਕਦੇ ਹੋਏ, ਮੰਨੀਆਂ ਹੋਈਆਂ ਜਿੱਤਾਂ ਨੂੰ ਸਿਹਰੇ ਪਾ ਮਨਾਉਂਦਿਆਂ ਵੇਖਿਆ ਹੈ। ਅਫਸੋਸ, ਵਾਅਦਾਖਿਲਾਫੀ, ਆਸਾਨੀ ਨਾਲ ਪੰਜਾਬ ਵਿਰੋਧੀ ਸ਼ਕਤੀਆਂ ਦੁਆਰਾ ਦਿੱਤੇ ਧੋਖੇ ਅਤੇ ਬੇਵਕੂਫ ਬਣ ਕੇ ਵਾਪਸ ਪਰਤਣ ਕਾਰਨ ਇਕ ਹੋਰ ਨਿਘਾਰ ਵਾਲਾ ਸੂਬਾ ਹੋਂਦ 'ਚ ਆ ਚੁੱਕਾ ਹੈ। ਇਸ ਤੋਂ ਵੀ ਅੱਗੇ, ਪੰਜਾਬ ਦੀਆਂ ਕੇਂਦਰ ਵਿਚ ਬੇਲੋੜੀਆਂ ਸਿਫਾਰਸ਼ਾਂ ਨਜ਼ਰ ਆਉਂਦੀਆਂ ਹਨ।ਜਿਆਦਾਤਰ ਸਿਆਸਤਦਾਨਾਂ ਦੇ ਨਿੱਜੀ ਲਾਲਚ ਹਨ। ਜਦਕਿ ਦੇਸ਼ ਦੇ 'ਬਿਮਾਰੂ' ਰਾਜਾਂ ਨੇ ਰਾਜਨੀਤੀ ਦੇ ਨੰਬਰਾਂ ਦੀ ਖੇਡ ਵਿਚ ਬਹੁਤ ਸਾਰੇ ਲਾਭ ਪ੍ਰਾਪਤ ਕੀਤੇ ਹਨ। ਪਰ ਅੱਜ ਪੰਜਾਬ ਇਕ ਲਾਚਾਰ, ਰਾਜਨੀਤਕ ਤੌਰ 'ਤੇ ਮਹੱਤਵਹੀਣ ਅਤੇ ਕਰਜ਼ੇ ਵਿਚ ਡੁੱਬਿਆ ਹੋਇਆ ਰਾਜ ਹੈ।ਇਸ ਤਰ੍ਹਾਂ ਅੱਗੇ ਵਧਣ ਲਈ ਸਪਸ਼ਟ ਸੋਚ, ਭਵਿੱਖ ਦੀ ਦ੍ਰਿਸ਼ਟੀ ਅਤੇ ਹਕੀਕਤ ਨੂੰ ਗ੍ਰਹਿਣ ਕਰਨ ਦੀ ਸਮਝਦਾਰੀ ਦੀ ਲੋੜ ਹੈ। ਆਪਣੇ ਆਲੇ-ਦੁਆਲੇ ਝਾਤੀ ਮਾਰੋ ਅਤੇ ਇਕ ਮੌਜੂਦਾ ਨੇਤਾ ਦਾ ਨਾਂ ਦੱਸੋ ਜੋ ਤੁਹਾਨੂੰ ਦਲਦਲ ਵਿੱਚੋਂ ਪਾਰ ਲੰਘਾ ਸਕਦਾ ਹੈ ਤੇ ਪੰਜਾਬ ਨੂੰ ਇਸ ਘੁੰਮਣਘੇਰੀ ਵਿੱਚੋਂ ਕੱਢ ਸਕਦਾ ਹੋਵੇ। ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਸਰਕਾਰ ਦੇ ਅਧੀਨ, ਪੰਜਾਬ ਦੀਆਂ ਹੱਦਾਂ ਪੂਰੀ ਸਿੰਧੂ ਘਾਟੀ ਵਿਚ ਤਿੱਬਤ ਅਤੇ ਲੱਦਾਖ ਤੱਕ, ਖੈਬਰ ਤੱਕ ਅਤੇ ਹੇਠਾਂ ਦਿੱਲੀ ਤੱਕ ਫੈਲੀਆਂ ਹੋਈਆਂ ਸਨ।ਵੀਹਵੀਂ ਸਦੀ ਦੌਰਾਨ ਰਾਜ ਕੋਲ ਇਕ ਵੀ ਅਜਿਹਾ ਆਗੂ ਨਹੀਂ ਸੀ ਜੋ ਪ੍ਰਤਾਪ ਸਿੰਘ ਕੈਰੋਂ ਦੀ ਦੂਰਅੰਦੇਸ਼ੀ ਅਤੇ ਗਤੀਸ਼ੀਲਤਾ ਨਾਲ ਮੇਲ ਖਾਂਦਾ ਹੋਵੇ, ਜਿਸ ਨੇ ਆਪਣੇ ਸਾਢੇ ਅੱਠ ਸਾਲਾਂ (1957-1964) ਦੇ ਕਾਰਜਕਾਲ ਵਿਚ ਨਾ ਸਿਰਫ ਹਰੀ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਸਗੋਂ ਉਦਯੋਗਾਂ ਨੂੰ ਵੀ ਸੱਦਾ ਦਿੱਤਾ। ਇੱਥੋਂ ਤੱਕ ਕਿ ਉਸ ਨੇ ਕੋਰਬੁਜ਼ੀਅਰ ਪਾਸੋਂ ਰਾਜ ਦੀ ਨਵੀਂ ਰਾਜਧਾਨੀ ਚੰਡੀਗੜ੍ਹ ਦਾ ਨਿਰਮਾਣ ਵੀ ਕਰਵਾਇਆ।ਇਹ 1965 ਵਿਚ ਉਸ ਦੀ ਹੱਤਿਆ ਤੋਂ ਬਾਅਦ ਸੀ ਕਿ ਪੰਜਾਬ ਰਾਜ ਦਾ ਭਾਸ਼ਾਈ ਆਧਾਰ 'ਤੇ ਪੁਨਰਗਠਨ ਕੀਤਾ ਗਿਆ ਜਿਸ ਦਾ ਕੈਰੋਂ ਨੇ ਪੂਰੀ ਤਾਕਤ ਨਾਲ ਵਿਰੋਧ ਕੀਤਾ ਸੀ। ਇਸ ਨਵੇਂ ਘਟਨਾਕ੍ਰਮ ਦੇ ਨਾਲ ਇਹ ਮਾਨਮੱਤਾ ਰਾਜ, ਜਿਸ ਨੇ ਉਪ-ਮਹਾਦੀਪ ਦੀ ਵੰਡ ਲਈ ਰੈਡਕਲਿਫ ਦੁਆਰਾ ਖਿੱਚੀ ਗਈ ਲਕੀਰ ਕਾਰਨ ਆਪਣਾ 2,00,000 ਵਰਗ ਕਿੱਲੋਮੀਟਰ ਤੋਂ ਵੱਧ ਖੇਤਰ ਪਾਕਿਸਤਾਨ ਨੂੰ ਗੁਆ ਦਿੱਤਾ ਸੀ, ਤਿੰਨ-ਰਾਜੀ ਹੱਲ ਲਈ ਆਪਣੇ-ਆਪ ਦਾ ਹੋਰ 58.8% ਗੁਆ ਬੈਠਾ। ਪੰਜਾਬ ਦੀ ਮਹਾਨ ਧਰਤੀ ਜਿਸ ਵਿਚ ਆਜ਼ਾਦੀ ਤੋਂ ਪਹਿਲਾਂ 3,60,000 ਵਰਗ ਕਿੱਲੋਮੀਟਰ ਦਾ ਵੱਡਾ ਹਿੱਸਾ ਸੀ, ਨੂੰ ਸਿਰਫ 50362 ਵਰਗ ਕਿੱਲੋਮੀਟਰ ਤੱਕ ਨਿਚੋੜ ਦਿੱਤਾ ਗਿਆ।ਵੰਡ ਨੇ ਪੰਜਾਬ ਦੀਆਂ ਸਭ ਤੋਂ ਉਪਜਾਊ ਜ਼ਮੀਨਾਂ ਅਤੇ ਇੱਥੋਂ ਦੇ ਲੋਕਾਂ ਦੀ ਦੌਲਤ ਖੋਹ ਲਈ। ਇਸ ਤੋਂ ਇਲਾਵਾ ਇਸ ਤੱਥ ਨੂੰ ਸਮਝੋ ਕਿ ਸਿੱਖਾਂ ਨੂੰ ਉਨ੍ਹਾਂ ਦੇ ਮਹਾਰਾਜਾ, ਰਣਜੀਤ ਸਿੰਘ ਦੁਆਰਾ ਬਣਾਈ ਗਈ ਆਪਣੀ ਠੋਸ ਵਿਰਾਸਤ ਦਾ 80 ਪ੍ਰਤੀਸ਼ਤ ਤਿਆਗਣਾ ਪਿਆ ਸੀ।ਪੰਜਾਬ ਨੇ ਆਪਣੇ ਲਗਪਗ ਤਿੰਨ ਦਰਿਆਵਾਂ ਨੂੰ ਗੁਆ ਦਿੱਤਾ ਅਤੇ ਬਾਅਦ ਵਿਚ ਤਿਕੋਣ ਦੇ ਨਾਲ ਆਪਣੇ ਜ਼ਿਆਦਾਤਰ ਪਾਣੀਆਂ, ਇਸ ਦੀ ਕੀਮਤੀ ਰਾਜਧਾਨੀ, ਇੱਥੋਂ ਤੱਕ ਕਿ ਨਿਆਂਪਾਲਿਕਾ ਦੇ ਗੜ੍ਹ ਹਾਈ ਕੋਰਟ ਨੂੰ ਵੀ ਵੰਡਣਾ ਪਿਆ। ਇਸ ਨੂੰ ਆਪਣੀਆਂ ਪਹਾੜੀਆਂ ਤੇ ਘਾਟੀਆਂ ਨੂੰ ਹਿਮਾਚਲ ਵੱਲ, ਅਤੇ ਰਾਸ਼ਟਰੀ ਰਾਜਧਾਨੀ ਨਾਲ ਨੇੜਲੀਆਂ ਥਾਵਾਂ ਸਮੇਤ ਬਹੁਤ ਸਾਰੀਆਂ ਜ਼ਮੀਨਾਂ ਹਰਿਆਣਾ ਨੂੰ ਦੇਣੀਆਂ ਪਈਆਂ। ਦਰਅਸਲ, ਕੱਦ ਅਤੇ ਆਕਾਰ ਪੱਖੋਂ ਪੰਜਾਬ ਘਟਦਾ ਹੀ ਗਿਆ।ਸਿੱਖਾਂ ਨੇ ਸੁਤੰਤਰਤਾ ਅੰਦੋਲਨ ਦੀ ਅਗਵਾਈ ਕਰਦਿਆਂ ਸਭ ਤੋਂ ਵੱਧ ਜਾਨਾਂ ਕੁਰਬਾਨ ਕੀਤੀਆਂ ਤੇ ਪਰਵਾਸ ਦੀ ਸਭ ਤੋਂ ਵੱਧ ਕੀਮਤ ਚੁਕਾਈ। ਜਦਕਿ ਉਨ੍ਹਾਂ ਨੇ ਬਟਵਾਰੇ ਦੀ ਤ੍ਰਾਸਦੀ ਨੂੰ ਬਹਾਦਰੀ ਨਾਲ ਝੱਲਿਆ, ਅਕਾਲੀ ਦਲ ਦੇ ਦਬਾਅ ਹੇਠ, ਉਨ੍ਹਾਂ ਨੇ ਪੰਜਾਬੀ ਸੂਬਾ ਲਹਿਰ ਕਾਰਨ ਆਪਣੀਆਂ ਅੱਧੀਆਂ ਤੋਂ ਵੱਧ ਜ਼ਮੀਨਾਂ ਦੁਬਾਰਾ ਗੁਆ ਲਈਆਂ। ਸੰਨ 1947 ਵਿਚ ਵੰਡ ਵੇਲੇ ਪੰਜਾਬ ਦੀ ਵੰਡ ਧਾਰਮਿਕ ਵੰਡ ਦੇ ਆਧਾਰ 'ਤੇ ਹੋਈ ਸੀ, ਜਦਕਿ 1966 ਵਿਚ ਹੋਈ ਤਿੱਕੜੀ ਭਾਸ਼ਾਈ ਲੀਹਾਂ 'ਤੇ ਸੀ। ਮੁੱਖ ਤੌਰ 'ਤੇ ਪੰਜਾਬ ਦੇ ਖੇਤੀ ਪ੍ਰਧਾਨ ਸੂਬੇ ਦੇ ਨੌਜਵਾਨਾਂ ਦਾ ਆਪਣੇ ਪੁਰਖਿਆਂ ਦੀ ਮਿੱਟੀ ਨਾਲ ਭਾਵਨਾਤਮਕ ਬੰਧਨ ਟੁੱਟ ਰਿਹਾ ਹੈ, ਕਮਜ਼ੋਰ ਸਮਾਜਿਕ-ਸਿਆਸੀ ਮਾਹੌਲ ਅਤੇ ਆਰਥਿਕ ਸੰਕਟ ਚੜ੍ਹਦੇ ਸੂਰਜ ਦੇ ਚੜ੍ਹਦੇ ਪੰਜਾਬ ਲਈ ਇਕ ਵੱਡੀ ਚੁਣੌਤੀ ਹੈ। 'ਬ੍ਰੇਨ-ਡਰੇਨ' ਅਤੇ 'ਬਰੌਨ ਐਕਸੋਡਸ' ਬਹੁਤ ਜ਼ਿਆਦਾ ਹੋ ਗਿਆ ਹੈ।ਅੱਜ ਪੰਜਾਬ ਦੀ ਵਿਡੰਬਨਾ ਦੇਖੋ ਕਿ ਜਿਵੇਂ ਅਸੀਂ ਅਸਲੀਅਤ ਨੂੰ ਪਛਾਣਨ ਤੋਂ ਅਸਮਰੱਥ ਹਾਂ। ਪੰਜਾਬ ਕਣਕ ਅਤੇ ਚਾਵਲ ਨੂੰ ਇੰਨੇ ਵੱਡੇ ਪੱਧਰ 'ਤੇ ਉਗਾਉਂਦਾ ਹੈ ਪਰ ਫਿਰ ਵੀ ਇਸ ਦੀ ਮਾਮੂਲੀ ਜਿਹੀ ਮਾਤਰਾ ਨੂੰ ਹੀ ਭੋਜਨ ਪਦਾਰਥਾਂ ਵਿਚ ਤਬਦੀਲ ਕਰਦਾ ਹੈ। ਇਕ ਹੋਰ ਉਦਾਹਰਨ ਦੇ ਤੌਰ 'ਤੇ ਪਵਿੱਤਰ ਹਰਿਮੰਦਿਰ ਸਾਹਿਬ ਦੇ ਸ਼ਹਿਰ ਅੰਮ੍ਰਿਤਸਰ ਵਿਖੇ ਬਹੁ-ਗਿਣਤੀ ਸ਼ਰਧਾਲੂ ਆਉਂਦੇ ਹਨ ਜਿਨ੍ਹਾਂ ਦੀ ਗਿਣਤੀ ਪ੍ਰਤੀ ਸਾਲ 40 ਮਿਲੀਅਨ ਦੇ ਲਗਪਗ ਹੈ ਪਰ ਇੱਥੇ ਸੈਰ-ਸਪਾਟੇ ਲਈ ਕੋਈ ਕਨਵੈਨਸ਼ਨ ਸੈਂਟਰ ਨਹੀਂ ਹੈ ਅਤੇ ਰਾਜ ਭਰ ਵਿਚ ਸਹਿਯੋਗੀ ਯਾਤਰਾਵਾਂ ਲਈ ਕੋਈ ਵੀ ਯੋਜਨਾ ਨਹੀਂ ਹੈ। ਪੰਜਾਬ ਦੀ ਸਰਹੱਦ ਭਾਰਤੀ ਉਪ-ਮਹਾਦੀਪ ਨੂੰ ਸਮੁੱਚੇ ਏਸ਼ੀਆ ਨਾਲ ਜੋੜਦੀ ਹੈ ਪਰ ਇੱਥੇ ਵਪਾਰ ਨਾਮਾਤਰ ਹੁੰਦਾ ਹੈ। ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ ਪਰ ਇਸ ਦਾ ਪਾਣੀ ਲਗਾਤਾਰ ਘਟਦਾ ਹੀ ਨਹੀਂ ਜਾ ਰਿਹਾ ਹੈ ਸਗੋਂ ਅਸ਼ੁੱਧ ਵੀ ਹੋ ਚੁੱਕਾ ਹੈ। ਇੱਥੋਂ ਦੇ ਲੋਕ ਉੱਦਮੀ ਹਨ, ਪਰ ਇਸ ਦੇ ਕਾਰੋਬਾਰੀਆਂ ਨੇ ਆਪਣੇ ਵੱਡੇ ਨਿਵੇਸ਼ ਹੋਰ ਰਾਜਾਂ 'ਚ ਕੀਤੇ ਹਨ।ਇਹ ਦੇਸ਼ ਲਈ ਭੋਜਨ ਦੀ ਟੋਕਰੀ ਹੈ ਪਰ ਇਸ ਦੇ ਕਿਸਾਨ ਕੰਗਾਲ ਹਨ।ਛੋਟੀਆਂ ਜ਼ਮੀਨਾਂ, ਸੁੱਕੇ ਖੂਹ ਅਤੇ ਝੀਲਾਂ ਵਾਲੇ ਇਸ ਰਾਜ ਵਿਚ ਹਾਈਡਰੋਪੋਨਿਕਸ ਅਤੇ ਕਵਾਪੋਨਿਕਸ ਵਰਗੀਆਂ ਨਵੀਆਂ ਤਕਨੀਕਾਂ ਵੱਲ ਕੋਈ ਧਿਆਨ ਨਹੀਂ ਹੈ ਤੇ ਨਾ ਹੀ ਸਰਕਾਰੀ ਸਹਾਇਤਾ ਦਿੱਤੀ ਜਾ ਰਹੀ ਹੈ। ਪੰਜਾਬ ਇਕ ਵੱਡਾ ਦੁੱਧ ਉਤਪਾਦਕ ਰਾਜ ਹੈ ਅਤੇ ਪੰਜਾਬੀ ਇਟਲੀ ਵਿਚ ਸਭ ਤੋਂ ਵਧੀਆ 'ਚੀਜ਼' ਬਣਾਉਂਦੇ ਹਨ ਪਰ 'ਚੀਜ਼ ਪ੍ਰੋਸੈਸਿੰਗ' ਦੀ ਇਹ ਵਿਧੀ ਇੱਥੇ ਪੰਜਾਬ ਵਿਚ ਕਿਤੇ ਨਹੀਂ ਦਿਸਦੀ।ਇਸ ਦੇ ਪਕਵਾਨ ਵਿਸ਼ਵ ਪੱਧਰ 'ਤੇ ਪਸੰਦ ਕੀਤੇ ਜਾਂਦੇ ਹਨ ਜਿਵੇਂ ਕਿ ਸਰ੍ਹੋਂ ਦਾ ਸਾਗ ਜਿਸ ਦੇ ਪਰਵਾਸੀ ਅਤੇ ਗੋਰੇ ਲੋਕ ਦੀਵਾਨੇ ਹਨ ਪਰ ਇਸ ਦੀ ਮੰਗ ਨੂੰ ਪੂਰਾ ਕਰਨ ਤੇ ਇਸ ਖੇਤਰ ਦੀ ਉਪਜ ਵਿਚ ਮੁੱਲ ਜੋੜਨ ਪ੍ਰਤੀ ਕੋਈ ਠੋਸ ਕੋਸ਼ਿਸ਼ ਨਹੀਂ ਕੀਤੀ ਜਾਂਦੀ ਹੈ। ਇਤਿਹਾਸ ਭਾਵੇਂ ਕਿੰਨਾ ਵੀ ਅਮੀਰ ਹੋਵੇ, ਵਰਤਮਾਨ ਤੇ ਭਵਿੱਖ ਨੂੰ ਸ਼ਿੰਗਾਰਨ ਦੀ ਲੋੜ ਹਮੇਸ਼ਾ ਰਹਿੰਦੀ ਹੈ। ਇਸ ਲਈ ਪੰਜਾਬੀ ਪੁਨਰ-ਜਾਗਰਣ ਦੀ ਲੋੜ ਹੈ। ਸੂਝਵਾਨ ਅਤੇ ਦੂਰਅੰਦੇਸ਼ੀ ਵਾਲੀ ਲੀਡਰਸ਼ਿਪ ਦੀ ਪੂਰੀ ਘਾਟ ਦੇ ਨਾਲ-ਨਾਲ ਸਵਾਲ ਇਹ ਹੈ ਕਿ ਗਿਰਾਵਟ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ? ਕੌਣ ਇਸ ਹਾਰੇ ਹੋਏ ਘੋੜੇ ਨੂੰ ਸੰਭਾਲੇਗਾ ਅਤੇ ਅਗਾਂਹਵਧੂ ਸੋਚ ਦਾ ਧਾਰਨੀ ਬਣੇਗਾ?

# ਪਾਣੀਆਂ ਦੇ ਮਾਮਲੇ 'ਤੇ ਸੰਜਮ ਨਾਲ ਹੋਵੇ ਬਿਆਨਬਾਜ਼ੀ

ਪਹਿਲਗਾਮ ਖੂਨੀ ਕਾਂਡ ਪਿੱਛੋਂ ਪਾਕਿਸਤਾਨ ਨਾਲ ਵਧੀ ਕਸ਼ੀਦਗੀ ਦੇ ਚੱਲਦਿਆਂ ਜਦੋਂ ਸਮੁੱਚਾ ਦੇਸ਼ ਇਕਜੁੱਟ ਦਿਖਾਈ ਦੇਣਾ ਚਾਹੀਦਾ ਸੀ, ਉਸ ਵੇਲੇ ਅੰਤਰਰਾਜੀ ਦਰਿਆਈ ਪਾਣੀਆਂ ਦੀ ਤਕਸੀਮ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਸੂਬਿਆਂ ਵਿਚ ਛਿੜਿਆ ਵਿਵਾਦ ਬੇਹੱਦ ਮੰਦਭਾਗਾ ਹੈ।ਤਵਾਰੀਖ ਗਵਾਹ ਹੈ ਕਿ 1965 ਦੀ ਭਾਰਤ-ਪਾਕਿਸਤਾਨ ਜੰਗ ਨੂੰ ਮੱਦੇ-ਨਜਰ ਰੱਖਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਤਤਕਾਲੀ ਲੀਡਰਸ਼ਿਪ ਨੇ 'ਪੰਜਾਬੀ ਸੂਬਾ ਮੋਰਚਾ' ਮੁਲਤਵੀ ਕਰ ਕੇ ਦੇਸ਼ ਵਾਸੀਆਂ ਕੋਲੋਂ ਵਾਹ-ਵਾਹ ਖੱਟੀ ਸੀ। ਅਣਵੰਡੇ ਪੰਜਾਬ ਦੇ ਦਰਿਆਵਾਂ, ਜਿਨ੍ਹਾਂ ਕਿਨਾਰੇ ਰਿਗ ਵੇਦ ਰਚਿਆ ਗਿਆ ਸੀ, ਦੇ ਪਾਣੀਆਂ ਵਿਚ ਇਸ ਵੇਲੇ ਸਿਆਸੀ ਮਧਾਣੀ ਪਾਉਣੀ ਤਰਕਸੰਗਤ ਨਹੀਂ ਲੱਗਦੀ। ਦਰਿਆਈ ਪਾਣੀਆਂ ਦੀ ਵੰਡ ਨੂੰ ਲੈ ਕੇ ਪੰਜਾਬ ਨਾਲ ਕੀਤਾ ਗਿਆ ਧੱਕਾ ਕਈ ਦਹਾਕੇ ਪੁਰਾਣਾ ਹੈ ਜਿਸ ਲਈ ਸਮੇਂ ਦੀਆਂ ਸਰਕਾਰਾਂ ਨੂੰ ਮਾਫ ਨਹੀਂ ਕੀਤਾ ਜਾ ਸਕਦਾ।ਫਿਰ ਵੀ ਅਜੋਕੇ ਵਿਵਾਦ ਨੂੰ ਸੰਵਾਦ ਰਾਹੀਂ ਨਜਿੱਠਣ ਦੀ ਬਜਾਏ ਇਸ ਨੂੰ ਹੋਰ ਉਲਝਾਉਣਾ ਫਿਲਹਾਲ ਰਾਸ਼ਟਰ ਦੇ ਹਿੱਤ ਵਿਚ ਨਹੀਂ ਹੈ। ਪੰਜਾਬ ਨੂੰ ਦੇਸ਼ ਦੀ ਖੜਗ ਭੁਜਾ ਹੋਣ ਦਾ ਮਾਣ ਹੈ ਜਿਸ ਨੇ ਆਜਾਦੀ ਸੰਗਰਾਮ ਵਿਚ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਸੁਨਹਿਰੀ ਇਤਿਹਾਸ ਰਚਿਆ ਸੀ। ਪਾਕਿਸਤਾਨ ਨਾਲ ਹੋਣ ਵਾਲੀਆਂ ਜੰਗਾਂ ਦੌਰਾਨ ਸਰਹੱਦੀ ਪੱਟੀ ਵਿਚ ਰਹਿਣ ਵਾਲੇ ਪੰਜਾਬੀ ਸੈਨਿਕਾਂ ਵਾਂਗ ਫੌਜ ਦਾ ਸਾਥ ਦਿੰਦੇ ਆਏ ਹਨ।ਜਿਸ ਵੇਲੇ ਜੰਗ ਵਾਲਾ ਮਾਹੌਲ ਹੋਵੇ, ਉਦੋਂ ਸਰਹੱਦੀ ਸੂਬੇ ਦੇ ਲੋਕਾਂ ਦਾ ਧਿਆਨ ਭਟਕਣਾ ਨਹੀਂ ਚਾਹੀਦਾ। ਇਹ ਅੰਦਰੂਨੀ ਮਸਲੇ ਹਨ ਜਿਨ੍ਹਾਂ ਨੂੰ ਅਮਨ ਬਹਾਲੀ ਤੋਂ ਬਾਅਦ ਸੁਲਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਦੇ ਬਾਵਜੂਦ ਪਾਣੀਆਂ ਦੀ ਵੰਡ ਨੂੰ ਲੈ ਕੇ ਛਿੜੇ ਰੇੜਕੇ 'ਚੋਂ ਇਕ ਸੁਖਾਵੀਂ ਗੱਲ ਜ਼ਰੂਰ ਸਾਹਮਣੇ ਆਈ ਹੈ ਕਿ ਇਸ ਮੁੱਦੇ ਨੇ ਪੰਜਾਬੀਆਂ ਨੂੰ ਇਕੱਠੇ ਹੋਣ ਦਾ ਮੌਕਾ ਦਿੱਤਾ ਹੈ। ਇਕ-ਦੂਜੇ 'ਤੇ ਚਿੱਕੜ-ਉਛਾਲੀ ਦਾ ਕੋਈ ਮੌਕਾ ਨਾ ਖੁੰਝਾਉਣ ਵਾਲੀਆਂ ਸਿਆਸੀ ਜਮਾਤਾਂ ਦੇ ਨੇਤਾ ਲੰਬੇ ਅਰਸੇ ਬਾਅਦ ਇਕ ਮੰਚ 'ਤੇ ਇਕੱਠੇ ਬੈਠੇ ਦਿਖਾਈ ਦਿੱਤੇ।ਮੁੱਖ ਮੰਤਰੀ ਭਗਵੰਤ ਮਾਨ ਦੇ ਸੱਦੇ 'ਤੇ ਬੁਲਾਈ ਗਈ ਸਰਬ-ਪਾਰਟੀ ਮੀਟਿੰਗ ਵਿਚ ਸਾਰਿਆਂ ਨੇ ਇਕਸੁਰ ਹੁੰਦਿਆਂ ਕਿਹਾ ਕਿ ਉਹ ਪੰਜਾਬ ਦੇ ਹਿੱਤਾਂ ਖਾਤਰ ਹਰ ਕਿਸਮ ਦੀ ਕੁਰਬਾਨੀ ਲਈ ਤਿਆਰ ਹਨ। ਇਸ ਉਲਝੇ ਹੋਏ ਮੁੱਦੇ ਨੂੰ ਲੈ ਕੇ ਸਭ ਦੀਆਂ ਨਜਰਾਂ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ 'ਤੇ ਸਨ। ਹਰਿਆਣਾ ਤੇ ਕੇਂਦਰ ਦੀ ਸੱਤਾ 'ਤੇ ਕਾਬਜ ਪਾਰਟੀ ਦੇ ਨੇਤਾ ਲਈ ਪੰਜਾਬ ਦੇ ਹੱਕ ਵਿਚ ਡਟ ਕੇ ਖੜ੍ਹੇ ਹੋਣਾ ਕਿਸੇ 'ਧਰਮ ਸੰਕਟ' ਤੋਂ ਘੱਟ ਨਹੀਂ ਸੀ। ਇਸ ਲਈ ਪਾਣੀਆਂ ਦੇ ਮੁੱਦੇ 'ਤੇ ਬੋਲਣ ਲੱਗਿਆਂ ਜਾਖੜ ਉਲਝ ਸਕਦੇ ਸਨ।ਮੀਟਿੰਗ ਵਿਚ ਕਪੂਰੀ ਵਿਖੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਸਤਲੁਜ-ਯਮੁਨਾ ਲਿੰਕ ਨਹਿਰ ਦਾ ਟੱਕ ਲਾਉਣ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ 'ਚੈੱਕ' ਲੈਣ ਦੀ ਹਲਕੀ-ਫੁਲਕੀ ਚਰਚਾ ਜ਼ਰੂਰ ਹੋਈ। ਫਿਰ ਵੀ ਦੂਸ਼ਣਬਾਜੀ ਤੋਂ ਸੰਕੋਚ ਕੀਤਾ ਗਿਆ। ਸੁਨੀਲ ਜਾਖੜ 'ਚੋਂ ਨੇਤਾ ਨਹੀਂ ਸਗੋਂ ਪੰਜਾਬ ਦਾ ਕਿਸਾਨ ਬੋਲ ਪਿਆ ਜਿਸ ਨੇ ਸਭ ਤੋਂ ਵੱਧ ਧਿਆਨ ਖਿੱਚਿਆ। ਜਾਖੜ ਦੇ ਦਿਲ 'ਚੋਂ ਨਿਕਲੀ ਹੂਕ ਨੇ ਸਭ ਦਾ ਦਿਲ ਜਿੱਤ ਲਿਆ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਉਹ ਸਿਆਸਤ ਨੂੰ ਬਾਹਰ ਰੱਖ ਕੇ ਮੀਟਿੰਗ ਵਿਚ ਸ਼ਾਮਲ ਹੋਣ ਆਏ ਹਨ।ਉਨ੍ਹਾਂ ਕਿਹਾ ਕਿ ਪਿਆਰ ਨਾਲ ਪੰਜਾਬੀ ਜਾਨ ਨਿਛਾਵਰ ਕਰਨ ਲਈ ਤਿਆਰ-ਬਰ-ਤਿਆਰ ਹੁੰਦੇ ਹਨ। ਬਾਂਹ ਮਰੋੜ ਕੇ ਜਾਂ ਦਬਾਅ ਕੇ ਉਨ੍ਹਾਂ ਕੋਲੋਂ ਕੁਝ ਨਹੀਂ ਲਿਆ ਜਾ ਸਕਦਾ। ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਪੰਜਾਬ ਨੇ ਕਦੇ ਧੱਕਾ ਸਹਿਣ ਨਹੀਂ ਕੀਤਾ। ਉਨ੍ਹਾਂ ਦੇ ਨਾਲ ਬੈਠੇ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਜਾਖੜ ਪਾਣੀ ਪੀੜਤ ਫਾਜਿਲਕਾ ਜਿਲ੍ਹੇ ਨਾਲ ਸਬੰਧਤ ਹਨ ਜਿਨ੍ਹਾਂ ਨੇ ਦਰਿਆਵਾਂ ਦੀਆਂ ਟੇਲਾਂ 'ਤੇ ਵਸਣ ਵਾਲਿਆਂ ਦਾ ਦਰਦ ਖੁਦ ਹੱਡੀਂ ਹੰਢਾਇਆ ਹੈ। ਦਰਿਆਵਾਂ ਦੇ ਪਾਣੀਆਂ 'ਚੋਂ ਜੇ ਚਿੜੀ-ਬੋਟ ਵੀ ਚੁੰਝ ਭਰ ਲੈਣ ਤਾਂ ਇਸ ਦਾ ਅਸਰ ਅਬੋਹਰ-ਫਾਜਿਲਕਾ ਵਾਲਿਆਂ ਨੂੰ ਜਰੂਰ ਪੈਂਦਾ ਹੈ।ਬੋਲਣ ਵੇਲੇ ਜਾਖੜ ਨੇ ਸ਼ਾਇਦ ਹੀ ਵਿਚਾਰਿਆ ਹੋਵੇ ਕਿ ਉਨ੍ਹਾਂ ਨੂੰ ਅਜਿਹੀਆਂ ਬੇਬਾਕ ਟਿੱਪਣੀਆਂ ਦਾ ਕੀ ਲਾਭ ਜਾਂ ਨੁਕਸਾਨ ਹੋਵੇਗਾ। ਇਹ ਓਹੀ ਜਾਖੜ ਹਨ ਜਿਨ੍ਹਾਂ ਨੂੰ ਹਿੰਦੂ ਹੋਣ ਕਾਰਨ ਕੈਪਟਨ ਅਮਰਿੰਦਰ ਸਿੰਘ ਦੀ ਥਾਂ ਪੰਜਾਬ ਦਾ ਮੁੱਖ ਮੰਤਰੀ ਨਹੀਂ ਸੀ ਬਣਾਇਆ ਗਿਆ। ਸੀਨੀਅਰ ਕਾਂਗਰਸ ਲੀਡਰ ਅੰਬਿਕਾ ਸੋਨੀ ਨੇ ਮੀਟਿੰਗ ਵਿਚ ਕਿਹਾ ਸੀ ਕਿ ਪੰਜਾਬ ਦਾ ਮੁੱਖ ਮੰਤਰੀ ਕੋਈ ਸਿੱਖ ਹੋਣਾ ਚਾਹੀਦਾ ਹੈ।ਇਸ ਤਰਕ ਨੂੰ ਉਸ ਵੇਲੇ ਦੇ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਰੱਦ ਕਰ ਦਿੱਤਾ ਸੀ। ਉਨ੍ਹਾਂ ਦੀ ਦਲੀਲ ਸੀ ਕਿ ਪੰਜਾਬ ਨੂੰ ਫਿਰਕਿਆਂ 'ਚ ਵੰਡਣਾ ਠੀਕ ਨਹੀਂ ਹੈ। ਜਾਖੜ ਦੇ ਦਿਲ ਵਿਚ ਇਸ ਦਾ ਸੱਲ ਅਜੇ ਵੀ ਰਿਸਦਾ ਹੈ। ਸਰਬ-ਪਾਰਟੀ ਮੀਟਿੰਗ ਵਿਚ ਪੰਜਾਬ ਹਿਤੈਸ਼ੀ ਹੋਣ ਦਾ ਸਬੂਤ ਉਨ੍ਹਾਂ ਨੇ ਦੇ ਦਿੱਤਾ ਹੈ। ਇਸ ਦੇ ਨਾਲ-ਨਾਲ ਜਾਖੜ ਨੇ ਪਾਣੀਆਂ ਦੇ ਮੁੱਦੇ ਨੂੰ ਇਸ ਵੇਲੇ ਛੇੜਨਾ ਕੁਵੇਲੇ ਦਾ ਰਾਗ ਕਿਹਾ ਹੈ ਉਨ੍ਹਾਂ ਠੀਕ ਹੀ ਕਿਹਾ ਹੈ ਕਿ ਇਹ ਅਜਿਹਾ ਮੁੱਦਾ ਨਹੀਂ ਸੀ ਜਿਸ ਨੂੰ ਲੈ ਕੇ ਉਸ ਵੇਲੇ ਉਲਝਿਆ ਜਾਵੇ ਜਦੋਂ ਸਰਹੱਦ 'ਤੇ ਜੰਗ ਦੇ ਬੱਦਲ ਮੰਡਰਾ ਰਹੇ ਹੋਣ। ਉਨ੍ਹਾਂ ਕਿਹਾ ਕਿ ਭਾਖੜਾ ਡੈਮ ਤੋਂ ਹਰਿਆਣਾ ਨੂੰ ਉਧਾਰ ਜਾਣ ਵਾਲਾ 8500 ਕਿਊਸਿਕ ਪਾਣੀ ਦਾ ਮੁੱਦਾ ਸੀ ਜਿਸ 'ਚੋਂ ਮੁੱਖ ਮੰਤਰੀ ਮਾਨ ਨੇ 4000 ਕਿਊਸਿਕ ਪਹਿਲਾਂ ਹੀ ਛੱਡਣ ਦੀ ਇਜਾਜਤ ਦਿੱਤੀ ਸੀ। ਇਕ ਹਫਤੇ ਲਈ ਬਾਕੀ ਪਾਣੀ ਛੱਡਣ ਦੇ ਮਸਲੇ ਨੂੰ ਗੱਲਬਾਤ ਰਾਹੀਂ ਨਜਿੱਠਿਆ ਜਾ ਸਕਦਾ ਸੀ। ਬਾਤ ਦਾ ਬਤੰਗੜ ਬਣਾਉਣ ਜਾਂ ਰਾਈ ਦਾ ਪਹਾੜ ਬਣਾਉਣਾ ਸ਼ੋਭਾ ਨਹੀਂ ਦਿੰਦਾ।ਮੁੱਖ ਮੰਤਰੀ ਮਾਨ ਨੇ ਕਿਹਾ ਕਿ ਹਰਿਆਣਾ ਨੂੰ ਪਹਿਲਾਂ ਹੀ 4000 ਕਿਊਸਿਕ ਪਾਣੀ ਮਾਨਵਤਾ ਦੇ ਆਧਾਰ 'ਤੇ ਦਿੱਤਾ ਗਿਆ ਸੀ। ਜਦੋਂ ਪੰਜਾਬ ਦਾ ਨਹਿਰੀ ਸਿਸਟਮ ਦਰੁਸਤ ਕਰ ਕੇ ਟੇਲ-ਐਂਡਸ ਤੱਕ ਪਾਣੀ ਜਾਣ ਲੱਗ ਪਿਆ ਹੈ ਤਾਂ ਗਰਮੀਆਂ ਦੇ ਦਿਨਾਂ ਵਿਚ ਪਾਣੀ ਦੀ ਮੰਗ ਵਧ ਗਈ ਹੈ। 'ਅਸੀਂ ਆਪਣਾ ਹੀ ਪਾਣੀ ਆਪਣੇ ਲੋਕਾਂ ਨੂੰ ਦੇਣ ਦੀ ਗੱਲ ਕਰੀਏ ਤਾਂ ਇਸ ਵਿਚ ਕਿਸੇ ਨੂੰ ਇਤਰਾਜ ਨਹੀਂ ਹੋਣਾ ਚਾਹੀਦਾ।'ਮਾਨ ਦੇ ਹਰਿਆਣਾ ਦੇ ਹਮਰੁਤਬਾ ਨਾਇਬ ਸਿੰਘ ਸੈਣੀ ਦਾ ਆਪਣਾ ਤਰਕ ਸੀ ਕਿ ਪਿਛਲੇ ਚਾਰ ਸਾਲਾਂ ਵਿਚ 9000 ਕਿਊਸਿਕ ਤੱਕ ਪਾਣੀ ਹਰਿਆਣਾ ਨੂੰ ਦਿੱਤਾ ਜਾਂਦਾ ਰਿਹਾ ਹੈ। ਦੋਨੋਂ ਮੁੱਖ ਮੰਤਰੀ ਮਿਹਣੋ-ਮਿਹਣੀ ਹੋ ਰਹੇ ਹਨ। ਅੱਤ ਦੀ ਗਰਮੀ ਵੇਲੇ ਦੋਨਾਂ ਸੂਬਿਆਂ ਦਾ ਸਿਆਸੀ ਪਾਰਾ ਸਿਖਰ 'ਤੇ ਪੁੱਜ ਗਿਆ ਹੈ।ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਦੂਜੀਆਂ ਸਿਆਸੀ ਪਾਰਟੀਆਂ ਨੇ ਪੰਜਾਬ ਦੇ ਪਾਣੀਆਂ ਨੂੰ ਸੂਬੇ ਦੀ ਜੀਵਨ ਰੇਖਾ ਦੱਸਿਆ ਹੈ। ਉਨ੍ਹਾਂ ਨੇ ਸਪਸ਼ਟ ਕਿਹਾ ਹੈ ਕਿ ਪੰਜਾਬ ਦੇ ਪਾਣੀਆਂ 'ਤੇ ਡਾਕਾ ਨਹੀਂ ਪੈਣਾ ਦਿੱਤਾ ਜਾਵੇਗਾ। ਕੇਂਦਰ ਵੱਲੋਂ ਸਬੰਧਤ ਸੂਬਿਆਂ ਦੇ ਮੁੱਖ ਸਕੱਤਰਾਂ ਦੇ ਵਿਸ਼ੇਸ਼ ਸੈਸ਼ਨ ਬੁਲਾ ਕੇ ਸਖਤ ਸਟੈਂਡ ਲੈਣ ਦੀਆਂ ਗੱਲਾਂ ਕਰਨ ਨਾਲ ਤਾਣੀ ਸੁਲਝਣ ਦੀ ਬਜਾਏ ਹੋਰ ਉਲਝ ਰਹੀ ਹੈ। ਇਸ ਸੰਵੇਦਨਸ਼ੀਲ ਮੁੱਦੇ ਨੂੰ ਫਿਲਹਾਲ ਠੰਢੇ ਬਸਤੇ ਵਿਚ ਪਾ ਕੇ ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਬਣੇ ਜੰਗ ਵਰਗੇ ਹਾਲਾਤ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਹਾਲ ਦੀ ਘੜੀ ਸਥਾਨਕ ਮੁੱਦਿਆਂ ਨੂੰ ਮੁਲਤਵੀ ਕਰਨਾ ਹੀ ਰਾਸ਼ਟਰ ਹਿੱਤ ਵਿਚ ਹੋਵੇਗਾ।ਐਵੇਂ ਵਾਵਰੋਲੇ ਉਡਾਉਣ ਨਾਲ ਕੋਈ ਫਾਇਦਾ ਨਹੀਂ ਹੋਣਾ। ਐੱਸਵਾਈਐੱਲ ਦਾ ਕੇਸ ਉਂਜ ਵੀ ਸੁਪਰੀਮ ਕੋਰਟ ਵਿਚ ਹੈ। ਸੁਨੀਲ ਜਾਖੜ ਦੀ ਗੱਲ ਮੰਨੀ ਜਾਵੇ ਤਾਂ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲ ਕੇ ਫੌਰੀ ਹੱਲ ਲੱਭ ਸਕਦੇ ਹਨ। ਵੈਸੇ ਵੀ ਉਧਾਰ ਦੇ ਪਾਣੀ ਦੀ ਮੰਗ ਹਫਤੇ ਕੁ ਦੀ ਹੁੰਦੀ ਹੈ। ਜਾਖੜ ਦੀਆਂ ਸਾਫਗੋਈਆਂ ਹਰ ਪੰਜਾਬੀ ਦਾ ਧਿਆਨ ਮੰਗਦੀਆਂ ਹਨ। ਪੰਜਾਬ ਦੇ ਮਸਲੇ ਪੰਜਾਬੀ ਇਕੱਠੇ ਹੋ ਕੇ ਹੀ ਹੱਲ ਕਰਵਾ ਸਕਦੇ ਹਨ। ਫਿਰਕਾਪ੍ਰਸਤੀ ਤੋਂ ਉੱਪਰ ਉੱਠ ਕੇ ਅਜਿਹੇ ਮੁੱਦਿਆਂ ਨੂੰ ਸਾਂਝੇ ਰੂਪ ਵਿਚ ਉਠਾਉਣ ਦੀ ਲੋੜ ਹੁੰਦੀ ਹੈ।ਪੰਜਾਬ ਨੂੰ ਫਿਰਕਿਆਂ ਵਿਚ ਉਦੋਂ ਤੱਕ ਨਹੀਂ ਵੰਡਿਆ ਜਾ ਸਕਦਾ ਜਿੰਨੀ ਦੇਰ ਜਾਖੜ ਵਰਗੇ ਪੰਜਾਬੀ ਜਿਊਂਦੇ ਹਨ। ਬਾਕੀ ਸਿਆਸਤਦਾਨਾਂ ਵਾਂਗ ਜਾਖੜ ਨੂੰ ਭੁੰਨੇ ਤਿੱਤਰ ਉਡਾਉਣੇ ਨਹੀਂ ਆਉਂਦੇ। ਵਿਰੋਧੀਆਂ ਦੀ ਖਾਹਮਖਾਹ ਮਿੱਟੀ ਪੁੱਟ ਕੇ ਸਿਆਸੀ ਲਾਹਾ ਲੈਣਾ ਵੀ ਉਨ੍ਹਾਂ ਦੀ ਫਿਤਰਤ ਨਹੀਂ ਹੈ। ਐਵੇਂ ਫਾਰਸੀਆਂ ਮਾਰਨਾ ਵੀ ਉਨ੍ਹਾਂ ਨੂੰ ਨਹੀਂ ਆਉਂਦਾ। ਪਾਣੀਆਂ ਦੀ ਕਾਣੀ ਵੰਡ ਕਾਰਨ ਪੰਜਾਬ ਨੇ ਪਹਿਲਾਂ ਹੀ ਵੱਡਾ ਸੰਤਾਪ ਭੋਗਿਆ ਹੈ। ਪਾਣੀਆਂ ਦੇ ਮਾਮਲੇ ਵਿਚ ਪੰਜਾਬ ਨਾਲ ਹੋਏ ਧੱਕੇ ਕਾਰਨ ਪਹਿਲਾਂ ਹੀ ਬਹੁਤ ਖੂਨ ਵਹਿ ਚੁੱਕਾ ਹੈ। ਇਸ ਲਈ ਦੋਨਾਂ ਸੂਬਿਆਂ ਦੀ ਲੀਡਰਸ਼ਿਪ ਨੂੰ ਅਜਿਹੀ ਬਿਆਨਬਾਜੀ ਨਹੀਂ ਕਰਨੀ ਚਾਹੀਦੀ ਜਿਸ ਨਾਲ ਪਾਣੀਆਂ ਨੂੰ ਫਿਰ 'ਅੱਗ' ਲੱਗੇ।

# ਪਾਕਿ ਦੇ ਨਾਪਾਕ ਮਨਸੂਬਿਆਂ ਨੂੰ ਨੇਸਤੋ-ਨਾਬੂਦ ਕਰਨ ਦਾ ਵੇਲਾ

ਜੰਮੂ ਕਸ਼ਮੀਰ, ਖਾਸ ਕਰਕੇ ਕਸ਼ਮੀਰ ਵਾਦੀ 'ਚ ਸਥਿਤ ਪਹਿਲਗਾਮ ਦੀ ਖੂਬਸੂਰਤ ਬੈਸਰਨ ਘਾਟੀ ਦੇ ਵਹਿਸ਼ੀ ਤੇ ਕਾਇਰਾਨਾ ਕਤਲੇਆਮ ਖਿਲਾਫ ਕਸ਼ਮੀਰੀ ਮੁਸਲਮਾਨਾਂ ਨੇ ਪਹਿਲੀ ਵਾਰ ਸਾਰੇ ਦੇਸ਼ ਨਾਲ ਇਕਜੁਟਤਾ ਵਿਖਾਉਂਦਿਆਂ ਕਸ਼ਮੀਰ ਘਾਟੀ ਬੰਦ ਰੱਖੀ। ਜੰਮੂ-ਕਸ਼ਮੀਰ ਦੇ ਕਈ ਸ਼ਹਿਰਾਂ 'ਚ ਅੱਤਵਾਦ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ। ਰਾਜਧਾਨੀ ਸ੍ਰੀਨਗਰ ਦੇ ਦਿਲ 'ਲਾਲ ਚੌਕ' ਵਿਚ ਕਸ਼ਮੀਰੀ ਮੁਸਲਿਮ ਨੌਜਵਾਨਾਂ ਨੇ ਪਹਿਲਗਾਮ ਦੇ ਪੀੜਤਾਂ ਨੂੰ ਸਮਰਪਿਤ ਮੋਮਬੱਤੀ ਮਾਰਚ ਕੀਤਾ। ਕਸ਼ਮੀਰ ਵਿਚ ਸਾਢੇ ਤਿੰਨ ਦਹਾਕਿਆਂ ਤੋਂ ਦਹਿਸ਼ਤੀ ਖੌਫ ਹੰਢਾਉਣ ਤੋਂ ਬਾਅਦ ਪਹਿਲੀ ਵਾਰ ਕਸ਼ਮੀਰੀ ਅਵਾਮ ਨੇ ਖੁੱਲ੍ਹ ਕੇ ਦਹਿਸ਼ਤਗਰਦੀ ਦੀ ਨਿਖੇਧੀ ਕੀਤੀ। ਸਾਰੇ ਦਾਅਵਿਆਂ ਦੇ ਬਾਵਜੂਦ ਜੰਮੂ-ਕਸ਼ਮੀਰ ਦੇ ਹਾਲਾਤ ਗੰਭੀਰ ਹਨ। ਕੀ ਜੰਮੂ-ਕਸ਼ਮੀਰ ਵਿਚ ਹਾਲਾਤ 'ਆਮ ਵਰਗੇ' ਹੋ ਗਏ ਹਨ? ਕੌੜੀ ਸੱਚਾਈ ਹੈ ਕਿ ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਕਸ਼ਮੀਰ ਵਿਚ ਚਾਹੇ ਜੋ ਹਾਲਾਤ ਰਹੇ ਹੋਣ, ਉਹ ਆਮ ਵਰਗੇ ਤਾਂ ਨਹੀਂ ਹਨ। ਪਿਛਲੀ ਵਿਧਾਨ ਸਭਾ ਚੋਣਾਂ ਵਿਚ ਮੁੱਖ ਧਾਰਾ ਦੀ ਸਿਆਸੀ ਪਾਰਟੀ ਨੈਸ਼ਨਲ ਕਾਨਫਰੰਸ ਨੂੰ ਬਹੁਮਤ ਪ੍ਰਾਪਤ ਹੋਇਆ ਅਤੇ ਨੈਸ਼ਨਲ ਕਾਨਫਰੰਸ ਦੀ ਮੁੱਖ ਮੰਤਰੀ ਉਮਰ ਅਬਦੁੱਲਾ ਦੀ ਅਗਵਾਈ ਵਾਲੀ ਸਰਕਾਰ ਬਣੀ। ਕੇਂਦਰ ਸ਼ਾਸਿਤ ਪ੍ਰਦੇਸ਼ ਹੋਣ ਕਰਕੇ ਸਾਰੀਆਂ ਸ਼ਕਤੀਆਂ ਅਫਸਰਾਂ ਦੀਆਂ ਬਦਲੀਆਂ, ਨਿਯੁਕਤੀਆਂ ਅਤੇ ਪੁਲਿਸ ਆਦਿ ਉਪ-ਰਾਜਪਾਲ ਮਨੋਜ ਸਿਨਹਾ ਕੋਲ ਹੋਣ ਕਾਰਨ ਮੁੱਖ ਮੰਤਰੀ ਬੇਵੱਸ ਜਿਹਾ ਹੋ ਕੇ ਰਹਿ ਗਿਆ। ਯਾਦ ਰਹੇ 5 ਅਗਸਤ 2019 ਨੂੰ ਕਸ਼ਮੀਰ ਨੂੰ ਵੱਧ ਅਧਿਕਾਰ ਦੇਣ ਵਾਲੀ ਸੰਵਿਧਾਨ ਦੀ ਧਾਰਾ 370 ਤੋੜ ਕੇ ਸਮੁੱਚੇ ਜੰਮੂ-ਕਸ਼ਮੀਰ ਰਾਜ ਨੂੰ ਕੇਂਦਰ ਸਾਸ਼ਿਤ ਰਾਜ ਬਣਾ ਦਿੱਤਾ ਸੀ। ਸੂਬੇ ਦਾ ਦਰਜਾ ਖੋਹ ਲਿਆ ਸੀ।ਜੰਮੂ ਕਸ਼ਮੀਰ ਵਿਧਾਨ ਸਭਾ ਵਿਚ ਬੋਲਦਿਆਂ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਮੈਂ ਸੈਲਾਨੀਆਂ ਦੀ ਸੁਰੱਖਿਅਤ ਵਾਪਸੀ ਦੀ ਜਿੰਮੇਵਾਰੀ ਨਹੀਂ ਨਿਭਾ ਸਕਿਆ। ਮੈਂ ਸ਼ਰਮਿੰਦਾ ਹਾਂ ਪਰ ਜੰਮੂ-ਕਸ਼ਮੀਰ ਦੇ ਅਵਾਮ ਤੇ ਸਿੱਖ ਭਾਈਚਾਰੇ ਦਾ ਸ਼ੁਕਰਗੁਜ਼ਾਰ ਹਾਂ। ਉਨ੍ਹਾਂ ਪੀੜਤਾਂ ਲਈ ਦਿਲਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ। ਵਿਧਾਨ ਸਭਾ ਵਿਚ ਪਿਛਲੇ ਹਫਤੇ ਪਹਿਲਗਾਮ ਦੀ ਬੈਸਰਨ ਘਾਟੀ ਵਿਚ ਹੋਏ ਕਾਇਰਾਨਾ ਹਮਲੇ ਬਾਰੇ ਦੁੱਖ ਤੇ ਪੀੜਾ ਮਹਿਸੂਸ ਕਰਦਿਆਂ ਵਿਧਾਨ ਸਭਾ ਨੇ ਨਿੰਦਾ ਪ੍ਰਸਤਾਵ ਪਾਸ ਕੀਤਾ। ਉਨ੍ਹਾਂ ਫਿਰਕੂ ਸਦਭਾਵਨਾ ਨੂੰ ਵਿਗਾੜਨ ਅਤੇ ਵਿਕਾਸ 'ਚ ਅੜਿੱਕਾ ਪਾਉਣ ਦੇ ਨਾਪਾਕ ਇਰਾਦਿਆਂ ਨੂੰ ਹਰਾਉਣ ਲਈ ਦ੍ਰਿੜ੍ਹਤਾ ਨਾਲ ਲੜਨ ਦਾ ਸੰਕਲਪ ਲਿਆ। ਪਹਿਲਗਾਮ 'ਚ ਹੋਇਆ ਹਮਲਾ ਸਾਨੂੰ ਇਕ ਵਾਰ ਫਿਰ ਯਾਦ ਦਿਵਾਉਂਦਾ ਹੈ ਕਿ ਲਹੂ-ਭਿੱਜੀ ਘਾਟੀ 'ਚ ਹਰ ਵਾਰ ਜਦੋਂ ਕਿਸੇ ਉਮੀਦ ਦੀ ਖਿੜਕੀ ਖੁੱਲ੍ਹਦੀ ਹੈ ਤਾਂ ਉਸ ਨੂੰ ਦਹਿਸ਼ਤ ਦੇ ਸੌਦਾਗਰਾਂ ਵੱਲੋਂ ਫੌਰਨ ਬੰਦ ਕਰਵਾ ਦਿੱਤਾ ਜਾਂਦਾ ਹੈ। ਯਾਦ ਕਰੋ ਅਗਸਤ 2019 ਨੂੰ ਜਦੋਂ ਧਾਰਾ 370 ਨੂੰ ਮਨਸੂਖ ਕਰ ਕੇ ਤੁਰੰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਨਵੇਂ ਕਸ਼ਮੀਰ' ਬਾਰੇ ਇਕ ਸੁਪਨਾ ਬੁਣਿਆ ਸੀ ਕਿ ਉਹ ਆਮ ਵਰਗੇ ਹਾਲਾਤਾਂ ਤਕ ਇਕ ਵੱਡਾ ਕਦਮ ਹੈ। ਵਾਅਦਾ ਕੀਤਾ ਗਿਆ ਸੀ ਕਿ ਕਸ਼ਮੀਰ ਵਿਚ ਨਿਵੇਸ਼ ਦਾ ਹੜ੍ਹ ਆਏਗਾ। ਵੱਡੇ ਪੈਮਾਨੇ 'ਤੇ ਬੁਨਿਆਦੀ ਢਾਂਚੇ ਦਾ ਵਿਕਾਸ ਹੋਵੇਗਾ। ਉਸ ਦੀਆਂ ਹਸੀਨ ਵਾਦੀ ਦੀ ਪਰਦੇ 'ਤੇ ਵਾਪਸੀ ਹੋਵੇਗੀ। ਉਹ ਤੇਜ਼ੀ ਨਾਲ ਮੁੱਖ ਧਾਰਾ ਵਿਚ ਸ਼ਾਮਿਲ ਹੋ ਜਾਵੇਗਾ।ਇਹ ਸੱਚ ਹੈ ਕਿ ਜੰਮੂ-ਕਸ਼ਮੀਰ ਵਿਚ ਨਵੀਂਆਂ ਸੜਕਾਂ, ਫਲਾਈਓਵਰ, ਸੁਰੰਗਾਂ, ਪੁਲ ਆਦਿ ਬਣਾਏ ਗਏ ਹਨ ਪਰ 'ਆਮ ਵਰਗੇ ਹਾਲਾਤ' ਬੁਨਿਆਦੀ ਢਾਂਚੇ ਦੇ ਆਸਰੇ ਨਹੀਂ ਹੁੰਦੇ। ਉਸ ਹਾਲਾਤ ਨੂੰ ਭਲਾ ਕਿਵੇਂ 'ਆਮ' ਮੰਨ ਲਿਆ ਜਾਵੇ, ਜਦੋਂ ਦੇਸ਼ ਦੇ ਇਕਲੌਤੇ ਮੁਸਲਿਮ ਬਹੁ-ਗਿਣਤੀ ਵਾਲੇ ਰਾਜ ਨੂੰ ਇਕ ਫੁਰਮਾਨ ਦੁਆਰਾ ਵੰਡ ਕੇ ਕੇਂਦਰ ਸ਼ਾਸਿਤ ਸੂਬਾ ਬਣਾ ਦਿੱਤਾ ਜਾਂਦਾ ਹੈ। ਜਦੋਂ ਹਜ਼ਾਰਾਂ ਕਸ਼ਮੀਰੀਆਂ ਨੂੰ ਹਿਰਾਸਤ ਵਿਚ ਲੈ ਕੇ ਉਨ੍ਹਾਂ ਦੇ ਘਰਾਂ ਵਿਚ ਨਜ਼ਰਬੰਦ ਕੀਤਾ ਜਾਂਦਾ ਹੈ। ਜਦ ਹਜ਼ਾਰਾਂ ਕਸ਼ਮੀਰੀਆਂ ਨੂੰ ਸਖਤ ਕਾਨੂੰਨਾਂ ਤਹਿਤ ਗ੍ਰਿਫਤਾਰ ਕਰ ਕੇ ਜੇਲ੍ਹਾਂ ਵਿਚ ਸੁੱਟਿਆ ਜਾਂਦਾ ਹੈ। ਸਕੂਲ, ਕਾਲਜ ਮਹੀਨਿਆਂ ਤਕ ਬੰਦ ਰਹਿੰਦੇ ਹਨ। ਇੰਟਰਨੈੱਟ ਸੇਵਾਵਾਂ ਬੰਦ, ਹਜ਼ਾਰਾਂ ਫੌਜੀ ਕਸ਼ਮੀਰੀਆਂ ਦੇ ਘਰਾਂ ਬਾਹਰ ਦਗੜ-ਦਗੜ ਕਰਦੇ ਹਨ।

### ਜੰਗ ਦੇ ਖਤਰੇ ਦੀ ਗੂੰਜ

ਭਾਰਤ ਸਰਕਾਰ ਨੇ ਕੂਟਨੀਤਕ ਕਾਰਵਾਈ ਕਰਦਿਆਂ ਪਾਕਿਸਤਾਨੀ ਨਾਗਰਿਕਾਂ ਨੂੰ 48 ਘੰਟਿਆਂ ਵਿਚ ਵਤਨ ਪਰਤਣ, ਅਟਾਰੀ ਚੈੱਕ ਪੋਸਟ ਬੰਦ ਕਰਨ, ਸਿੰਧੂ ਜਲ ਸਮਝੌਤਾ ਰੋਕਣ, ਪਾਕਿ ਨਾਲ ਕੂਟਨੀਤਕ ਸਬੰਧਾਂ 'ਚ ਕਟੌਤੀ ਕਰਨ ਅਤੇ ਪਾਕਿਸਤਾਨ 'ਚ ਆਪਣੇ ਹਾਈ ਕਮਿਸ਼ਨ ਤੋਂ ਅਮਲਾ ਵਾਪਸ ਸੱਦਣ ਦਾ ਫੈਸਲਾ ਕੀਤਾ। ਯਾਦ ਰਹੇ ਕਿ ਸਾਲ 1960 ਵਿਚ ਸਿੰਧੂ ਜਲ ਸੰਧੀ ਹੋਈ ਸੀ, ਜਿਸ ਦੇ ਤਹਿਤ ਸਿੰਧ, ਜੇਹਲਮ ਤੇ ਚੇਨਾਬ ਦਾ 80 ਫੀਸਦੀ ਪਾਣੀ ਪਾਕਿਸਤਾਨ ਦੇ ਹਿੱਸੇ ਆਇਆ ਸੀ ਅਤੇ ਰਾਵੀ, ਸਤਲੁਜ ਤੇ ਬਿਆਸ ਦਾ ਪਾਣੀ ਭਾਰਤ ਦੇ ਹਿੱਸੇ ਆਇਆ ਸੀ। ਪਾਕਿਸਤਾਨ ਨੇ ਭਾਰਤੀ ਹਵਾਈ ਜਹਾਜ਼ਾਂ ਨੂੰ ਆਪਣੇ ਦੇਸ਼ ਉੱਪਰ ਦੀ ਲੰਘਣ 'ਤੇ ਰੋਕ ਲਗਾਈ ਸੀ, ਜਿਸ ਦਾ ਅਸਰ ਦਿੱਲੀ ਸਮੇਤ ਉੱਤਰੀ ਭਾਰਤ ਦੇ ਕੁਝ ਹਵਾਈ ਅੱਡਿਆਂ 'ਤੇ ਪੈ ਸਕਦਾ ਹੈ। ਹੁਕਮਰਾਨ ਭਾਰਤੀ ਜਨਤਾ ਪਾਰਟੀ ਦਾ ਹਰ ਜ਼ਹਿਰੀਲਾ ਪ੍ਰਚਾਰ ਕਰਨ ਵਾਲਾ ਛੋਟਾ, ਵੱਡਾ ਨੇਤਾ ਪਾਕਿਸਤਾਨ 'ਤੇ ਹਮਲਾ ਕਰਨ ਤੇ ਪਾਕਿਸਤਾਨ ਨਾਂ ਦੇ ਦੇਸ਼ ਨੂੰ ਦੁਨੀਆ ਦੇ ਨਕਸ਼ੇ ਮਲੀਆ ਮੇਟ ਕਰਨ ਦੇ ਦਮਗਜ਼ੇ ਮਾਰਨ ਲੱਗ ਪਿਆ। ਜੰਗ ਦੋਵਾਂ ਦੇਸ਼ਾਂ ਲਈ ਘਾਤਕ ਹੁੰਦੀ ਹੈ। ਪਰ ਇਨ੍ਹਾਂ ਨੇਤਾਵਾਂ ਨੂੰ ਕੀ? ਇਨ੍ਹਾਂ ਦੇ ਬੱਚੇ ਕਿਹੜਾ ਫੌਜ ਵਿਚ ਹਨ ਅਤੇ ਨਾ ਹੀ ਸਰਹੱਦਾਂ 'ਤੇ ਤਾਇਨਾਤ ਹਨ। ਉਹ ਤਾਂ ਵਿਦੇਸ਼ਾਂ ਵਿਚ ਪੜ੍ਹ ਰਹੇ ਹਨ। ਉੱਥੇ ਨੌਕਰੀਆਂ ਕਰਦੇ ਹਨ। ਜੰਗਾਂ ਵਿਚ ਤਾਂ ਪੰਜਾਬ ਹਰਿਆਣਾ ਦੇ ਕਿਸਾਨਾਂ ਦੇ ਬੇਟੇ ਸ਼ਹਾਦਤਾਂ ਪਾਉਂਦੇ ਹਨ। ਰੂਸ, ਯੂਕਰੇਨ ਤੇ ਇਜ਼ਰਾਈਲ ਹਮਾਸ ਜੰਗ 'ਚ ਦੋਵਾਂ ਧਿਰਾਂ ਦਾ ਨੁਕਸਾਨ ਹੋ ਰਿਹਾ ਹੈ। ਜੰਗ ਦੀ ਤਬਾਹੀ ਦਾ ਸੇਕ ਤਾਂ ਕਸ਼ਮੀਰੀਆਂ ਤੇ ਪੰਜਾਬੀਆਂ ਨੂੰ ਲੱਗੇਗਾ।

### ਮਨਸੂਬਿਆਂ ਨੂੰ ਨੱਥ ਪਾ ਸਕੇਗੀ ਸਰਕਾਰ

ਸਵਾਲ ਹੈ ਕਿ ਉੱਥੇ ਤਾਇਨਾਤ ਖੁਫੀਆ ਏਜੰਸੀਆਂ ਤੇ ਸੁਰੱਖਿਆ ਬਲਾਂ ਤੋਂ ਖਾਮੀ ਕਿਉਂ ਹੋ ਰਹੀ ਹੈ? ਕਸ਼ਮੀਰ ਵਿਚ ਸੁਰੱਖਿਆ ਤੇ ਖੁਫੀਆ ਤੰਤਰ ਦੀ ਜਿੰਨੀ ਸੰਘਣੀ ਮੌਜੂਦਗੀ ਹੈ ਉਨ੍ਹਾਂ ਦੇ ਮੱਦੇਨਜ਼ਰ ਇਨ੍ਹਾਂ ਬੱਜਰ ਖਾਮੀਆਂ ਦੀ ਕੋਈ ਤੁਕ ਸਮਝ ਨਹੀਂ ਆਉਂਦੀ। ਉਨ੍ਹਾਂ ਨੂੰ ਅੱਤਵਾਦੀਆਂ ਦੀਆਂ ਸਾਜ਼ਿਸ਼ਾਂ ਦਾ ਪਤਾ ਕਿਉਂ ਨਹੀਂ ਲੱਗਦਾ। ਬੈਸਾਰਨ ਘਾਟੀ ਵਿਚ ਉਸ ਸਮੇਂ ਤਕਰੀਬਨ ਦੋ ਹਜਾਰ ਸੈਲਾਨੀ ਪਿਕਨਿਕ ਮਨਾ ਰਹੇ ਸਨ ਪਰ ਉੱਥੇ ਇਕ ਵੀ ਸੁਰੱਖਿਆ ਦਸਤਾ ਨਹੀਂ ਸੀ। ਉੱਥੇ ਨਾ ਹੀ ਫਸਟਏਡ ਦਾ ਇੰਤਜ਼ਾਮ ਸੀ। ਘੋੜੇ ਵਾਲੇ ਸਈਦ ਆਦਿਲ ਹੁਸੈਨ ਸ਼ਾਹ ਅਤੇ ਨਜ਼ਾਕਤ ਅਲੀ ਨੂੰ ਸਿਜਦਾ ਜਿਨ੍ਹਾਂ ਕਸ਼ਮੀਰੀਅਤ ਤੇ ਇਨਸਾਨੀਅਤ ਨੂੰ ਜਿਊਂਦਾ ਰੱਖਿਆ। ਕਸ਼ਮੀਰੀ ਲੋਕਾਂ ਨੂੰ ਸਲੂਟ ਜਿਨ੍ਹਾਂ ਇਕਜੁੱਟਤਾ ਵਿਖਾਈ ਹੈ ਪਰ ਕੁਝ ਰਾਜਾਂ ਵਿਚ ਫਿਰਕੂ ਜਨੂੰਨ ਤਹਿਤ ਕਸ਼ਮੀਰੀ ਵਿਦਿਆਰਥੀਆਂ ਨੂੰ ਕਿਉਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਭਾਰਤ ਸਰਕਾਰ ਦੀ ਕੂਟਨੀਤਕ ਕਾਰਵਾਈ ਦਹਿਸ਼ਤਗਰਦਾਂ ਦੇ ਮਨਸੂਬਿਆਂ ਨੂੰ ਨੱਥ ਪਾ ਸਕੇਗੀ? ਇਹ ਸਮਾਂ ਦੱਸੇਗਾ।

## ਕੇਂਦਰ ਸਰਕਾਰ ਨੇ ਕੀਤਾ ਜਾਤ ਆਧਾਰਤ ਗਣਨਾ ਕਰਵਾਉਣ ਦਾ ਫੈਸਲਾ

ਸੰਨ 2011 ਵਿਚ ਮਨਮੋਹਨ ਸਰਕਾਰ ਨੇ ਜਾਤਾਂ ਮੁਤਾਬਕ ਗਣਨਾ ਕਰਵਾਈ ਜ਼ਰੂਰ ਸੀ ਪਰ ਉਸ ਵਿਚ ਇੰਨੀਆਂ ਜਟਿਲਤਾਵਾਂ ਮਿਲੀਆਂ ਕਿ ਉਸ ਦੇ ਅੰਕੜੇ ਜਨਤਕ ਨਹੀਂ ਕੀਤੇ ਗਏ। ਇਸ ਤੋਂ ਬਾਅਦ ਕੁਝ ਸੂਬਿਆਂ ਨੇ ਜਾਤਾਂ ਦੀ ਗਿਣਤੀ ਕਰਨ ਲਈ ਸਰਵੇ ਕਰਵਾਏ ਕਿਉਂਕਿ ਜਨਗਣਨਾ ਕਰਵਾਉਣ ਦਾ ਹੱਕ ਸਿਰਫ ਕੇਂਦਰ ਨੂੰ ਹੀ ਹੈ। ਆਖਰਕਾਰ ਕੇਂਦਰ ਸਰਕਾਰ ਇਸ ਨਤੀਜੇ 'ਤੇ ਪੁੱਜੀ ਕਿ ਜਾਤ ਆਧਾਰਤ ਗਣਨਾ ਕਰਵਾ ਲਈ ਜਾਣੀ ਚਾਹੀਦੀ ਹੈ। ਇਹ ਭਾਰਤੀ ਸਿਆਸਤ ਅਤੇ ਸਮਾਜ 'ਤੇ ਵਿਆਪਕ ਅਸਰ ਪਾਉਣ ਵਾਲਾ ਫੈਸਲਾ ਹੈ। ਇਸ ਤੋਂ ਪਹਿਲਾਂ ਜਾਤ ਆਧਾਰਤ ਗਣਨਾ 1931 ਯਾਨੀ ਅਖੰਡ ਭਾਰਤ ਵਿਚ ਅੰਗਰੇਜਾਂ ਦੀ ਹਕੂਮਤ ਨੇ ਕਰਵਾਈ ਸੀ।ਸੰਨ 2011 ਵਿਚ ਮਨਮੋਹਨ ਸਰਕਾਰ ਨੇ ਜਾਤਾਂ ਮੁਤਾਬਕ ਗਣਨਾ ਕਰਵਾਈ ਜ਼ਰੂਰ ਸੀ ਪਰ ਉਸ ਵਿਚ ਇੰਨੀਆਂ ਜਟਿਲਤਾਵਾਂ ਮਿਲੀਆਂ ਕਿ ਉਸ ਦੇ ਅੰਕੜੇ ਜਨਤਕ ਨਹੀਂ ਕੀਤੇ ਗਏ। ਇਸ ਤੋਂ ਬਾਅਦ ਕੁਝ ਸੂਬਿਆਂ ਨੇ ਜਾਤਾਂ ਦੀ ਗਿਣਤੀ ਕਰਨ ਲਈ ਸਰਵੇ ਕਰਵਾਏ ਕਿਉਂਕਿ ਜਨਗਣਨਾ ਕਰਵਾਉਣ ਦਾ ਹੱਕ ਸਿਰਫ ਕੇਂਦਰ ਨੂੰ ਹੀ ਹੈ। ਭਾਜਪਾ ਨੇ ਬਿਹਾਰ 'ਚ ਜਾਤ ਆਧਾਰਤ ਸਰਵੇ ਦਾ ਸਮਰਥਨ ਕੀਤਾ ਪਰ ਜਾਤ ਆਧਾਰਤ ਗਣਨਾ ਨੂੰ ਲੈ ਕੇ ਉਹ ਉਤਸੁਕ ਨਹੀਂ ਰਹੀ।ਆਰਐੱਸਐੱਸ ਨੇ ਇਸ ਦਾ ਸਮਰਥਨ ਕੀਤਾ। ਤਦ ਕਾਂਗਰਸ ਤੇ ਕੁਝ ਖੇਤਰੀ ਪਾਰਟੀਆਂ ਜਾਤ ਆਧਾਰਤ ਗਣਨਾ 'ਤੇ ਜ਼ੋਰ ਦੇਣ ਲੱਗੀਆਂ ਹੋਈਆਂ ਸਨ। ਸਭ ਤੋਂ ਵੱਧ ਜ਼ੋਰ ਰਾਹੁਲ ਗਾਂਧੀ ਦੇ ਰਹੇ ਸਨ ਜਦਕਿ ਨਹਿਰੂ ਤੋਂ ਲੈ ਕੇ ਨਰਸਿਮਹਾ ਰਾਓ ਤੱਕ ਨੇ ਇਸ ਦੀ ਜ਼ਰੂਰਤ ਨਹੀਂ ਸਮਝੀ। ਇਹ ਤੈਅ ਹੈ ਕਿ ਜਾਤ ਆਧਾਰਤ ਗਣਨਾ ਕਰਵਾਉਣ ਦੇ ਫੈਸਲੇ 'ਤੇ ਜਿੱਥੇ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਇਸ ਦਾ ਸਿਹਰਾ ਲੈਣਗੀਆਂ, ਓਥੇ ਹੀ ਭਾਜਪਾ ਇਸ ਨੂੰ ਸਮਾਜਿਕ ਨਿਆਂ ਕੇਂਦਰਿਤ ਆਪਣੀ ਪਹਿਲਕਦਮੀ ਦੱਸੇਗੀ। ਸਵਾਲ ਇਹ ਹੈ ਕਿ ਜਾਤ ਆਧਾਰਤ ਗਣਨਾ ਸਮਾਜਿਕ ਨਿਆਂ ਵਿਚ ਮਦਦਗਾਰ ਬਣੇਗੀ ਜਾਂ ਫਿਰ ਜਾਤੀਵਾਦੀ ਸਿਆਸਤ ਦੇ ਨਵੇਂ ਸਿਰਿਓਂ ਬੂਹੇ ਖੋਲ੍ਹੇਗੀ?ਇਹ ਬਹੁਤ ਕੁਝ ਇਸ 'ਤੇ ਨਿਰਭਰ ਕਰੇਗਾ ਕਿ ਜਾਤ ਆਧਾਰਤ ਗਣਨਾ ਦੇ ਅੰਕੜਿਆਂ ਦਾ ਇਸਤੇਮਾਲ ਕਿਸ ਤਰ੍ਹਾਂ ਕੀਤਾ ਜਾਂਦਾ ਹੈ। ਜਾਤ-ਪਾਤ ਕਿਉਂਕਿ ਭਾਰਤੀ ਸਿਆਸਤ ਦੀ ਇਕ ਹਕੀਕਤ ਹੈ, ਇਸ ਲਈ ਸਿਧਾਂਤਕ ਤੌਰ 'ਤੇ ਇਹੀ ਵਾਜਬ ਹੈ ਕਿ ਜਦ ਸਮਾਜ ਭਲਾਈ ਦੀਆਂ ਯੋਜਨਾਵਾਂ ਨੂੰ ਲਾਗੂ ਕਰਨ ਮੌਕੇ ਜਾਤਾਂ ਇਕ ਆਧਾਰ ਬਣਦੀਆਂ ਹਨ ਤਦ ਫਿਰ ਇਸ ਦੇ ਸਪਸ਼ਟ ਅੰਕੜੇ ਹੋਣੇ ਹੀ ਚਾਹੀਦੇ ਹਨ ਕਿ ਕਿਸ ਜਾਤ ਦੇ ਕਿੰਨੇ ਲੋਕ ਹਨ ਤੇ ਉਨ੍ਹਾਂ ਦੀ ਸਮਾਜਿਕ-ਆਰਥਿਕ ਹਾਲਤ ਕੀ ਹੈ। ਹਾਲੇ ਤੱਕ ਅਨੁਸੂਚਿਤ ਜਾਤੀਆਂ-ਜਨਜਾਤੀਆਂ ਦੀ ਤਾਂ ਗਿਣਤੀ ਹੁੰਦੀ ਰਹੀ ਹੈ ਪਰ ਹੋਰ ਪੱਛੜਾ ਵਰਗ ਯਾਨੀ ਓਬੀਸੀ ਦੀ ਨਹੀਂ। ਹੁਣ ਸਾਰੀਆਂ ਜਾਤਾਂ ਦੀ ਗਿਣਤੀ ਹੋਵੇਗੀ।ਇਹ ਗਿਣਤੀ ਮੁਸਲਿਮ, ਈਸਾਈ ਤੇ ਹੋਰ ਭਾਈਚਾਰਿਆਂ ਵਿਚ ਵੀ ਹੋਣੀ ਚਾਹੀਦੀ ਹੈ ਕਿਉਂਕਿ ਕੋਈ ਦਾਅਵਾ ਕੁਝ ਵੀ ਕਰੇ, ਜਾਤ-ਪਾਤ ਅਤੇ ਉਸ ਦੇ ਆਧਾਰ 'ਤੇ ਪੱਖਪਾਤ ਸਭ ਜਗ੍ਹਾ ਹੁੰਦਾ ਹੈ। ਇਸ ਤੋਂ ਵੀ ਜਿਆਦਾ ਜਰੂਰੀ, ਬਲਕਿ ਲਾਜਮੀ ਇਹ ਹੈ ਕਿ ਜਾਤ ਆਧਾਰਤ ਗਣਨਾ ਜਾਤੀਵਾਦ ਦੀ ਰਾਜਨੀਤੀ ਦਾ ਹਥਿਆਰ ਨਾ ਬਣੇ ਅਤੇ ਉਹ ਭਾਰਤੀ ਸਮਾਜ ਨੂੰ ਪਾਟੋਧਾੜ ਨਾ ਕਰ ਸਕੇ। ਇਸ ਅੰਦੇਸ਼ੇ ਨੂੰ ਦੂਰ ਕਰਨ ਦੇ ਕੁਝ ਠੋਸ ਉਪਾਅ ਹੋਣੇ ਹੀ ਚਾਹੀਦੇ ਹਨ ਕਿ ਜਾਤ ਆਧਾਰਤ ਗਣਨਾ ਜਾਤਾਂ 'ਚ ਪਾੜਾ ਵਧਾਉਣ ਦਾ ਕਾਰਨ ਨਾ ਬਣ ਸਕੇ।ਇਹ ਕਿਸੇ ਤੋਂ ਲੁਕਿਆ ਨਹੀਂ ਕਿ ਕਈ ਪਾਰਟੀਆਂ ਖੁੱਲ੍ਹੇਆਮ ਜਾਤ-ਪਾਤ ਆਧਾਰਤ ਸਿਆਸਤ ਖੇਡਦੀਆਂ ਹਨ। ਉਹ ਕੁਝ ਜਾਤਾਂ ਦੀ ਅਗਵਾਈ ਕਰਨ ਲਈ ਜਾਣੀਆਂ ਹੀ ਨਹੀਂ ਜਾਂਦੀਆਂ ਬਲਕਿ ਅਜਿਹਾ ਦਾਅਵਾ ਵੀ ਕਰਦੀਆਂ ਹਨ। ਇਸ ਤੋਂ ਬਿਹਤਰ ਹੋਰ ਕੁਝ ਨਹੀਂ ਕਿ ਜਾਤ ਆਧਾਰਤ ਗਣਨਾ ਲਤਾੜਿਆਂ-ਪੱਛੜਿਆਂ ਦੇ ਉੱਥਾਨ 'ਚ ਮਦਦਗਾਰ ਬਣੇ ਪਰ ਜੇ ਉਹ ਪਾਟੋਧਾੜ ਨੂੰ ਹੱਲਾਸ਼ੇਰੀ ਦਿੰਦੀ ਹੈ ਤੇ ਦੇਸ਼ ਦੀ ਇਕਜੁੱਟਤਾ ਨੂੰ ਪ੍ਰਭਾਵਿਤ ਕਰਦੀ ਹੈ ਤਾਂ ਇਸ ਤੋਂ ਮੰਦਭਾਗਾ ਹੋਰ ਕੁਝ ਨਹੀਂ ਹੋਵੇਗਾ।

# ਆਫੀਸਰਜ਼ ਐਸੋਸੀਏਸ਼ਨ ਦੇ ਜਨਰਲ ਸੈਕਟਰੀ ਚੁਣੇ ਜਗਪ੍ਰੀਤ ਚੌਹਾਨ



ਤਲਵੰਡੀ ਭਾਈ, 8 ਮਈ (ਪੱਤਰ ਪ੍ਰੇਰਕ)–ਆਫੀਸਰਜ਼ ਐਸੋਸੀਏਸ਼ਨ ਆਫ਼ ਸਟੇਟ ਬੈਂਕ ਆਫ਼ ਇੰਡੀਆ ਦੀ ਚੰਡੀਗੜ੍ਹ ਸਰਕਲ ਦੀ ਹੋਈ ਚੋਣ 'ਚ ਬੈਂਕ ਦੀ ਮੁੱਦਕੀ ਸ਼ਾਖਾ ਦੇ ਪ੍ਰਬੰਧਕ ਜਗਪ੍ਰੀਤ ਸਿੰਘ ਚੌਹਾਨ ਫ਼ਿਰੋਜ਼ਪੁਰ ਰੀਜ਼ਨ ਦੇ ਜਨਰਲ ਸੈਕਟਰੀ ਚੁਣੇ ਗਏ ਹਨ। ਉਨ੍ਹਾਂ ਦੀ ਚੋਣ 'ਤੇ ਅੱਜ ਮੁੱਦਕੀ ਸ਼ਾਖਾ ਦੇ ਸਮੂਹ ਸਟਾਫ਼ ਅਤੇ ਸ਼ਹਿਰ ਦੇ ਪਤਵੰਤਿਆਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸ੍ਰੀ ਚੌਹਾਨ ਨੇ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਂਦੇ ਹੋਏ ਬੈਂਕ ਅਧਿਕਾਰੀਆਂ ਅਤੇ ਬੈਂਕ ਗਾਹਕਾਂ ਦੀ ਭਲਾਈ ਲਈ ਕੰਮ ਕਰਦੇ ਰਹਿਣਗੇ। ਇਸ ਮੌਕੇ ਧੀਰਜ ਬਾਂਸਲ, ਰੋਹਿਤ ਕਮਲ, ਕਮਲਜੀਤ ਸਿੰਘ, ਸੱਤਿਆ ਸਿੰਘ, ਗੁਰਦੀਪ ਰਾਮ, ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਰਜਿਤ ਸਚਦੇਵਾ, ਪ੍ਰਵੀਨ ਰਾਣੀ, ਰਵੀ, ਐਮਸੀ ਰੋਸ਼ਨ ਲਾਲ ਮਨਚੰਦਾ, ਸਾਬਕਾ ਐਮਸੀ ਰਜਿੰਦਰ ਲੱਕੀ ਮਨਚੰਦਾ, ਸਤੀਸ਼ ਅਗਰਵਾਲ ਤੇ ਹੈਪੀ ਗੋਇਲ ਆਦਿ ਵੀ ਹਾਜ਼ਰ ਸਨ।

# ਬਾਇਓ ਗੈਸ ਪਲਾਂਟ ਦੇ ਅਧਿਕਾਰੀਆਂ 'ਤੇ ਬੇਨਿਯਮੀਆਂ ਦੇ ਦੋਸ਼

## ਤਾਲਮੇਲ ਸੰਘਰਸ਼ ਕਮੇਟੀ ਨੇ ਡੀਸੀ ਨੂੰ ਮੰਗ ਪੱਤਰ ਸੌਂਪਿਆ



ਭੋਗਪੁਰ, 8 ਮਈ (ਪੱਤਰ ਪ੍ਰੇਰਕ)–ਸਹਿਕਾਰੀ ਖੰਡ ਮਿੱਲ ਭੋਗਪੁਰ ਵਿੱਚ ਲੱਗ ਰਹੇ ਸੀਐਨਜੀ ਬਾਇਓ ਗੈਸ ਪਲਾਂਟ 'ਚ ਉਦੋਂ ਨਵਾਂ ਮੋੜ ਆਇਆ ਜਦੋਂ ਪਲਾਂਟ ਲੱਗਣ ਦਾ ਵਿਰੋਧ ਕਰਨ ਵਾਲੀ ਤਾਲਮੇਲ ਸੰਘਰਸ਼ ਕਮੇਟੀ ਨੇ ਰਾਜ ਕੁਮਾਰ ਰਾਜਾ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਜਲੰਧਰ ਹਿਮਾਂਸ਼ੂ ਅਗਰਵਾਲ ਨੂੰ ਮੰਗ ਪੱਤਰ ਦੇ ਕੇ ਪਲਾਂਟ ਨਾਲ ਸਬੰਧਤ ਅਧਿਕਾਰੀ 'ਤੇ ਦੋਸ਼ ਲਗਾਇਆ ਕਿ ਪਲਾਂਟ 'ਤੇ ਚੱਲ ਰਹੇ ਕੰਮ ਲਈ ਬਿਜਲੀ ਚੋਰੀ ਕੀਤੀ ਗਈ ਅਤੇ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਰਨ ਲਈ ਨਗਰ ਕੌਂਸਲ ਭੋਗਪੁਰ ਤੋਂ ਪ੍ਰਵਾਨਗੀ ਨਹੀਂ ਲਈ ਗਈ। ਭਾਵੇਂ ਤਾਲਮੇਲ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਸੇ ਅਧਿਕਾਰੀ ਦਾ ਨਾਂ ਮੰਗ ਪੱਤਰ 'ਤੇ ਨਹੀਂ ਲਿਖਿਆ ਪਰ ਕਾਂਗਰਸੀ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਸਪੱਸ਼ਟ ਰੂਪ ਵਿੱਚ ਕਿਹਾ ਕਿ ਖੰਡ ਮਿੱਲ ਦਾ ਜੀਐੱਮ ਗੁਰਵਿੰਦਰ ਪਾਲ ਸਿੰਘ ਅਤੇ ਬਿਜਲੀ ਬੋਰਡ ਦਾ ਐਕਸੀਅਨ ਜਸਵੰਤ ਸਿੰਘ ਪਾਬਲਾ ਬਾਇਓ ਗੈਸ ਪਲਾਂਟ 'ਚ ਬਿਜਲੀ ਚੋਰੀ ਕਰਾ ਰਿਹਾ ਹੈ ਪਰ ਸਰਕਾਰ ਕੁੰਭਕਰਨ ਦੀ ਨੀਂਦ ਸੁੱਤੀ ਹੈ। ਖੰਡ ਮਿੱਲ ਦੇ ਜੀਐੱਮ ਗੁਰਵਿੰਦਰ ਪਾਲ ਸਿੰਘ ਨੇ ਕਿਹਾ ਕਿ ਵਿਧਾਇਕ ਕੋਟਲੀ ਪਿਛਲੇ ਲੰਮੇ ਸਮੇਂ ਤੋਂ ਅਧਿਕਾਰੀਆਂ 'ਤੇ ਝੂਠੇ ਦੋਸ਼ ਲਗਾ ਕੇ ਖੰਡ ਮਿੱਲ ਨੂੰ ਬੰਦ ਕਰਾਉਣਾ ਚਾਹੁੰਦਾ ਹੈ। ਬਿਜਲੀ ਬੋਰਡ ਦੇ ਐਕਸੀਅਨ ਜਸਵੰਤ ਸਿੰਘ ਪਾਬਲਾ ਨੇ ਕਿਹਾ ਕਿ ਜਦ ਖੰਡ ਮਿੱਲ ਵਿੱਚ ਬਿਜਲੀ ਚੋਰੀ ਬਾਰੇ ਮਹਿਕਮੇ ਨੂੰ ਜਾਣਕਾਰੀ ਮਿਲੀ ਤਾਂ ਐੱਸਡੀਓ ਦਲਜੀਤ ਸਿੰਘ ਦੀ ਅਗਵਾਈ ਵਿੱਚ ਟੀਮ ਭੇਜ ਕੇ ਛਾਪਾ ਮਾਰਿਆ ਪਰ ਅਜਿਹਾ ਕੁੱਝ ਨਹੀਂ ਮਿਲਿਆ। ਦੋਵਾਂ ਅਧਿਕਾਰੀਆਂ ਨੇ ਕਿਹਾ ਕਿ ਖੰਡ ਮਿੱਲ ਵਿੱਚ ਬਿਜਲੀ ਪੈਦਾ ਕਰਨ ਵਾਲਾ ਪਲਾਂਟ ਨਿਜੀ ਕੰਪਨੀ ਦਾ ਹੈ ਅਤੇ ਬਾਇਓ ਗੈਸ ਪਲਾਂਟ ਵੀ ਨਿੱਜੀ ਕੰਪਨੀ ਦਾ ਹੈ, ਜਿਨ੍ਹਾਂ ਨੇ ਖੰਡ ਮਿੱਲ ਨਾਲ ਐਮਓਯੂ ਕੀਤੇ ਹੋਏ ਹਨ। ਇਸ ਲਈ ਦੋਵਾਂ ਪਲਾਂਟਾਂ ਦਾ ਸਿੱਧੇ ਰੂਪ ਵਿੱਚ ਖੰਡ ਮਿੱਲ ਦੇ ਅਧਿਕਾਰੀਆਂ ਨਾਲ ਕੋਈ ਸਬੰਧ ਨਹੀਂ ਹੈ।

# ਪੰਚਾਇਤਾਂ ਨੇ ਨਸ਼ਿਆਂ ਖ਼ਿਲਾਫ਼ ਪੋਸਟਰ ਮੁਹਿੰਮ ਵਿੱਢੀ

## ਸਰਕਾਰ ਦੀ ਮੁਹਿੰਮ ਨੂੰ ਬਠਿੰਡਾ ਜ਼ਿਲ੍ਹੇ 'ਚ ਭਰਵਾਂ ਹੁੰਗਾਰਾ




ਬਠਿੰਡਾ, 8 ਮਈ (ਪੱਤਰ ਪ੍ਰੇਰਕ)–ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਜ਼ਿਲ੍ਹਾ ਬਠਿੰਡਾ ਦੀਆਂ ਪੰਚਾਇਤਾਂ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਪੰਚਾਇਤਾਂ ਨੇ ਇਸ ਮੁਹਿੰਮ ਦਾ ਸਵਾਗਤ ਕਰਦਿਆਂ ਇਸ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਦਾ ਅਹਿਦ ਲਿਆ ਹੈ। ਪੰਚਾਇਤਾਂ ਨੇ ਨਸ਼ਿਆਂ ਖ਼ਿਲਾਫ਼ ਪ੍ਰਚਾਰ ਲਈ ਪੋਸਟਰ ਤੇ ਸਟਿੱਕਰ ਤਿਆਰ ਕਰਵਾਏ ਹਨ, ਜਿਨ੍ਹਾਂ ਉੱਪਰ ਪੰਜਾਬ ਸਰਕਾਰ ਦੀ ਸ਼ਲਾਘਾ ਕਰਦਿਆਂ, ਮੁਹਿੰਮ ਦਾ ਸਮਰਥਨ ਕੀਤਾ ਗਿਆ ਹੈ। ਪੋਸਟਰਾਂ ਦੇ ਬਿਲਕੁਲ ਉੱਪਰ 'ਸਾਡਾ ਖ਼ੁਆਬ, ਨਸ਼ਾ ਮੁਕਤ ਪੰਜਾਬ, ਹੱਸਦਾ ਖੇਡਦਾ ਰੰਗਲਾ ਪੰਜਾਬ' ਇਬਾਰਤ ਅੰਕਿਤ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਨਸ਼ਾ ਮੁਕਤੀ ਮੋਰਚਾ ਜ਼ਿਲ੍ਹਾ ਬਠਿੰਡਾ ਦੇ ਕੋਆਰਡੀਨੇਟਰ ਜਤਿੰਦਰ ਭੱਲਾ ਦੀਆਂ ਤਸਵੀਰਾਂ ਹਨ। ਸ੍ਰੀ ਭੱਲਾ ਦਾ ਕਹਿਣਾ ਹੈ ਕਿ ਪੰਚਾਇਤਾਂ ਸੂਬੇ ਨੂੰ ਨਸ਼ਾ ਮੁਕਤ ਕਰਨ ਵਿੱਚ ਵੱਡੀ ਭੂਮਿਕਾ ਅਦਾ ਕਰ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਪੰਚਾਇਤਾਂ ਪੰਜਾਬ ਸਰਕਾਰ ਅਤੇ ਆਮ ਲੋਕਾਂ ਦਰਮਿਆਨ ਕੜੀ ਦਾ ਕੰਮ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਬਠਿੰਡਾ ਜ਼ਿਲ੍ਹੇ ਦੀਆਂ ਪੰਚਾਇਤਾਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਨਿੱਤਰ ਆਈਆਂ ਹਨ, ਜਿਸ ਦੇ ਭਵਿੱਖ ਵਿੱਚ ਸਾਰਥਿਕ ਨਤੀਜੇ ਸਾਹਮਣੇ ਆਉਣਗੇ। ਉਨ੍ਹਾਂ ਕਿਹਾ ਕਿ ਪੰਚਾਇਤਾਂ ਵੱਲੋਂ ਜਿੱਥੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰੀ ਬਣਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ, ਉੱਥੇ ਹੀ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਯਤਨ ਜਾਰੀ ਹਨ। ਉਨ੍ਹਾਂ ਦੱਸਿਆ ਕਿ ਬਹੁਤੇ ਪਿੰਡਾਂ ਨੂੰ ਉਹ ਖੁਦ ਓਪਨ ਜਿੰਮ ਅਤੇ ਖੇਡ ਕਿੱਟਾਂ ਵੰਡ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਰੁਝਾਨ ਦਾ ਦਾਇਰਾ ਹੋਰ ਮੋਕਲਾ ਕੀਤਾ ਜਾਵੇਗਾ।

# ਪੁਲ ਦੀ ਰੇਲਿੰਗ ਟੁੱਟਣ ਕਾਰਨ ਹਾਦਸਿਆਂ ਦਾ ਖ਼ਦਸ਼ਾ



ਲਹਿਰਾਗਾਗਾ, 8 ਮਈ (ਪੱਤਰ ਪ੍ਰੇਰਕ)–ਲਹਿਰਾਗਾਗਾ–ਸੁਨਾਮ ਸੜਕ 'ਤੇ ਵੱਡੇ ਡਰੇਨ ਦੇ ਪੁਲ ਦੀ ਰੇਲਿੰਗ ਟੁੱਟਣ ਕਾਰਨ ਹਾਦਸੇ ਵਾਪਰਨ ਦਾ ਖ਼ਦਸ਼ਾ ਹੈ। ਸ਼ਹਿਰੀ ਅਤੇ ਪੇਂਡੂ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਦੀਪਕ ਜੈਨ ਨੇ ਦੱਸਿਆ ਕਿ ਲਹਿਰਾਗਾਗਾ ਤੋਂ ਸੁਨਾਮ ਵੱਲ ਜਾ ਰਹੀ ਸੜਕ 'ਤੇ ਵੱਡੇ ਡਰੇਨ ਦੇ ਪੁਲ ਦੀ ਰੇਲਿੰਗ ਟੁੱਟੀ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਸੜਕ ਹੋਣ ਕਰਕੇ ਦਿਨ ਰਾਤ ਸੈਂਕੜੇ ਵਾਹਨ ਲੰਘਦੇ ਹਨ ਜਿਸ ਨਾਲ ਵੱਡਾ ਹਾਦਸਾ ਹੋਣ ਦਾ ਡਰ ਬਣਿਆ ਰਹਿੰਦਾ ਹੈ। ਦੀਪਕ ਜੈਨ ਨੇ ਦੱਸਿਆ ਕਿ ਸਬੰਧਤ ਵਿਭਾਗ ਦੇ ਧਿਆਨ ਵਿੱਚ ਲਿਆ ਕੇ ਰੇਲਿੰਗ ਲਾਉਣ ਦੀ ਮੰਗ ਕੀਤੀ ਹੈ।

# ਨਸ਼ੇ ਦੀ ਵੱਧ ਡੋਜ਼ ਕਾਰਨ ਇੱਕ ਨੌਜਵਾਨ ਦੀ ਮੌਤ, ਦੂਜਾ ਜ਼ੇਰੇ-ਇਲਾਜ

ਮਸਤੂਆਣਾ ਸਾਹਿਬ, 8 ਮਈ (ਪੱਤਰ ਪ੍ਰੇਰਕ)–ਇੱਕ ਪਾਸੇ ਸਰਕਾਰ ਵੱਡੇ ਵੱਡੇ ਦਾਅਵੇ ਕਰ ਰਹੀ ਹੈ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਡੀ ਪੱਧਰ 'ਤੇ ਨਸ਼ਾ ਖਤਮ ਕੀਤਾ ਜਾ ਰਿਹਾ ਹੈ ਅਤੇ ਨਸ਼ੇ ਦੇ ਸੌਦਾਗਰਾਂ ਨੂੰ ਫੜ ਕੇ ਜੇਲ੍ਹਾਂ ਅੰਦਰ ਕੀਤਾ ਜਾ ਰਿਹਾ ਹੈ। ਦੂਸਰੇ ਪਾਸੇ ਪਿੰਡਾਂ ਦੇ ਨੌਜਵਾਨ ਲਗਾਤਾਰ ਨਸ਼ਿਆਂ ਦੀ ਵੱਧ ਡੋਜ਼ ਨਾਲ ਮਰ ਰਹੇ ਹਨ। ਅੱਜ ਨੇੜਲੇ ਪਿੰਡ ਦੁੱਗਾਂ ਵਿਖੇ ਨਸ਼ੇ ਦੀ ਵੱਧ ਡੋਜ਼ ਲੈਣ ਕਾਰਨ ਇੱਕ ਨੌਜਵਾਨ ਦੀ ਮੌਤ ਹੋ ਗਈ, ਜਦੋਂ ਕਿ ਦੂਜੇ ਨੌਜਵਾਨ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਸੰਗਰੂਰ ਦੇ ਸਿਵਲ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਦੁੱਗਾਂ ਦੇ ਸਾਬਕਾ ਸਰਪੰਚ ਦਲਵੀਰ ਸਿੰਘ ਸਿੱਧੂ, ਨੌਜਵਾਨ ਆਗੂ ਰਾਜਵੀਰ ਸਿੰਘ ਰਾਜੂ ਅਤੇ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਮਜ਼੍ਹਬੀ ਸਿੱਖ ਭਾਈਚਾਰੇ ਦੇ 18 ਤੋਂ 20 ਸਾਲ ਦੇ ਦੋ ਨੌਜਵਾਨ ਮੱਖਣ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਦੁੱਗਾਂ ਨਸ਼ੇ ਦੀ ਵੱਧ ਡੋਜ਼ ਲੈਣ ਕਾਰਨ ਬੇਹੋਸ਼ੀ ਦੀ ਹਾਲਤ ਵਿੱਚ ਪਿੰਡ ਦੀ ਮੰਡੀ ਦੇ ਨਜ਼ਦੀਕ ਪਏ ਸਨ। ਪਤਾ ਲੱਗਦਿਆਂ ਹੀ ਉਨ੍ਹਾਂ ਨੇ ਦੋਨੋਂ ਨੌਜਵਾਨਾਂ ਨੂੰ ਪੁਲੀਸ ਚੌਂਕੀ ਬਡਰੁੱਖਾਂ ਨੂੰ



ਇਤਲਾਹ ਦੇ ਕੇ ਸਿਵਲ ਹਸਪਤਾਲ ਸੰਗਰੂਰ ਵਿਖੇ ਇਲਾਜ ਲਈ ਦਾਖ਼ਲ ਕਰਵਾਇਆ ਗਿਆ। ਉਥੇ ਮੱਖਣ ਸਿੰਘ ਦੀ ਅੱਜ ਮੌਤ ਹੋ ਗਈ ਹੈ ਜਦੋਂ ਕਿ ਅੰਮ੍ਰਿਤਪਾਲ ਸਿੰਘ ਸਿਵਲ ਹਸਪਤਾਲ ਸੰਗਰੂਰ ਵਿਖੇ ਜ਼ੇਰੇ-ਇਲਾਜ ਹੈ। ਇਸ ਮੌਕੇ ਸਾਬਕਾ ਸਰਪੰਚ ਦਲਵੀਰ ਸਿੰਘ ਸਿੱਧੂ, ਰਾਜਵੀਰ ਸਿੰਘ ਰਾਜੂ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਉਹ ਪਿੰਡ ਦੁੱਗਾਂ ਵਿਖੇ ਨਸ਼ਾ ਵਿਕਣ ਸਬੰਧੀ ਕਈ ਵਾਰ ਪੁਲੀਸ ਦੇ ਵੱਖ-ਵੱਖ ਅਧਿਕਾਰੀਆਂ ਨੂੰ ਸ਼ਿਕਾਇਤਾਂ ਕਰ ਚੁੱਕੇ ਹਨ ਅਤੇ ਵੇਚਣ ਵਾਲੇ ਵਿਅਕਤੀਆਂ ਬਾਰੇ ਵੀ ਦੱਸ ਚੁੱਕੇ ਹਨ ਪਰ ਅਜੇ ਤੱਕ ਕੋਈ ਕਾਰਵਾਈ ਪੁਲੀਸ ਵੱਲੋਂ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਜੇ ਪੁਲੀਸ ਪ੍ਰਸ਼ਾਸਨ ਇਸ ਸਬੰਧੀ ਕੋਈ ਕਾਰਵਾਈ ਕਰਦਾ ਤਾਂ ਇਸ ਨੌਜਵਾਨ ਦੀ ਜਾਨ ਬਚਾਈ ਜਾ ਸਕਦੀ ਸੀ। ਪਿੰਡ ਵਾਸੀਆਂ ਨੇ ਪੁਲੀਸ ਦੇ ਉੱਚ ਅਧਿਕਾਰੀਆਂ ਅਤੇ ਸੂਬਾ ਸਰਕਾਰ ਨੂੰ ਕਿਹਾ ਕਿ ਉਨ੍ਹਾਂ ਨੂੰ ਪਿੰਡ ਦੇ ਵਿਕਾਸ ਕਾਰਜਾਂ ਵਾਸਤੇ ਬੇਸ਼ੱਕ ਘੱਟ ਗਰਾਂਟਾਂ ਦੇ ਦੇਵੋ ਪਰ ਪਿੰਡ ਵਿੱਚੋਂ ਨਸ਼ਾ ਖਤਮ ਕਰਕੇ ਨੌਜਵਾਨਾਂ ਨੂੰ ਬਚਾਇਆ ਜਾਵੇ ਅਤੇ ਨਸ਼ੇ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਮ੍ਰਿਤਕ ਮੱਖਣ ਸਿੰਘ ਦੇ ਪਿਤਾ ਕਾਫ਼ੀ ਬਿਮਾਰ ਰਹਿੰਦੇ ਹਨ ਤੇ ਤੁਰ ਫਿਰ ਨਹੀਂ ਸਕਦੇ ਅਤੇ ਮਾਤਾ ਤੇ ਦਾਦੀ ਲੋਕਾਂ ਦੇ ਘਰਾਂ ਵਿੱਚ ਗੋਹਾ ਕੂੜਾ ਸੁੱਟ ਕੇ ਦਿਹਾੜੀ ਕਰ ਕੇ ਘਰ ਦਾ ਗੁਜ਼ਾਰਾ ਚਲਾ ਰਹੀਆਂ ਹਨ।

ਇਸ ਬਾਰੇ ਪੁਲੀਸ ਚੌਂਕੀ ਬਡਰੁੱਖਾਂ ਦੇ ਇੰਚਾਰਜ ਨੂੰ ਵਾਰ-ਵਾਰ ਫੋਨ ਕਰਨ 'ਤੇ ਵੀ ਕੋਈ ਜਵਾਬ ਨਹੀਂ ਦਿੱਤਾ। ਥਾਣਾ ਲੌਂਗੋਵਾਲ ਦੇ ਐੱਸਐੱਚਓ ਅਤੇ ਡੀਐੱਸਪੀ ਸੁਨਾਮ ਨੇ ਕਿਹਾ ਕਿ ਉਨ੍ਹਾਂ ਕੋਲ ਪਿੰਡ ਦੁੱਗਾਂ ਤੋਂ ਇਸ ਸਬੰਧੀ ਪਹਿਲਾਂ ਕੋਈ ਵੀ ਸ਼ਿਕਾਇਤ ਨਹੀਂ ਆਈ। ਸਰਕਾਰ ਅਤੇ ਪੁਲੀਸ ਪ੍ਰਸ਼ਾਸਨ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ੇ ਦੇ ਸੌਦਾਗਰਾਂ ਨੂੰ ਫੜਿਆ ਜਾ ਰਿਹਾ ਹੈ ਅਤੇ ਸਖ਼ਤੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ।

### ਕ੍ਰਿਸ਼ਚੀਅਨ ਰੈਜੀਮੈਂਟ ਬਹਾਲ ਕਰਨ ਦੀ ਮੰਗ

ਮੋਗਾ, 8 ਮਈ (ਪੱਤਰ ਪ੍ਰੇਰਕ)–ਕ੍ਰਿਸ਼ਚੀਅਨ ਨੈਸ਼ਨਲ ਫਰੰਟ ਵੱਲੋਂ ਸੂਬਾ ਪੱਧਰੀ ਮੀਟਿੰਗ ਕਰਕੇ ਸਾਲ 1956 ਵਿੱਚ ਤੋੜੀ ਕ੍ਰਿਸ਼ਚੀਅਨ ਰੈਜੀਮੈਂਟ ਨੂੰ ਬਹਾਲ ਕਰਨ ਦੀ ਮੰਗ ਕੀਤੀ ਗਈ ਹੈ। ਇਸ ਮੌਕੇ 'ਆਜ਼ਾਦੀ ਪਾਓ, ਰਾਜ ਲਿਆਓ' ਬੈਨਰ ਹੇਠ 18 ਜੂਨ ਨੂੰ ਮੰਗਾਂ ਸਬੰਧੀ ਪਟਿਆਲਾ 'ਚ ਰੈਲੀ ਦਾ ਐਲਾਨ ਕੀਤਾ ਗਿਆ ਹੈ। ਫਰੰਟ ਦੇ ਕੌਮੀ ਪ੍ਰਧਾਨ ਲਾਰੈਂਸ ਚੌਧਰੀ ਨੇ ਕਿਹਾ ਕਿ ਅਨੇਕਾਂ ਮੰਗ ਪੱਤਰ, ਚੇਤਨਾ ਅਤੇ ਅਧਿਕਾਰ ਰੈਲੀਆਂ ਕਰ ਭਾਈਚਾਰੇ ਦੀਆਂ ਆਰਥਿਕ ਸਮਾਜਿਕ ਅਤੇ ਰਾਜਨੀਤਕ ਮੁਸ਼ਕਿਲਾਂ ਦੇ ਹੱਲ ਲਈ ਕੇਂਦਰ ਅਤੇ ਰਾਜ ਸਰਕਾਰ ਨੂੰ ਪਿਛਲੇ 30 ਸਾਲ ਤੋਂ ਅਗਾਂਹ ਕਰਦੇ ਆ ਰਹੇ ਹਾਂ ਪਰ ਅਫਸੋਸ, ਮੁਸ਼ਕਲਾਂ ਦਾ ਹੱਲ ਹੋਣਾ ਤਾਂ ਦੂਰ ਅਸੈਂਬਲੀ ਅਤੇ ਪਾਰਲੀਮੈਂਟ 'ਚ ਰਾਜ ਅਤੇ ਕੇਂਦਰ ਸਰਕਾਰ ਵੱਲੋਂ ਕਦੇ ਵੀ ਉਨ੍ਹਾਂ ਮੁੱਦਿਆਂ ਨੂੰ ਵਿਚਾਰਿਆ ਤੱਕ ਨਹੀਂ ਗਿਆ। ਜਸਟਿਸ ਰੰਗਰਾਜਨ ਰਿਪੋਰਟ 2009 ਜਿਸ ਵਿੱਚ ਮਸੀਹੀ ਭਾਈਚਾਰੇ ਨੂੰ ਰਾਖਵਾਂਕਰਨ ਦੇਣ ਦੀ ਸਿਫਾਰਸ਼ ਪਾਰਲੀਮੈਂਟ ਵਿੱਚ ਰੁਲ ਰਹੀ ਹੈ। ਉਨ੍ਹਾਂ 1956 ਵਿੱਚ ਤੋੜੀ ਕ੍ਰਿਸ਼ਚੀਅਨ ਰੈਜੀਮੈਂਟ ਨੂੰ ਬਹਾਲ ਕਰਨ, ਬਾਰਡਰ ਜ਼ਿਲ੍ਹੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਵਿੱਚ ਵਸਦੇ ਮਸੀਹੀ ਭਾਈਚਾਰੇ ਦੇ ਲੋਕਾਂ ਨੂੰ ਵਿਸ਼ੇਸ਼ ਪੈਕੇਜ ਦੇਣ ਦੀ ਮੰਗ ਕੀਤੀ ਹੈ।

# ਮਜ਼ਦੂਰ ਮੁਕਤੀ ਮੋਰਚਾ ਵੱਲੋਂ ਮੁੱਖ ਮੰਤਰੀ ਖਿਲਾਫ਼ ਅਰਥੀ ਫੂਕ ਮੁਜ਼ਾਹਰਾ

## ਸੰਘਰਸ਼ਸ਼ੀਲ ਜਥੇਬੰਦੀਆਂ ਦੀ ਆਵਾਜ਼ ਦਬਾਉਣ ਦੇ ਦੋਸ਼



ਮਾਨਸਾ, 8 ਮਈ (ਪੱਤਰ ਪ੍ਰੇਰਕ)–ਮਜ਼ਦੂਰ ਮੁਕਤੀ ਮੋਰਚਾ (ਆਜ਼ਾਦ) ਪੰਜਾਬ ਵੱਲੋਂ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਧਮਕੀ ਦੇਣ ਖ਼ਿਲਾਫ਼ ਮਾਨਸਾ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ। ਮਜ਼ਦੂਰ ਮੁਕਤੀ ਮੋਰਚਾ (ਆਜ਼ਾਦ) ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਧਰਨਿਆਂ ਵਿੱਚੋਂ ਨਿਕਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਦਰਸ਼ਾਹੀ ਫ਼ਰਮਾਨ ਜਾਰੀ ਕਰਕੇ ਮੋਦੀ ਦੀਆਂ ਨਜ਼ਰਾਂ 'ਚ ਪੰਜਾਬ ਦੇ ਯੋਗੀ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਡਾ. ਅੰਬੇਡਕਰ ਦੀਆਂ ਫੋਟੋਆਂ ਲਾ ਕੇ ਵੋਟਾਂ ਲੈਣ ਵਾਲਾ ਮੁੱਖ ਮੰਤਰੀ ਲੋਕ ਆਵਾਜ਼ ਦਬਾ ਰਹੇ ਹਨ। ਉਨ੍ਹਾਂ ਕਿਹਾ ਕਿ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਧਮਕੀ ਦੇਣਾ ਆਪ ਸਰਕਾਰ ਨੂੰ ਮਹਿੰਗਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸੰਘਰਸ਼ਸ਼ੀਲ ਮਜ਼ਦੂਰ, ਕਿਸਾਨ, ਮੁਲਾਜ਼ਮ ਮੁੱਖ ਮੰਤਰੀ ਦੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਨ। ਉਨ੍ਹਾਂ ਕਿਹਾ ਕਿ ਜਦੋਂ ਅਫ਼ਸਰਸ਼ਾਹੀ ਅਤੇ ਸੱਤਾਧਾਰੀ ਹਾਕਮ ਲੋਕ ਮੁੱਦਿਆਂ 'ਤੇ ਅੱਖਾਂ ਬੰਦ ਕਰ ਲੈਣ ਅਤੇ ਧਰਨਕਾਰੀਆਂ ਦੀ ਗੱਲ ਨਹੀਂ ਸੁਣਦੇ ਫਿਰ ਹਾਕਮਾਂ ਤੱਕ ਆਪਣੀ ਅਵਾਜ਼ ਪਹੁੰਚਾਉਣ ਲਈ ਮਜਬੂਰ ਹੋ ਕੇ ਸੜਕਾਂ ਜਾਮ ਕਰਨੀਆਂ ਪੈਂਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਸੜਕਾਂ ਜਾਮ ਕਰਨ ਦੇ ਮੁੱਖ ਕਸੂਰਵਾਰ ਹਾਕਮ ਤੇ ਅਫ਼ਸਰਸ਼ਾਹੀ ਹੀ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਆਪਣੀ ਮਾੜੀ ਬੋਲਚਾਲ ਨਾਲ ਪੰਜਾਬ 'ਚ ਆਮ ਆਦਮੀ ਪਾਰਟੀ ਦਾ ਪੱਤਾ ਸਾਫ਼ ਕਰਨ 'ਤੇ ਲੱਗਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਲੋਕ ਆਪਣੇ ਹੱਕਾਂ,ਅਧਿਕਾਰਾਂ ਲਈ ਸੰਘਰਸ਼ ਜਾਰੀ ਰੱਖਣਗੇ। ਇਸ ਮੌਕੇ ਨਿੱਕਾ ਸਿੰਘ, ਸੁਖਵਿੰਦਰ ਸਿੰਘ ਬੋਹਾ, ਗੋਰਾ ਸਿੰਘ ਕਲੀਪੁਰ, ਕਰਨੈਲ ਸਿੰਘ ਬੀਰੋਕੇ, ਆਟੋ ਵਰਕਰਜ਼ ਆਜ਼ਾਦ ਯੂਨੀਅਨ ਦੇ ਅਮਰੀਕ ਸਿੰਘ ਬੁਢਲਾਡਾ, ਬਿੰਦਰ ਸਿੰਘ, ਕੁਲਦੀਪ ਸਿੰਘ ਕੁਲਾਣਾ, ਜੱਗੀ ਸਿੰਘ, ਜਾਤੀ ਰਾਮ, ਪੰਜਾਬ ਰੋਡਵੇਜ ਕੰਟਰੈਕਟ ਵਰਕਰ ਯੂਨੀਅਨ ਦੇ ਸੱਤਪਾਲ ਸਿੰਘ ਵੀ ਮੌਜੂਦ ਸਨ।

# ਕੌਮਾਂਤਰੀ ਸਰੱਹਦ ਤੇ ਬਣੇ ਤਣਾਅ ਮਗਰੋਂ ਬਠਿੰਡਾ ਜਿਲ੍ਹੇ ਵਿੱਚ ਪੁਲਿਸ ਨੇ ਸੁਰੱਖਿਆ ਪ੍ਰਬੰਧਾਂ ਦੀ ਚੂੜੀ ਕਸੀ



ਬਠਿੰਡਾ, 8 ਮਈ (ਪੱਤਰ ਪ੍ਰੇਰਕ)–ਬੀਤੀ ਦੇਰ ਰਾਤ ਭਾਰਤੀ ਫੌਜਾਂ ਵੱਲੋਂ ਅੱਤਵਾਦੀ ਧਿਰਾਂ ਤੇ ਕਾਰਵਾਈ ਮਗਰੋਂ ਕੌਮਾਂਤਰੀ ਸਰਹੱਦ ਤੇ ਦੋ ਮੁਲਕਾਂ ਵਿੱਚ ਬਣੇ ਤਣਾਅ ਤੋਂ ਬਾਅਦ ਬਠਿੰਡਾ ਪੁਲਿਸ ਨੇ ਜ਼ਿਲ੍ਹੇ 'ਚ ਸੁਰੱਖਿਆ ਚੂੜੀ ਕਸ ਦਿੱਤੀ ਹੈ । ਪੁਲਿਸ ਦੀ ਇਸ ਕਵਾਇਦ ਦਾ ਮੰਤਵ ਆਮ ਲੋਕਾਂ ਨੂੰ ਸੁਰੱਖਿਆ ਦਾ ਅਹਿਸਾਸ ਦਿਵਾਉਣਾ ਹੈ ਤਾਂ ਜੋ ਉਹ ਬੇਫਿਕਰ ਹੋਕੇ ਨਿਰਵਿਘਨ ਆਪੋ ਆਪਣੇ ਕੰਮ ਧੰਦੇ ਕਰ ਸਕਣ। ਸੂਤਰ ਦੱਸਦੇ ਹਨ ਕਿ ਜਿਵੇਂ ਹੀ ਤਣਾਅ ਦੀਆਂ ਖਬਰਾਂ ਆਈਆਂ ਤਾਂ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤੇ ਬਠਿੰਡਾ ਪੁਲੀਸ ਇੱਕਦਮ ਹਰਕਤ ਵਿੱਚ ਆ ਗਈ । ਹਾਲਾਂਕਿ ਬਠਿੰਡਾ ਪੁਲਿਸ ਵੱਲੋਂ ਕੁੱਝ ਦਿਨ ਪਹਿਲਾਂ ਤੋਂ ਹੀ ਸਥਿਤੀ ਤੇ ਨਜ਼ਰ ਰੱਖੀ ਜਾ ਰਹੀ ਸੀ ਪਰ ਅੱਜ ਸਮੂਹ ਥਾਣਿਆ ਅਤੇ ਰਿਜ਼ਰਵ ਫੋਰਸਾਂ ਨੂੰ ਵਿਸ਼ੇਸ਼ ਤੌਰ ਤੇ ਚੌਕਸ ਰਹਿਣ ਲਈ ਆਖਿਆ ਗਿਆ ਹੈ। ਹਾਲਾਤਾਂ ਤੇ ਨਜ਼ਰ ਰੱਖਣ ਲਈ ਪੰਜਾਬ ਪੁਲਿਸ ਦਾ ਖੁਫੀਆ ਵਿੰਗ ਨੂੰ ਵੀ ਹਰਕਤ ਵਿੱਚ ਲਿਆਂਦਾ ਗਿਆ ਹੈ । ਮਹੱਤਵਪੂਰਨ ਇਹ ਵੀ ਹੈ ਕਿ ਜਦੋਂ ਕੋਈ ਹੰਗਾਮੀ ਸਥਿਤੀ ਬਣਦੀ ਹੈ ਤਾਂ ਬਠਿੰਡਾ ਵਿੱਚ ਮਾਲਵੇ ਨੂੰ ਤੇਲ ਸਪਲਾਈ ਕਰਨ ਲਈ ਬਣੇ ਤੇਲ ਕੰਪਨੀਆਂ ਦੇ ਡਿਪੂ , ਹਵਾਈ ਅੱਡਾ ,ਫ਼ੌਜੀ ਛਾਉਣੀ, ਰੇਲਵੇ ਜੰਕਸ਼ਨ, ਲਹਿਰਾ ਮੁਹੱਬਤ ਅਤੇ ਤਲਵੰਡੀ ਸਾਬੋ ਤਾਪ ਬਿਜਲੀ ਘਰ ਹੋਣ ਕਰਕੇ ਪੁਲਿਸ ਦੇ ਫਿਕਰ ਵਧ ਜਾਂਦੇ ਹਨ। ਵੱਡੇ ਪ੍ਰਜੈਕਟਾਂ ਵਾਲਾ ਜਿਲ੍ਹਾ ਹੋਣ ਕਰਕੇ ਪੁਲਿਸ ਅਫਸਰ ਕਿਸੇ ਵੀ ਕਿਸਮ ਦਾ ਰਿਸਕ ਨਹੀਂ ਲੈਣਾ ਚਾਹੁੰਦੇ ਹਨ। ਪੁਲਿਸ ਲਈ ਚਿੰਤਾ ਵਾਲੀ ਗੱਲ ਹੈ ਕਿ ਸੁਰੱਖਿਆ ਦੇ ਲਿਹਾਜ ਤੋਂ ਬਠਿੰਡਾ ਖਤਰੇ ਵਾਲਾ ਜੋਨ ਬਣ ਗਿਆ ਹੈ। ਭਾਵੇਂ ਤਣਾਅ ਵਾਲੀ ਸਥਿਤੀ ਅੱਜ ਬਣੀ ਹੈ ਪਰ ਐਸਐਸਪੀ ਅਤੇ ਡਿਪਟੀ ਕਮਿਸ਼ਨਰ ਬਠਿੰਡਾ ਨੇ ਇੱਕ ਦਿਨ ਪਹਿਲਾਂ ਹੀ ਸਿਵਲ ਪ੍ਰਸ਼ਾਸ਼ਨ ਅਤੇ ਪੁਲਿਸ ਦੀ ਸਾਂਝੀ ਮੀਟਿੰਗ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲੈ ਲਿਆ ਸੀ। ਸੂਤਰਾਂ ਮੁਤਾਬਕ ਜਿਲ੍ਹਾ ਪੁਲਿਸ ਨੇ ਸੁਰੱਖਿਆ ਹੋਰ ਕਰੜੀ ਕਰਨ ਲਈ ਰਿਫ਼ਾਇਨਰੀ ਤੇ ਤੇਲ ਡਿੱਪੂਆਂ ਨੂੰ ਹਾਈ ਅਲਰਟ ਜਾਰੀ ਕੀਤਾ ਹੈ। ਏਦਾਂ ਦੇ ਹੀ ਪੁਲਿਸ ਪ੍ਰਸ਼ਾਸ਼ਨ ਵੱਲੋਂ ਕੌਮੀ ਖਾਦ ਕਾਰਖਾਨੇ ਤੇ ਤਾਪ ਬਿਜਲੀ ਘਰਾਂ ਦੇ ਪ੍ਰਬੰਧਕਾਂ ਨੂੰ ਵੀ ਢੁੱਕਵੇਂ ਕਦਮ ਚੁੱਕਣ ਲਈ ਆਖੇ ਗਏ ਹਨ। ਜਾਣਕਾਰੀ ਮੁਤਾਬਕ ਪੁਲਿਸ ਪ੍ਰਸ਼ਾਸ਼ਨ ਨੇ ਇਸ ਤੋਂ ਬਿਨਾਂ ਤਕਰੀਬਨ ਹੋਰ ਵੀ ਸਾਰੇ ਵੱਡੇ ਪ੍ਰਜੈਕਟਾਂ ਦੇ ਪ੍ਰਬੰਧਕਾਂ ਨੂੰ ਖਤਰੇ ਤੋਂ ਜਾਣੂੰ ਕਰਵਾਇਆ ਹੈ ਤੇ ਸੁਰੱਖਿਆ ਦਾ ਸਖਤ ਪਹਿਰਾ ਲਾਉਣ ਲਈ ਕਿਹਾ ਹੈ । ਸੂਤਰਾਂ ਮੁਤਾਬਕ ਰਿਫਾਇਨਰੀ ਪ੍ਰਬੰਧਕਾਂ ਨੇ ਵੀ ਅਲਰਟ ਨੂੰ ਕਾਫੀ ਗੰਭੀਰਤਾ ਨਾਲ ਲਿਆ ਅਤੇ ਖਤਰੇ ਨੂੰ ਭਾਂਪਦਿਆਂ ਆਪਣੇ ਸੁਰੱਖਿਆ ਸਟਾਫ ਨੂੰ ਅਹਿਤਿਹਾਤੀ ਕਦਮ ਵਜੋਂ ਪ੍ਰਜੈਕਟ ਅੰਦਰ ਦਾਖਲ ਹੋਣ ਵਾਲਿਆਂ ਦੀ ਜਾਂਚ ਨੂੰ ਹੋਰ ਵੀ ਗੰਭੀਰਤਾ ਨਾਲ ਕਰਨ ਲਈ ਕਿਹਾ ਹੈ। ਸੂਤਰਾਂ ਅਨੁਸਾਰ ਆਖਦੇ ਹਨ ਕਿ ਜਿਲ੍ਹਾ ਪੁਲਿਸ ਨੇ ਰਿਫਾਇਨਰੀ ਦੇ ਨਜ਼ਦੀਕ ਬਣੀ ਪੁਲਿਸ ਚੌਂਕੀ ਦੀ ਟੀਮ ਨੂੰ ਵੀ ਚੌਕਸ ਰਹਿਣ ਲਈ ਕਿਹਾ ਹੈ। ਜਿਲ੍ਹਾ ਪੁਲਿਸ ਨੇ ਸ਼ਹਿਰ ਵਿੱਚ ਦਾਖਲ ਹੋਣ ਵਾਲੀ ਗੱਡੀਆਂ ਦੀ ਗੰਭੀਰਤਾ ਨਾਲ ਚੈਕਿੰਗ ਕਰਨ ਦੀ ਹਦਾਇਤ ਦਿੱਤੀ ਹੈ। ਜਾਣਕਾਰੀ ਮੁਤਾਬਕ ਬਠਿੰਡਾ ਵਿੱਚ ਤਾਇਨਾਤ ਅੱਤਵਾਦ ਵਿਰੋਧੀ ਦਸਤੇ ਅਤੇ ਪੁਲਿਸ ਦੀਆਂ ਕੁਇੱਕ ਐਕਸ਼ਨ ਟੀਮਾਂ ਨੂੰ ਹਰ ਪ੍ਰਕਾਰ ਦੀ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਤਿਆਰ ਬਰ ਤਿਆਰ ਬਰ ਰਹਿਣ ਵਾਸਤੇ ਆਖ ਦਿੱਤਾ ਗਿਆ ਹੈ। ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੇ ਪੁਲਿਸ ਮੁਲਾਜਮਾਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ ਪਰ ਕੋਈ ਇਸ ਦੀ ਨਹੀਂ ਹੋਈ ਹੈ। ਜਿਲ੍ਹਾ ਪੁਲਿਸ ਨੇ ਸਾਰੇ ਹੀ ਥਾਣਿਆਂ ਦੇ ਮੁੱਖ ਅਫਸਰਾਂ ਨੂੰ ਗਸ਼ਤ ਤੇਜ ਕਰਨ ਤੋਂ ਇਲਾਵਾ ਲਿੰਕ ਸੜਕਾਂ 'ਤੇ ਵਧੇਰੇ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ ਹਨ । ਪੀ.ਸੀ.ਆਰ ਟੀਮਾਂ ਨੂੰ ਸੰਵੇਦਨਸ਼ੀਲ ਥਾਵਾਂ, ਜਿਆਦਾ ਰੌਣਕ ਵਾਲੇ, ਬਜ਼ਾਰਾਂ , ਧਾਰਮਿਕ ਸਥਾਨਾਂ ਅਤੇ ਭੀੜ ਭੜੱਕੇ ਵਾਲੀਆਂ ਥਾਵਾਂ 'ਤੇ ਖਾਸ ਨਜ਼ਰ ਰੱਖਣ ਦੀ ਹਦਾਇਤ ਕੀਤੀ ਗਈ ਹੈ। ਵੱਡੀ ਗੱਲ ਇਹ ਵੀ ਹੈ ਕਿ ਪੁਲਿਸ ਤੇ ਸਿਵਲ ਪ੍ਰਸ਼ਾਸਨ ਜੰਗ ਲੱਗਣ ਦੀ ਸੂਰਤ 'ਚ ਬਚਾਅ ਰੱਖਣ ਲਈ ਵੀ ਜਾਗਰੂਕ ਕਰ ਰਿਹਾ ਹੈ ਜਿਸ ਨੇ ਲੋਕਾਂ ਨੂੰ ਹੌਂਸਲਾ ਦਿੱਤਾ ਹੈ। ਸੀਨੀਅਰ ਕਪਤਾਨ ਪੁਲਿਸ ਅਮਨੀਤ ਕੌਂਡਲ ਦਾ ਕਹਿਣਾ ਸੀ ਕਿ ਪੁਲਿਸ ਪੂਰੀ ਤਰਾਂ ਮੁਸਤੈਦ ਹੈ ਅਤੇ ਕਿਸੇ ਵੀ ਤਰਾਂ ਦੀ ਬਦਅਮਨੀ ਫੈਲਾਉਣ ਵਾਲਿਆਂ ਨਾਲ ਕਰੜੇ ਹੱਥੀਂ ਨਿਪਟਿਆ ਜਾਏਗਾ। ਉਨ੍ਹਾਂ ਦੱਸਿਆ ਕਿ ਸੁਰੱਖਿਆ ਫੋਰਸਾਂ ਨੂੰ ਪੂਰੀ ਪੂਰੀ ਚੌਕਸੀ ਵਰਤਣ ਲਈ ਕਿਹਾ ਗਿਆ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੂਰੀ ਤਰਾਂ ਚੌਕਸ ਰਹਿਣ ਅਤੇ ਅਫਵਾਹਾਂ ਤੇ ਬਿਲਕੁਲ ਵੀ ਯਕੀਨ ਨਾ ਕਰਨ । ਉਨ੍ਹਾਂ ਕਿਸੇ ਵੀ ਸ਼ੱਕੀ ਬੰਦੇ ਦਾ ਪਤਾ ਲੱਗਣ ਜਾਂ ਲਾਵਾਰਿਸ ਵਸਤੂ ਸਬੰਧੀ ਪੁਲਿਸ ਕੰਟਰੋਲ ਰੂਮ ਨੂੰ ਸੂਚਨਾ ਦੇਣ ਦੀ ਅਪੀਲ ਵੀ ਕੀਤੀ ਹੈ। ਡਿਪਟੀ ਕਮਿਸ਼ਨਰ ਬਠਿੰਡਾ ਸ਼ੌਕਤ ਅਹਿਮਦ ਪਰੇ ਨੇ ਆਮ ਲੋਕਾਂ ਅਤੇ ਮੀਡੀਆ ਕਰਮੀਆਂ ਨੂੰ ਫੌਜ ਜਾਂ ਇਸ ਨਾਲ ਜੁੜੀਆਂ ਸਰਗਰਮੀਆਂ ਦੀਆਂ ਤਸਵੀਰਾਂ ਜਾਂ ਵੀਡੀਓ ਜਿਲ੍ਹਾ ਪ੍ਰਸ਼ਾਸ਼ਨ ਜਾਂ ਫੌਜ ਪ੍ਰਸ਼ਾਸ਼ਨ ਵੱਲੋਂ ਪੁਸ਼ਟੀ ਕਰਨ ਤੋਂ ਬਗੈਰ ਕਿਸੇ ਵੀ ਪਲੇਟਫਾਰਮ ਤੇ ਸ਼ੇਅਰ ਨਾਂ ਕਰਨ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸ਼ਨ ਦੇ ਹੁਕਮ ਨਾਂ ਮੰਨਣ , ਅਫਵਾਹਾਂ ਅਤੇ ਦਹਿਸ਼ਤ ਫੈਲਾਉਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਏਗੀ। ਉਨ੍ਹਾਂ ਮੀਡੀਆ ਤੇ ਆਮ ਲੋਕਾਂ ਨੂੰ ਇਸ ਤਰਾਂ ਦੀ ਹੰਗਾਮੀ ਸਥਿਤੀ ਦਰਮਿਆਨ ਉਸਾਰੂ ਭੂਮਿਕਾ ਨਿਭਾਉਣ ਦੀ ਅਪੀਲ ਵੀ ਕੀਤੀ ਹੈ।

# ਬੱਸ ਅੱਡੇ ਦਾ ਰੱਫੜ: ਲੋਕ ਰਾਇ ਲੈਣ ਲਈ ਕਮੇਟੀ ਕਾਇਮ ਕਰਨ ਦਾ ਫ਼ੈਸਲਾ

## 'ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ' ਦਾ ਪੱਕਾ ਮੋਰਚਾ ਜਾਰੀ; ਡਿਪਟੀ ਕਮਿਸ਼ਨਰ ਨੂੰ ਸੌਂਪੀ ਜਾਵੇਗੀ ਰਿਪੋਰਟ



ਬਠਿੰਡਾ, 8 ਮਈ (ਪੱਤਰ ਪ੍ਰੇਰਕ)–ਸ਼ਹਿਰ ਦੇ ਬੱਸ ਅੱਡੇ ਦੀ ਥਾਂ ਤਬਦੀਲ ਕਰਨ ਬਾਰੇ ਚੱਲ ਰਹੇ ਰੇੜਕੇ ਦਰਮਿਆਨ ਸੁਖਦ ਖ਼ਬਰ ਇਹ ਆਈ ਹੈ ਕਿ ਅੱਡੇ ਬਾਰੇ ਅੰਤ੍ਰਿਮ ਫੈਸਲੇ ਲਈ ਲੋਕ ਰਾਇ ਲੈਣ ਲਈ ਇੱਕ ਕਮੇਟੀ ਕਾਇਮ ਕੀਤੀ ਜਾਵੇਗੀ, ਜੋ ਲੋਕਾਂ ਨਾਲ ਰਾਬਤਾ ਕਰਕੇ ਉਨ੍ਹਾਂ ਦੇ ਮਨ ਦੀ ਜਾਣੇਗੀ। ਇਹ ਅਹਿਮ ਖੁਲਾਸਾ 'ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ' ਦੇ ਪ੍ਰਤੀਨਿਧੀ ਸੰਦੀਪ ਅਗਰਵਾਲ ਨੇ ਦੱਸਿਆ ਕਿ ਇਹ ਨੁਕਤਾ ਕਮੇਟੀ ਦੀ ਡਿਪਟੀ ਕਮਿਸ਼ਨਰ ਨਾਲ ਹੋਈ ਗੱਲਬਾਤ ਦੌਰਾਨ ਉੱਭਰ ਕੇ ਸਾਹਮਣੇ ਆਇਆ ਹੈ। ਦੱਸਣਯੋਗ ਹੈ ਕਿ ਨਵਾਂ ਬੱਸ ਸਟੈਂਡ ਇੱਥੋਂ ਦੀ ਮਲੋਟ ਰੋਡ 'ਤੇ ਬਣਾਏ ਜਾਣ ਦੀ ਤਜਵੀਜ਼ ਮਗਰੋਂ ਅੱਡੇ ਦੇ ਵਿਰੋਧ 'ਚ ਬਣੀ ਸੰਘਰਸ਼ ਕਮੇਟੀ ਵੱਲੋਂ 24 ਅਪਰੈਲ ਤੋਂ ਇੱਥੇ ਅੰਬੇਡਕਰ ਪਾਰਕ ਵਿੱਚ ਨਿਰੰਤਰ ਧਰਨਾ ਜਾਰੀ ਹੈ। ਸ੍ਰੀ ਅਗਰਵਾਲ ਮੁਤਾਬਕ ਲੋਕਾਂ ਦੇ ਮਨ ਟਟੋਲਣ ਲਈ ਗਠਿਤ ਕਮੇਟੀ ਲੋਕਾਂ ਤੋਂ ਸੁਝਾਅ ਲੈ ਕੇ ਡਿਪਟੀ ਕਮਿਸ਼ਨਰ ਨੂੰ ਰਿਪੋਰਟ ਸੌਂਪੇਗੀ ਅਤੇ ਇਸ ਤੋਂ ਬਾਅਦ ਹੀ ਬੱਸ ਅੱਡੇ ਦੀ ਸਥਿਤੀ ਸਾਫ ਹੋਵੇਗੀ। ਮੁਲਾਕਾਤ ਤੋਂ ਬਾਅਦ ਸੰਘਰਸ਼ ਕਮੇਟੀ ਦੇ ਆਗੂ ਬਲਤੇਜ ਸਿੰਘ ਵਾਂਦਰ, ਹਰਵਿੰਦਰ ਹੈਪੀ, ਸੰਦੀਪ ਬਾਬੀ ਅਤੇ ਕੰਵਲਜੀਤ ਨੇ ਕਿਹਾ ਕਿ ਕਮੇਟੀ ਬਣਨ ਨਾਲ ਲੋਕ ਹਿੱਤਾਂ ਦੀ ਸੁਰੱਖਿਆ ਦੀ ਇੱਕ ਨਵੀਂ ਉਮੀਦ ਜਾਗੀ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਉਹ ਪੂਰੀ ਮਜ਼ਬੂਤੀ ਦੇ ਨਾਲ ਬੱਸ ਅੱਡੇ ਨੂੰ ਮੌਜੂਦਾ ਥਾਂ 'ਤੇ ਹੀ ਰੱਖੇ ਜਾਣ ਲਈ ਆਪਣਾ ਪੱਖ ਰੱਖਣਗੇ। ਗੁਰਪ੍ਰੀਤ ਸਿੰਘ ਆਰਟਿਸਟ ਨੇ ਕਿਹਾ ਕਿ ਇਸ ਕਮੇਟੀ ਰਾਹੀਂ ਆਮ ਲੋਕਾਂ ਦੇ ਸੁਝਾਵਾਂ ਦੇ ਜ਼ਰੀਏ ਬੱਸ ਅੱਡੇ ਦੀ ਮੌਜੂਦਾ ਸਥਿਤੀ ਨਾਲ ਜੁੜੇ ਲੋਕ ਹਿਤਾਂ ਦੀ ਆਵਾਜ਼ ਸਰਕਾਰ ਅਤੇ ਪ੍ਰਸ਼ਾਸਨ ਤੱਕ ਪਹੁੰਚਾਈ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕ ਰਾਇ ਇਕੱਤਰ ਹੋਣ ਮਗਰੋਂ ਅੰਬੇਡਕਰ ਪਾਰਕ 'ਚ ਦੋ ਹਫ਼ਤਿਆਂ ਤੋਂ ਚੱਲ ਰਹੇ ਮੋਰਚੇ 'ਚ ਅਧਿਕਾਰਤ ਐਲਾਨ ਕੀਤਾ ਜਾਵੇਗਾ ਅਤੇ ਇਸ ਦੇ ਨਾਲ ਹੀ ਸੰਘਰਸ਼ ਕਮੇਟੀ ਵੱਲੋਂ ਆਪਣੇ ਅੰਦੋਲਨ ਨੂੰ ਹੋਰ ਅੱਗੇ ਵਧਾਉਣ ਦੀ ਨਵੀਂ ਰਣਨੀਤੀ ਬਣਾਈ ਜਾਵੇਗੀ। ਉਨ੍ਹਾਂ ਅੱਜ ਫਿਰ ਦੁਹਰਾਇਆ ਕਿ ਸ਼ਹਿਰ ਦੇ ਮੌਜੂਦਾ ਬੱਸ ਅੱਡੇ ਨੇੜੇ ਰੋਜ਼-ਮਰ੍ਹਾ ਦੀਆਂ ਜ਼ਰੂਰਤਾਂ ਲਈ ਮਾਰਕੀਟ ਤੋਂ ਇਲਾਵਾ ਸਰਕਾਰੀ ਅਤੇ ਪ੍ਰਾਈਵੇਟ ਕਾਲਜ, ਹਸਪਤਾਲ, ਕਚਹਿਰੀਆਂ, ਤਹਿਸੀਲ ਦਫ਼ਤਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਮੇਤ ਹੋਰ ਸਹੂਲਤਾਂ ਉਪਲਬਧ ਹਨ। ਪੰਕਜ ਭਾਰਦਵਾਜ ਅਤੇ ਡੇਜ਼ੀ ਮੋਹਨ ਨੇ ਕਿਹਾ ਕਿ ਆਪਣੇ ਪੱਖ ਨੂੰ ਮਜ਼ਬੂਤੀ ਨਾਲ ਘਰ-ਘਰ ਤੱਕ ਪਹੁੰਚਾਉਣ ਲਈ ਟੀਮਾਂ ਬਣਾਈ ਜਾਣਗੀਆਂ।

# ਮਹਿਲਾ ਮਾਲ ਅਧਿਕਾਰੀ ਤੇ ਕਰਮਚਾਰੀ ਨਾਲ ਦੁਰਵਿਵਹਾਰ ਦੇ ਦੋਸ਼ ਹੇਠ ਆਈਏਐੱਸ ਅਫ਼ਸਰ ਦੇ ਰਿਸ਼ਤੇਦਾਰ ਖ਼ਿਲਾਫ਼ ਕੇਸ ਦਰਜ

## ਨਿਹਾਲ ਸਿੰਘ ਵਾਲਾ 'ਚ ਐੱਸਡੀਐੱਮ ਦੀ ਸ਼ਿਕਾਇਤ 'ਤੇ ਦਰਜ ਹੋਇਆ ਕੇਸ

ਮੋਗਾ, 8 ਮਈ (ਪੱਤਰ ਪ੍ਰੇਰਕ)–ਨਿਹਾਲ ਸਿੰਘ ਵਾਲਾ ਪੁਲੀਸ ਨੇ ਇਥੇ ਤਾਇਨਾਤ ਇੱਕ ਮਹਿਲਾ ਮਾਲ



ਅਧਿਕਾਰੀ ਅਤੇ ਮਹਿਲਾ ਮੁਲਾਜ਼ਮ ਨਾਲ ਦੁਰਵਿਵਹਾਰ ਕਰਨ ਦੇ ਦੋਸ਼ ਹੇਠ ਖੇਤਰ ਦੇ ਕਥਿਤ ਇੱਕ ਪ੍ਰਭਾਵਸ਼ਾਲੀ ਵਿਅਕਤੀ ਖ਼ਿਲਾਫ਼ ਐੱਸਡੀਐੱਮ ਦੀ ਸ਼ਿਕਾਇਤ ਉੱਤੇ ਕੇਸ ਦਰਜ ਕੀਤਾ ਹੈ। ਮੁਲਜ਼ਮ 'ਤੇ ਕਰਮਚਾਰੀਆਂ ਨਾਲ ਦੁਰਵਿਵਹਾਰ ਕਰਨ ਫੋਨ ਉੱਤੇ ਭੱਦੀ ਸ਼ਬਦੀਵਾਲੀ ਦੀ ਵਰਤੋਂ ਕਰਨ ਅਤੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਦੇ ਦੋਸ਼ ਵੀ ਲੱਗੇ ਹਨ। ਨਿਹਾਲ ਸਿੰਘ ਵਾਲਾ ਵਿੱਚ ਤਾਇਨਾਤ ਐੱਸਡੀਐੱਮ ਸਵਾਤੀ ਮੁਤਾਬਕ ਮੁਲਜ਼ਮ ਜਰਮਨਜੀਤ ਸਿੰਘ ਪਿੰਡ ਪੱਤੋ ਜਵਾਹਰ ਸਿੰਘ ਵਾਲਾ ਉੱਤੇ ਦੋਸ਼ ਹਨ ਕਿ ਉਹ ਇਥੇ ਤਾਇਨਾਤ ਇੱਕ ਮਹਿਲਾ ਮੁਲਾਜ਼ਮ ਅਤੇ ਇੱਕ ਮਹਿਲਾ ਮਾਲ ਅਧਿਕਾਰੀ ਨੂੰ ਫੋਨ ਉੱਤੇ ਭੱਦੀ ਸ਼ਬਦਾਵਲੀ ਦੀ ਵਰਤੋਂ ਕਰ ਕੇ ਉਨ੍ਹਾਂ ਨੂੰ ਸਿਰਫ਼ ਮਾਨਸਿਕ ਤੌਰ ਉੱਤੇ ਪ੍ਰੇਸ਼ਾਨ ਹੀ ਨਹੀਂ ਕਰ ਰਿਹਾ ਸੀ ਸਗੋਂ ਆਪਣੇ ਇੱਕ ਆਈਏਐੱਸ ਅਫ਼ਸਰ ਰਿਸ਼ਤੇਦਾਰ ਹੋਣ ਦਾ ਡਰਾਵਾ ਦੇ ਕੇ ਉਨ੍ਹਾਂ ਨੂੰ ਤਬਾਦਲੇ ਦੀਆਂ ਧਮਕੀਆਂ ਦੇ ਰਿਹਾ ਸੀ। ਉਨ੍ਹਾਂ ਦੱਸਿਆ ਕਿ ਕਰੀਬ ਮਹੀਨਾ ਪਹਿਲਾਂ ਵੀ ਉਸ ਨੇ ਅਜਿਹਾ ਕੀਤਾ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਮੁਲਜ਼ਮ ਨੂੰ ਕਈ ਵਾਰ ਉਨ੍ਹਾਂ ਖੁਦ ਸਮਝਾਇਆ ਕਿ ਜੋ ਉਨ੍ਹਾਂ ਦਾ ਕੰਮ ਹੈ ਉਹ ਨਿਯਮਾਂ ਮੁਤਾਬਕ ਹੋ ਜਾਵੇਗਾ ਪਰ ਉਹ ਕਿਸੇ ਦੀ ਵੀ ਗੱਲ ਸੁਣਨ ਦੀ ਬਜਾਏ ਮੁਲਾਜ਼ਮਾਂ ਨੂੰ ਝੂਠਾ ਫਸਾਉਣ ਦੀਆਂ ਧਮਕੀਆਂ ਦੇ ਰਿਹਾ ਸੀ ਅਤੇ ਦੋਸ਼ ਲਾ ਰਿਹਾ ਸੀ ਕਿ ਉਹ (ਤੁਸੀਂ) ਪੈਸੇ ਲੈ ਕੇ ਕੰਮ ਕਰਦੇ ਹਨ। ਜਦੋਂ ਕਿ ਮੁਲਜ਼ਮ ਦਾ ਕੋਈ ਕੰਮ ਲੰਬਿਤ ਵੀ ਨਹੀਂ ਸੀ ਪਰ ਉਹ ਆਪਣੇ ਪ੍ਰਭਾਵਸ਼ਾਲੀ ਹੋਣ ਦੀ ਧੌਂਸ ਨਾਲ ਮਨ ਮੁਤਾਬਕ ਨਿਯਮਾਂ ਨੂੰ ਛਿੱਕੇ ਟੰਗ ਕੇ ਕੰਮ ਕਰਵਾਉਣ ਲਈ ਦਬਾਅ ਬਣਾ ਰਿਹਾ ਸੀ। ਮੁਲਜ਼ਮ ਖ਼ਿਲਾਫ਼ 26 ਮਾਰਚ ਨੂੰ ਡੀਡੀਆਰ ਵੀ ਦਰਜ ਕੀਤੀ ਗਈ ਸੀ ਪਰ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਨਾ ਆਇਆ। ਨਿਹਾਲ ਸਿੰਘ ਵਾਲਾ ਪੁਲੀਸ ਮੁਤਾਬਕ ਮੁਲਜ਼ਮ ਜਰਮਨਜੀਤ ਸਿੰਘ ਰਿਟਾਇਰਡ ਆਈਏਐੱਸ ਅਫਸਰ ਦਾ ਰਿਸ਼ਤੇਦਾਰ ਹੋਣ ਦਾ ਹਵਾਲਾ ਦੇ ਕੇ ਰੋਅਬ ਝਾੜਦਾ ਸੀ ਅਤੇ ਮਾੜੀ ਸ਼ਬਦਾਵਲੀ ਦਾ ਪ੍ਰਯੋਗ ਕਰਕੇ ਮਾਲ ਅਧਿਕਾਰੀ ਅਤੇ ਮਹਿਲਾ ਮੁਲਾਜ਼ਮ ਤੋਂ ਕੰਮ ਕਰਵਾਉਣ ਲਈ ਦਬਾਅ ਬਣਾ ਰਿਹਾ ਸੀ। ਉਸ ਖ਼ਿਲਾਫ਼ ਸਰਕਾਰੀ ਮੁਲਾਜ਼ਮਾਂ ਨੂੰ ਡਰਾਉਣ ਧਮਕਾਉਣ ਅਤੇ ਸਰਕਾਰੀ ਡਿਊਟੀ ਵਿਚ ਵਿਘਨ ਪਾਉਣ ਦੀਆਂ ਧਰਾਵਾਂ ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਦੋਹਰੇ ਕਤਲ ਮਾਮਲੇ 'ਚ ਤਿੰਨ ਗ੍ਰਿਫ਼ਤਾਰ

ਫਗਵਾੜਾ, 8 ਮਈ (ਪੱਤਰ ਪ੍ਰੇਰਕ)–ਇੱਥੋਂ ਦੇ ਏਜੀਆਈ ਫ਼ਲੈਟ 'ਚੋਂ ਇੱਕ ਵਕੀਲ ਤੇ ਉਸਦੀ ਮਹਿਲਾ ਮਿੱਤਰ ਨੂੰ ਅਗਵਾ ਕਰਕੇ ਮੌਤ ਦੇ ਘਾਟ ਉਤਾਰਨ ਦੇ ਮਾਮਲੇ 'ਚ ਫਗਵਾੜਾ ਪੁਲੀਸ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਮ੍ਰਿਤਕਾ ਦੀਆਂ ਲਾਸ਼ਾ ਬਰਾਮਦ ਕਰ ਲਈਆਂ ਹਨ। ਐੱਸਐੱਸਪੀ ਗੌਰਵ ਤੂਰਾ ਤੇ ਐੱਸਪੀ ਰੁਪਿੰਦਰ ਭੱਟੀ ਨੇ ਦੱਸਿਆ ਕਿ 24 ਅਪਰੈਲ ਨੂੰ ਸਦਰ ਪੁਲੀਸ ਨੂੰ ਸੂਚਨਾ ਮਿਲੀ ਸੀ ਕਿ ਸੰਜੀਵ ਕੁਮਾਰ ਤੇ ਉਸਦੀ ਦੋਸਤ ਅੰਜੂਪਾਲ ਜੋ ਫ਼ਲੈਟ 'ਚ ਰਹਿ ਰਹੇ ਸਨ ਉਨ੍ਹਾਂ ਨੂੰ 19 ਅਪਰੈਲ ਨੂੰ ਕੁੱਝ ਵਿਅਕਤੀਆਂ ਵਲੋਂ ਅਗਵਾ ਕਰ ਲਿਆ ਗਿਆ ਹੈ, ਜਿਸ 'ਤੇ ਕਾਰਵਾਈ ਕਰਦਿਆਂ ਪੁਲੀਸ ਨੇ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਦੌਰਾਨ ਗੁਜਰਾਤ ਤੋਂ ਹਰਵਿੰਦਰ ਸਿੰਘ ਉਰਫ਼ ਪਿੰਦਰ ਨੂੰ ਗ੍ਰਿਫ਼ਤਾਰ ਕੀਤਾ, ਜੋ ਕਿ ਦੋਹਰੇ ਕਤਲ ਕੇਸ 'ਚ ਜੇਲ੍ਹ 'ਚ ਬੰਦ ਹੈ ਤੇ ਪੈਰੋਲ 'ਤੇ ਬਾਹਰ ਆਇਆ ਹੈ। ਜਾਂਚ ਦੌਰਾਨ ਸਾਹਮਣੇ ਆਇਆ ਕਿ ਉਸ ਦਾ ਅੰਜੂ ਨਾਲ ਵਿਆਹ 2019 'ਚ ਹੋਇਆ ਸੀ ਜਿਸ ਤੋਂ ਬਾਅਦ ਉਹ ਜਦੋਂ ਵੀ ਪੈਰੋਲ 'ਤੇ ਬਾਹਰ ਆਉਂਦਾਸੀ ਤਾਂ ਉਸ ਨੂੰ ਮਿਲਣ ਆਉਂਦਾਸੀ ਤੇ ਹੁਣ ਕੁੱਝ ਸਮੇਂ ਤੋਂ ਅੰਜੂ ਨੇ ਉਸ ਨਾਲ ਗੱਲਬਾਤ ਬੰਦ ਕਰ ਦਿੱਤੀ ਸੀ ਤੇ ਉਸ ਖਿਲਾਫ਼ ਚੱਲ ਰਹੇ ਕੇਸਾਂ 'ਚ ਪੈਰਵਾਈ ਵੀ ਬੰਦ ਕਰ ਦਿੱਤੀ ਸੀ। ਜਿਸ ਦੀ ਰੰਜਿਸ਼ ਤਹਿਤ 19 ਅਪਰੈਲ ਦੀ ਰਾਤ ਨੂੰ ਉਹ ਅੰਜੂਪਾਲ ਦੇ ਫ਼ਲੈਟ 'ਚ ਆਪਣੇ ਸਾਥੀਆਂ ਨਾਲ ਦਾਖ਼ਲ ਹੋਇਆ ਤਾਂ ਉਨ੍ਹਾਂ ਦੇ ਹੱਥ ਬੰਨ੍ਹ ਦਿੱਤੇ ਤੇ ਉਨ੍ਹਾਂ ਨੂੰ ਲੁਧਿਆਣਾ ਦੇ ਇੱਕ ਖੇਤ 'ਚ ਲੈ ਗਏ ਜਿਥੇ ਉਨ੍ਹਾਂ ਦਾ ਕਤਲ ਕਰ ਦਿੱਤਾ।

# ਮਾਲੇਰਕੋਟਲਾ ਵਿੱਚ 312 ਹੱਜ ਯਾਤਰੀਆਂ ਦਾ ਟੀਕਾਕਰਨ



ਮਾਲੇਰਕੋਟਲਾ, 8 ਮਈ (ਪੱਤਰ ਪ੍ਰੇਰਕ)–ਸਾਊਦੀ ਅਰਬ ਵਿੱਚ ਹੱਜ 'ਤੇ ਜਾਣ ਵਾਲੇ ਪੰਜਾਬ ਭਰ ਦੇ 312 ਹੱਜ ਯਾਤਰੀਆਂ ਨੂੰ ਵੱਖ-ਵੱਖ ਬਿਮਾਰੀਆਂ ਤੋਂ ਬਚਾਉਣ ਲਈ ਅੱਜ ਪੰਜਾਬ ਹੱਜ ਕਮੇਟੀ ਵੱਲੋਂ ਸਥਾਨਕ ਸਾਗਰ ਪੈਲੇਸ 'ਚ ਟੀਕਾਕਰਨ ਕੈਂਪ ਲਗਾਇਆ ਗਿਆ। ਸਿਵਲ ਹਸਪਤਾਲ ਮਾਲੇਰਕੋਟਲਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸੁਖਵਿੰਦਰ ਸਿੰਘ ਦੀ ਅਗਵਾਈ 'ਚ ਸਿਹਤ ਵਿਭਾਗ ਦੀ ਮੈਡੀਕਲ ਟੀਮ ਵੱਲੋਂ ਯਾਤਰੀਆਂ ਨੂੰ ਲੋੜੀਂਦੇ ਟੀਕੇ ਲਗਾਏ ਗਏ। ਕੈਂਪ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਹਲਕਾ ਵਿਧਾਇਕ ਡਾ. ਜਮੀਲ-ਉਰ-ਰਹਿਮਾਨ ਨੇ ਪਵਿੱਤਰ ਹੱਜ 'ਤੇ ਜਾਣ ਵਾਲੇ ਯਾਤਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਅਪੀਲ ਕੀਤੀ ਕਿ ਉਹ ਪਵਿੱਤਰ ਯਾਤਰਾ ਦੌਰਾਨ ਅੱਲ੍ਹਾ ਦੇ ਘਰ ਆਪਣੇ ਦੇਸ਼ ਦੀ ਤਰੱਕੀ-ਖੁਸ਼ਹਾਲੀ ਤੇ ਆਪਸੀ ਭਾਈਚਾਰੇ ਦੀ ਮਜ਼ਬੂਤੀ ਦੇ ਨਾਲ-ਨਾਲ ਵਿਸ਼ਵ ਭਰ ਅੰਦਰ ਅਮਨ-ਸ਼ਾਂਤੀ ਲਈ ਵੀ ਦੁਆ ਕਰਨ। ਪੰਜਾਬ ਸਟੇਟ ਹੱਜ ਕਮੇਟੀ ਦੇ ਚੇਅਰਮੈਨ ਮੌਲਾਨਾ ਮੁਫਤੀ ਮੁਹੰਮਦ ਖਲੀਲ ਕਾਸਮੀ ਨੇ ਹੱਜ ਯਾਤਰੀਆਂ ਨੂੰ ਜ਼ਰੂਰੀ ਟਰੇਨਿੰਗ ਦੇਣ ਦੇ ਨਾਲ-ਨਾਲ ਯਾਤਰਾ 'ਤੇ ਜਾਣ ਸਬੰਧੀ ਜ਼ਰੂਰੀ ਕਾਗ਼ਜ਼ੀ ਕਾਰਵਾਈਆਂ ਪੂਰੀਆਂ ਕਰਾਉਣ 'ਚ ਹੱਜ ਯਾਤਰੀਆਂ ਦਾ ਸਹਿਯੋਗ ਕਰਨ ਵਾਲੀਆਂ ਸੰਸਥਾਵਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਪੰਜਾਬ ਹੱਜ ਕਮੇਟੀ ਦੇ ਸਾਰੇ ਮੈਂਬਰਾਂ ਸਮੇਤ ਜ਼ਾਫਰ ਅਲੀ ਚੇਅਰਮੈਨ ਮਾਰਕੀਟ ਕਮੇਟੀ ਮਾਲੇਰਕੋਟਲਾ, ਵਿਧਾਇਕ ਦੇ ਪੀਏ ਸਰਪੰਚ ਗੁਰਮੁਖ ਸਿੰਘ ਖਾਨਪੁਰ ਅਤੇ ਅਸ਼ਰਫ ਅਬਦੁੱਲਾ ਸਮੇਤ ਵੱਡੀ ਗਿਣਤੀ ਸਥਾਨਕ ਸਮਾਜ ਸੇਵੀ ਵੀ ਮੌਜੂਦ ਸਨ।

# ਕਿਸਾਨਾਂ ਨੂੰ ਝੋਨੇ ਦੀਆਂ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਲਾਉਣ ਲਈ ਪ੍ਰੇਰਿਆ

ਸੰਗਰੂਰ, 8 ਮਈ (ਪੱਤਰ ਪ੍ਰੇਰਕ)–ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕ੍ਰਿਸ਼ੀ ਵਿਗਿਆਨ ਕੇਂਦਰ ਖੇੜੀ ਵਲੋਂ ਝੋਨੇ ਦੀਆਂ ਦਰਮਿਆਨੇ ਅਤੇ ਘੱਟ ਸਮੇਂ ਦੀਆਂ ਕਿਸਮਾਂ ਪੀਆਰ 131 ਅਤੇ ਪੀਆਰ 126 ਦੀ ਕਾਸ਼ਤ ਨੂੰ ਹੁਲਾਰਾ ਦੇਣ ਲਈ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ। ਇਸ ਤਹਿਤ ਕ੍ਰਿਸ਼ੀ ਵਿਗਿਆਨ ਕੇਂਦਰ ਦੀ ਟੀਮ ਵੱਲੋਂ ਪਿੰਡਾਂ ਵਿੱਚ ਜਾ ਕੇ ਅਤੇ ਸੋਸ਼ਲ ਅਤੇ ਪ੍ਰਿੰਟ ਮੀਡੀਆ ਰਾਹੀਂ ਕਿਸਾਨਾਂ ਨੂੰ ਝੋਨੇ ਦੀਆਂ ਵੱਖ-ਵੱਖ ਕਿਸਮਾਂ ਅਤੇ ਇਨ੍ਹਾਂ ਦੀ ਲੁਆਈ ਦੇ ਢੁਕਵੇਂ ਸਮੇਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਝੋਨੇ ਦੀਆਂ ਵੱਖ-ਵੱਖ ਕਿਸਮਾਂ ਬਾਰੇ ਜਾਣਕਾਰੀ ਦਿੰਦਿਆਂ ਡਾ. ਮਨਦੀਪ ਸਿੰਘ, ਸਹਿਯੋਗੀ ਨਿਰਦੇਸ਼ਕ (ਸਿਖਲਾਈ) ਕ੍ਰਿਸ਼ੀ ਵਿਗਿਆਨ ਕੇਂਦਰ ਖੇੜੀ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪ੍ਰਮਾਣਿਤ ਝੋਨੇ ਦੀਆਂ ਘੱਟ ਅਤੇ ਦਰਮਿਆਨੇ ਸਮੇਂ ਦੀਆਂ ਕਿਸਮਾਂ ਧਰਤੀ ਹੇਠਲੇ ਪਾਣੀ ਦੀ ਬੱਚਤ ਵਿੱਚ ਅਹਿਮ ਭੂਮਿਕਾ ਅਦਾ ਕਰ ਸਕਦੀਆਂ ਹਨ। ਝੋਨੇ ਦੀ ਪੀਆਰ 131 ਕਿਸਮ ਖੇਤ ਵਿੱਚ ਲੁਆਈ ਤੋਂ ਬਾਅਦ 110 ਦਿਨਾਂ ਵਿੱਚ ਪੱਕ ਜਾਂਦੀ ਹੈ ਅਤੇ ਇਸ ਦਾ ਔਸਤ ਝਾੜ 31.0 ਕੁਇੰਟਲ ਪ੍ਰਤੀ ਏਕੜ ਹੈ। ਇਸੇ ਤਰ੍ਹਾਂ ਝੋਨੇ ਦੀ ਘੱਟ ਸਮੇਂ ਦੀ ਕਿਸਮ ਪੀਆਰ 126 ਲੁਆਈ ਤੋਂ ਬਾਅਦ 93 ਦਿਨਾਂ ਵਿੱਚ ਪੱਕ ਜਾਂਦੀ ਹੈ ਅਤੇ ਇਸ ਦਾ ਝਾੜ 30 ਕੁਇੰਟਲ ਪ੍ਰਤੀ ਏਕੜ ਹੈ। ਪੀਆਰ 131 ਕਿਸਮ ਦੀ ਪਨੀਰੀ 20-25 ਮਈ ਦੇ ਵਿਚਕਾਰ ਬੀਜੀ ਜਾ ਸਕਦੀ ਹੈ ਜਦਕਿ ਪੀ ਆਰ 126 ਦੀ ਪਨੀਰੀ 25 ਮਈ ਤੋਂ 20 ਜੂਨ ਤੱਕ ਬੀਜੀ ਜਾ ਸਕਦੀ ਹੈ।

# ਬੁੱਝੋ ਮੇਰੀ ਬਾਤ



ਬੁਝਾਰਤਾਂ ਸਾਡੇ ਵਿਰਸੇ ਦਾ ਇੱਕ ਅੰਗ ਹਨ। ਜੋ ਪੁਸ਼ਤ-ਦਰ-ਪੁਸ਼ਤ ਹੀ ਤੁਰੀਆਂ ਆਉਂਦੀਆਂ ਹਨ। ਮਾਂ ਨੇ ਬੁਝਾਰਤ ਧੀ ਨੂੰ ਪਾਈ, ਉਸ ਨੇ ਆਪਣੇ ਬੱਚਿਆਂ ਨੂੰ ਇਸੇ ਤਰ੍ਹਾਂ ਅੱਗੇ-ਅੱਗੇ। ਹਾਂ-ਰਾਹ ਵਿੱਚ ਕੁਝ ਅਦਲਾ-ਬਦਲੀ ਹੁੰਦੀ ਗਈ। ਅੱਜ ਦੇ ਟੀ.ਵੀ., ਇੰਟਰਨੈੱਟ, ਅਖ਼ਬਾਰਾਂ ਅਤੇ ਪੁਸਤਕਾਂ ਨੇ ਇਨ੍ਹਾਂ ਨੂੰ ਕੁਇਜ਼, ਮੈਮੋਰੀ ਟੈਸਟ ਗਰੁੱਪ ਮੁਕਾਬਲੇ ਅਤੇ ਹੋਰ ਮਨੋਰੰਜਨ ਮੁਕਾਬਲਿਆਂ ਦਾ ਰੂਪ ਦੇ ਦਿੱਤਾ ਹੈ, ਜਿਸ ਨਾਲ ਯਾਦ ਸ਼ਕਤੀ, ਸੋਚ ਸ਼ਕਤੀ, ਪਹਿਲ, ਚੁਸਤੀ ਦੀ ਪਰਖ ਹੁੰਦੀ ਹੈ ਅਤੇ ਵਧਦੀ ਹੈ। ਇਹ ਹੀ ਗੱਲ ਪੁਰਾਣੇ ਸਮੇਂ ਬੁਝਾਰਤਾਂ ਵਿੱਚ ਸੀ ਅਤੇ ਅੱਜ ਵੀ ਹੈ।

ਮੈਨੂੰ ਯਾਦ ਹੈ ਕਿ ਲਗਪਗ ਅੱਸੀ ਸਾਲ ਪਹਿਲਾਂ ਬਿਜਲੀ ਨਹੀਂ ਸੀ ਹੁੰਦੀ। ਬੱਚੇ ਰਾਤ ਨੂੰ ਰਜਾਈਆਂ ਵਿੱਚ ਵੜ ਕੇ ਹਨੇਰੇ ਵਿੱਚ ਹੀ ਬੁਝਾਰਤਾਂ ਪਾਉਂਦੇ ਅਤੇ ਲੰਮੀਆਂ ਬਾਤਾਂ ਸੁਣਾਉਂਦੇ। ਬੁਝਾਰਤਾਂ ਨੂੰ ਵੀ ਬਾਤਾਂ ਹੀ ਕਿਹਾ ਜਾਂਦਾ ਸੀ, ਪਰ ਅਸਲ ਵਿੱਚ ਬਾਤ ਬਹੁਤ ਲੰਮੀ ਹੁੰਦੀ ਸੀ ਜਿਵੇਂ ਰੂਪ-ਬਸੰਤ ਦੀ, ਫੂਲਾ ਰਾਣੀ ਦੀ ਅਤੇ ਅਲਾਦੀਨ ਅਤੇ ਅਲੀ ਬਾਬੇ ਦੀ। ਬਾਤਾਂ (ਬੁਝਾਰਤਾਂ) ਕਈ ਤਰ੍ਹਾਂ ਦੀਆਂ ਹੁੰਦੀਆਂ ਸਨ ਅਤੇ ਹੋ ਸਕਦੀਆਂ ਹਨ। ਬਹੁਤ ਛੋਟੀਆਂ, ਦੂਹਰੀਆਂ, ਚੋਹਰੀਆਂ, ਕਾਵਿ-ਮਈ, ਹਸਾਉਣੀਆਂ, ਰਿਸ਼ਤਿਆਂ ਬਾਰੇ, ਔਖੀਆਂ ਅਤੇ ਆਧੁਨਿਕ ਵੀ। ਅੱਗੇ ਸਿਆਣੇ ਕਹਿੰਦੇ ਹੁੰਦੇ ਸਨ ਕਿ ਦਿਨੇ ਬਾਤਾਂ ਨਹੀਂ ਪਾਉਂਦੇ ਕਿਉਂਕਿ ਰਾਹੀ ਰਾਹ ਭੁੱਲ ਜਾਣਗੇ। ਪਰ ਕੋਈ ਗੱਲ ਨਹੀਂ ਹੁਣ ਤਾਂ ਤੁਹਾਡਾ ਮੋਬਾਈਲ ਤੁਹਾਨੂੰ ਰਾਹ ਦੱਸਣ ਲੱਗ ਪਿਆ ਹੈ, ਰਾਹ ਨਹੀਂ ਭੁੱਲੋਗੇ।

ਆਓ ਕੁਝ ਬਾਤਾਂ ਦੀ ਵੰਨਗੀ ਦੇਖੀਏ ਅਤੇ ਬਾਤਾਂ ਪਾ ਲਈਏ। ਬੁੱਝ ਤਾਂ ਤੁਸੀਂ ਲੈਣੀਆਂ ਹੀ ਹਨ। ਬਹੁਤੀਆਂ ਬਾਤਾਂ ਬਹੁਤ ਛੋਟੀਆਂ, ਸੁਖਾਲੀਆਂ ਅਤੇ ਦੋ ਚਾਰ ਸ਼ਬਦਾਂ ਦੀਆਂ ਹੀ ਹੁੰਦੀਆਂ ਹਨ, ਪਰ ਸਿਰ ਖੁਰਕਣਾ ਜ਼ਰੂਰ ਪੈਂਦਾ ਹੈ।

ਜੋਧ ਸਿੰਘ ਮੋਗਾ
ਜੋਧ ਸਿੰਘ ਮੋਗਾ

* ਔਹ ਗਈ ਔਹ ਗਈ (ਨਜ਼ਰ)
* ਨੱਕ 'ਤੇ ਬੈਠੀ ਕੰਨ ਫੜੇ (ਐਨਕ)
* ਚੀਜ਼ ਮੇਰੀ ਪਰ ਵਰਤਣ ਲੋਕ (ਨਾਮ)
* ਤੂੰ ਚੱਲ ਮੈਂ ਮਗਰੋਂ ਆਇਆ (ਦਰਵਾਜ਼ਾ)
* ਛਪੜੀ ਸੁੱਕਗੀ ਟੀਟੋ ਮਰਗੀ (ਦੀਵਾ)
* ਨਿੱਕਾ ਜਿਹਾ ਕਾਕਾ ਘਰ ਦਾ ਰਾਖਾ (ਜਿੰਦਾ)

ਕੁਝ ਬੁਝਾਰਤਾਂ ਲਿਖਣ ਨੂੰ ਤਾਂ ਦੋ ਸਤਰੀ ਹੁੰਦੀਆਂ ਹਨ, ਪਰ ਕਾਵਿ-ਮਈ ਹੋਣ ਕਾਰਨ ਬੋਲਣ ਨੂੰ ਸੌਖੀਆਂ, ਪਰ ਬੁੱਝਣ ਨੂੰ ਔਖੀਆਂ ਜਿਵੇਂ:

* ਜਾਦੂਗਰ ਦਾ ਦੇਖ ਕਮਾਲ
  ਪਾਵੇ ਹਰਾ ਤੇ ਕੱਢੇ ਲਾਲ (ਪਾਨ)
* ਫ਼ਲ ਵੀ ਤੇ ਫੁੱਲ ਵੀ
  ਬਹੁਤਾ ਨਹੀਂ ਮੁੱਲ ਵੀ (ਗੁਲਾਬ ਜਾਮਣ)
* ਕਾਲੀਆਂ-ਕਾਲੀਆਂ ਤਾਰਾਂ
  ਉੱਤੇ ਫਿਰਨ ਮਾਰੂਤੀ ਕਾਰਾਂ (ਜੂੰਆਂ)

ਕਈ ਵਾਰੀ ਔਖੀ ਬਾਤ ਵਾਸਤੇ ਇਸ਼ਾਰਾ ਜਾ ਹਿੰਟ ਵੀ ਦਿੱਤਾ ਜਾਂਦਾ ਹੈ ਕਿ ਇਹ ਚੀਜ਼ ਖਾਣ ਦੀ ਹੈ, ਪੀਣ ਦੀ ਹੈ, ਜਾਨਵਰ ਹੈ, ਮਨੁੱਖ ਹੈ ਤਾਂ ਬਾਤ ਬੁੱਝਣੀ ਸੌਖੀ ਹੋ ਜਾਂਦੀ ਹੈ। ਜਿਵੇਂ ਹੇਠਲੀਆਂ ਬੁਝਾਰਤਾਂ ਦਾ ਇਸ਼ਾਰਾ ਹੈ ਕਿ ਇਸ ਦਾ ਉੱਤਰ ਖਾਣ ਵਾਲੀ ਚੀਜ਼ ਹੈ।

* ਗੋਰੀ ਚਿੱਟੀ ਲੰਮੀ ਰਾਣੀ
  ਸਿਰ 'ਤੇ ਤਾਜ ਹਰਾ (ਮੂਲੀ)
* ਇੱਕ ਹਰੀ ਹਰੀ ਇੱਕ ਲਾਲ ਲਾਲ
  ਕਟੂਆ ਕਰਦਾ ਹਾਲ ਹਾਲ (ਮਿਰਚ)
* ਅਸਮਾਨੋਂ ਡਿੱਗਾ ਬੱਕਰਾ, ਮੂੰਹੋਂ ਡਿੱਗੀ ਰਾਲ
  ਢਿੱਡ ਪਾੜ ਕੇ ਦੇਖ ਲਓ, ਛਾਤੀ ਉੱਤੇ ਵਾਲ (ਅੰਬ)
* ਹਰੀ ਸੁਰੰਗ ਵਿੱਚ ਨੌਂ ਨਿਆਣੇ
  ਜੁੜ ਜੁੜ ਬੈਠੇ ਬੜੇ ਸਿਆਣੇ (ਮਟਰ)
* ਉੱਤੋਂ ਪੀਲਾ ਵਿੱਚੋਂ ਚਿੱਟਾ
  ਕੂਲਾ ਨਰਮ ਤੇ ਮਿੱਠਾ ਮਿੱਠਾ (ਕੇਲਾ)

ਅੱਜ-ਕੱਲ੍ਹ ਦੇ ਨਿਆਣਿਆਂ ਵਾਸਤੇ ਚਾਚਾ ਤਾਇਆ, ਮਾਮਾ, ਮਾਸੜ, ਫੁੱਫੜ ਸਾਰੇ ਹੀ ਅੰਕਲ ਬਣ ਗਏ ਹਨ ਅਤੇ ਮਾਸੀ, ਭੂਆ, ਚਾਚੀ ਤਾਈ ਮਾਮੀ ਸਾਰੀਆਂ ਅੰਟੀਆਂ। ਪਰ ਵਿਰਸੇ ਨੂੰ ਸਾਂਭਦੇ ਹੋਏ ਕਈ ਪਰਿਵਾਰ ਅਜੇ ਅਸਲੀ ਰਿਸ਼ਤੇ ਵਿੱਚ ਯਕੀਨ ਰੱਖਦੇ ਹਨ। ਜੋ ਪਿਆਰ ਅਤੇ ਅਪਣੱਤ ਮਾਸੀ ਆਖਣ ਵਿੱਚ ਹੈ ਉਹ ਅੰਟੀ ਵਿੱਚ ਨਹੀਂ ਹੋ ਸਕਦੀ। ਆਓ ਇੱਕ ਬਾਤ ਰਿਸ਼ਤਿਆਂ ਦੀ ਵੀ ਪਾ ਲਈਏ।

ਤੇਰੀ ਮਾਂ ਦਾ ਜਵਾਈ ਹੈ,
ਤੇਰੀ ਨਣਦ ਦਾ ਭਾਈ ਹੈ।
ਤੇਰਾ ਕੀ ਲੱਗਿਆ? (ਪਤੀ)

ਬਹੁਤ ਸਾਲ ਪਹਿਲਾਂ ਮੇਰੀ ਨਾਨੀ ਦੀਆਂ ਪਾਈਆਂ ਬਾਤਾਂ ਬੜੀਆਂ ਠੇਠ, ਵਿੰਗ ਤੜਿੰਗੇ ਸ਼ਬਦ, ਬੋਲਣ ਨੂੰ ਔਖੀਆਂ, ਪਰ ਸੁਣਨ ਨੂੰ ਸੁਆਦੀ ਅਤੇ ਉੱਤਰ ਸੁਣ ਕੇ ਇੱਕ ਤਸਵੀਰ ਸਾਹਮਣੇ ਆ ਜਾਂਦੀ ਸੀ। ਕਾਂ, ਡੱਡੂ, ਤੋਤੇ ਸਾਹਮਣੇ ਬੈਠੇ ਦਿਸਣ ਲੱਗ ਪੈਂਦੇ ਸਨ:

* ਜੇ ਤੂੰ ਵਣ ਚੜ੍ਹਿਆ, ਕੁਰਲਾਵੇ ਤਾਂ ਝਪੜਾਕਝੈਂ
  ਜੇ ਤੂੰ ਲੈਂਡ ਫਲੈਂਡ ਕਰੇਂ ਤਾਂ ਚਿੱਕੜ ਛੋੜ ਝਪਾਕੜਝੈਂ।
* ਹਰੀ ਚੁੰਨੀ ਲਾਲ ਕਿਨਾਰੀ
  ਟੁੱਟ ਪੈਣਿਆਂ ਮੇਰੇ ਇੱਟ ਕਿਓ ਮਾਰੀ!
  ਮਿੱਡੀਆਂ ਨਾਸਾਂ, ਥੋਬੜ ਮੂੰਹ
  ਮੈਂ ਕੀ ਜਾਣਾਂ ਬੈਠੀ ਤੂੰ।

ਮੁਸਕਰਾਹਟ ਵਧੀਆ ਚੀਜ਼ ਹੈ। ਕਈ ਵਾਰੀ ਬੁਝਾਰਤਾਂ ਸੁਣ ਕੇ ਬੁਲ੍ਹਾਂ 'ਤੇ ਮੱਲੋਮੱਲੀ ਮੁਸਕਰਾਹਟ ਆ ਜਾਂਦੀ ਹੈ, ਉਸ ਦਾ ਉੱਤਰ ਚਾਹੇ ਸੌਖਾ ਹੀ ਹੋਵੇ।

* ਬਾਪੂ ਦੇ ਕੰਨ ਵਿੱਚ ਮਾਂ ਵੜਗੀ (ਜਿੰਦਾ-ਕੁੰਜੀ)
* ਤੇਰੀ ਮਾਂ ਦੀਆਂ ਖੂਹ 'ਚ ਲੱਤਾਂ (ਘੱਗਰਾ)
* ਬਾਹਰੋਂ ਆਇਆ ਇੱਕ ਸਿਪਾਹੀ
  ਖਿੱਚ ਖਿੱਚ ਕੇ ਪੈਂਟ (ਵਰਦੀ) ਲਾਹੀ (ਕੇਲਾ)
* ਮਾਂ ਜੰਮੀ ਨੀ, ਪੁਤ ਫਿਰੇ ਕੋਠੇ 'ਤੇ (ਅੱਗ ਧੂੰਆਂ)
* ਬਾਹਰੋਂ ਆਇਆ ਬਾਬਾ ਲੋਧੀ ਛੇ ਟੰਗਾਂ ਪਰ ਇੱਕੋ ਬੋਦੀ (ਤੱਕੜੀ)

ਸਮਾਂ ਬਦਲ ਰਿਹਾ ਹੈ। ਕੁਝ ਪੇਂਡੂ ਚੀਜ਼ਾਂ ਤਾਂ ਲੋਪ ਹੀ ਹੋ ਰਹੀਆਂ ਹਨ। ਜਾਂ ਅਜਾਇਬ ਘਰਾਂ ਵਿੱਚ ਹੀ ਹਨ। ਨਵੀਂ ਪੀੜ੍ਹੀ ਬਿਲਕੁਲ ਨਹੀਂ ਜਾਣਦੀ ਜਾਂ ਘੱਟ ਜਾਣਦੀ ਹੈ ਜਿਵੇਂ ਹੁੱਕਾ, ਹਲਟ, ਟਿੰਡਾਂ, ਘੁਲਾੜੀ, ਕਮਾਦ, ਗੁੜ ਗਹੀਰਾ, ਚਾਟੀ, ਅੱਕ ਆਦਿ। ਪਰ ਪੁਰਾਣੀਆਂ ਬਾਤਾਂ ਵਿੱਚ ਇਨ੍ਹਾਂ ਦੀ ਤਸਵੀਰ ਵਧੀਆ ਹੁੰਦੀ ਹੈ।

* ਅੱਗ ਲੱਗੀ ਜਗਰਾਵੀਂ, ਧੂੰਆਂ ਨਿਕਲੇ ਬੋਪਾਰਾਵੀਂ (ਹੁੱਕਾ)
* ਆਰ ਡਾਂਗਾਂ, ਪਾਰ ਡਾਂਗਾਂ, ਵਿੱਚ ਟਲਮ ਟੱਲੀਆਂ
  ਆਉਣ ਕੂੰਜਾਂ, ਦੇਣ ਗੇੜੇ, ਨਦੀ ਨਹਾਉਣ ਚੱਲੀਆਂ (ਹਲਟ)
* ਅੰਬ ਅੰਬਾਲੇ ਦੇ, ਫੁੱਲ ਪਟਿਆਲੇ ਦੇ
  ਰੂੰ ਜੋਧਪੁਰ ਦੀ ਤਿਲ ਅੰਬਰਸਰ ਦੇ (ਅੱਕ)
* ਨੱਪ ਘੁੱਟ ਕੇ ਪਿਓ ਨੂੰ ਕੱਢਿਆ
  ਫੇਰ ਬਣਾਇਆ ਭਾਈ,
  ਖਿਚ ਖਿਚ ਕੇ ਪੁੱਤ ਜਮਾਇਆ
  ਰਹਿ ਗਈ ਪਿੱਛੇ ਤਾਈ। (ਦੁੱਧ, ਦਹੀਂ, ਮੱਖਣ, ਲੱਸੀ)

ਕਈ ਬੁਝਾਰਤਾਂ ਦੇ ਉੱਤਰ ਵਧੀਆ ਨਹੀਂ ਹੁੰਦੇ। ਮਖੌਲੀਏ ਲੋਕ ਜਾਣਬੁੱਝ ਕੇ ਪੁੱਠੀ ਸਿੱਧੀ ਜਿਹੀ ਬਾਤ ਪਾ ਦਿੰਦੇ ਹਨ। ਉੱਤਰ ਵੀ ਪੁੱਠਾ-ਸਿੱਧਾ ਜਿਹਾ ਹੀ ਹੁੰਦਾ ਹੈ। ਉੱਤਰ ਦੱਸਦਿਆਂ ਵੀ ਸ਼ਰਮ ਆਉਂਦੀ ਹੈ।

ਅੱਜ ਦੀ ਗੱਲ ਕਰੀਏ। ਤਜਰਬੇ ਵਜੋਂ ਹੋਰ ਮੁਕਾਬਲਿਆਂ ਵਾਂਗ +2 ਦੇ ਵਿਦਿਆਰਥੀਆਂ ਨੂੰ ਬੁਝਾਰਤਾਂ ਬਾਰੇ ਪੂਰੇ ਹਿੰਟ ਦੇ ਕੇ ਕੁਝ ਨਵੀਆਂ ਬੁਝਾਰਤਾਂ ਬਣਾ ਕੇ ਲਿਆਉਣ ਲਈ ਕਿਹਾ ਗਿਆ। ਨਤੀਜਾ ਉਤਸ਼ਾਹਜਨਕ ਰਿਹਾ। ਨਮੂਨੇ ਵਜੋਂ ਇੱਕ-ਦੋ:

* ਨਾ ਸਾਹ ਨਾ ਜਾਨ, ਗੱਲਾਂ ਕਰਦਾ ਨਾਲ ਜਹਾਨ।
* ਮਿੱਟੀ ਘੱਟੇ ਫਿਰਦੇ ਨਾਲ
  ਰਾਤੀਂ ਸੌਣ ਕਦੇ ਨਾ ਨਾਲ।
* ਪਰ ਨਾ ਹਲਾਵੇ, ਪਰ ਉਡਦਾ ਜਾਵੇ।
* ਹੁੱਜ ਮਾਰੋ ਤਾਂ ਗੀਤ ਸੁਣਾਵੇ
  ਖ਼ਬਰਾਂ ਦੱਸੇ, ਮਨ ਪ੍ਰਚਾਵੇ।
* ਨੀਲੀ ਛੱਤ 'ਤੇ ਗੇਂਦਾਂ ਦੋ
  ਵੱਡੀ ਆਵੇ ਤਾਂ ਛੋਟੀ ਗੋ
* ਇੱਕ ਬਾਬੇ ਦੇ ਬਾਰਾਂ ਪੁੱਤ
  ਹਰ ਇੱਕ ਦੇ ਗਾਂਹ ਤੀਹ ਅੜੁੱਤ।

ਐਡੀ ਮੇਰੀ ਬਾਤ ਉੱਤੋਂ ਪੈ ਗਈ ਰਾਤ।
ਛੱਤਣਾ ਸੀ ਕੋਠਾ, ਛੱਤ ਲੀ ਸਵਾਤ।

# ਕਰੀਰਾਂ ਵਿੱਚ ਬਾਬਾ ਸਿੱਧ ਦੱਸੀ ਦਾ ਨੀਂ....



ਭਰ ਲਿਆ ਗਲਾਸ ਕੱਚੀ ਲੱਸੀ ਦਾ ਨੀਂ।
ਇਨ੍ਹਾਂ ਨੀਂ ਕਰੀਰਾਂ ਵਿੱਚ, ਕਰੀਰਾਂ ਵਿੱਚ ਬਾਬਾ ਸਿੱਧ ਦੱਸੀ ਦਾ ਨੀਂ।

'ਕਰੀਰਾਂ' ਮਾਲਵੇ ਖਿੱਤੇ ਦਾ ਬਹੁਤ ਹੀ ਮਹੱਤਵਪੂਰਨ ਰੁੱਖ ਹੈ ਜਿਸ ਦਾ ਜ਼ਿਕਰ ਮਿਥਿਹਾਸ, ਇਤਿਹਾਸ, ਸਭਿਆਚਾਰ ਆਦਿ ਹਰ ਖੇਤਰ ਵਿੱਚ ਵੇਖਣ ਨੂੰ ਮਿਲਦਾ ਹੈ। ਉਪਰੋਕਤ ਲੋਕ ਬੋਲੀ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਪਹਿਲਾਂ ਲੋਕਾਂ ਦੀ ਇਸ ਰੁੱਖ ਨਾਲ ਸਾਂਝ ਐਨੀ ਗੂੜ੍ਹੀ ਸੀ ਕਿ ਇਸ ਵਿੱਚੋਂ ਉਨ੍ਹਾਂ ਨੂੰ ਰੱਬੀ ਰੂਪ ਨਜ਼ਰ ਆਉਂਦਾ ਸੀ। ਦਰਅਸਲ ਹੁਣ ਤਾਂ ਪੰਜਾਬ ਵਿੱਚ ਤਰੱਕੀ ਨੇ ਸਿਖਰਾਂ ਨੂੰ ਛੂੰਹਦਿਆਂ ਮਸ਼ੀਨੀਕਰਨ ਨਾਲ ਜੰਗਲ-ਬੇਲੇ ਵਾਹ ਕੇ ਰੜੇ ਮੈਦਾਨ ਬਣਾ ਛੱਡੇ ਹਨ। ਮਾਲਵੇ ਦੇ ਬੜੇ ਇਲਾਕਿਆਂ ਵਿੱਚ ਟਿੱਬੇ ਵੇਖਣ ਨੂੰ ਮਿਲਦੇ ਸਨ ਜਿਨ੍ਹਾਂ ਉੱਪਰ ਇਹ ਰੁੱਖ ਆਮ ਹੀ ਨਜ਼ਰੀਂ ਪੈਂਦਾ ਸੀ। ਅਕਸਰ ਪਿੰਡਾਂ ਵਿੱਚ ਬਾਹਰ-ਬਾਹਰ ਟਿੱਬਿਆਂ ਉੱਪਰ ਸੰਤਾਂ ਦੇ ਡੇਰਿਆਂ ਵਿੱਚ ਕਰੀਰ-ਵਣ ਵਰਗੇ ਰੁੱਖ ਮੌਜੂਦ ਹੁੰਦੇ ਸਨ। ਪੁੰਨਿਆ ਜਾਂ ਮੱਸਿਆ ਜਾਂ ਫਿਰ ਸਾਲ ਦੇ ਕਿਸੇ ਖ਼ਾਸ ਦਿਨ ਕੋਈ ਤਿੱਥ-ਤਿਉਹਾਰ 'ਤੇ ਲੋਕਾਂ ਨੇ ਇਕੱਠਿਆਂ ਜਾਣਾ ਅਤੇ ਇਨ੍ਹਾਂ ਰੁੱਖਾਂ ਸਬੰਧੀ ਗੀਤ-ਬੋਲੀਆਂ ਗਾਉਣੀਆਂ ਆਮ ਜਿਹੀ ਗੱਲ ਹੁੰਦੀ ਸੀ। ਜੇਕਰ ਮਿਥਿਹਾਸ ਦੀ ਗੱਲ ਕਰੀਏ ਤਾਂ ਹਿੰਦੂ ਵਰਗ ਨਾਲ ਸਬੰਧਤ ਮਹਾਂਭਾਰਤ ਵਿੱਚ ਕਰੀਰ ਦਾ ਜ਼ਿਕਰ ਵੇਖਣ ਨੂੰ ਮਿਲਦਾ ਹੈ। ਸਿੱਖ ਧਰਮ ਵਿੱਚ ਕਰੀਰ ਰੁੱਖ ਦਾ ਸਬੰਧ ਕਾਫੀ ਜ਼ਿਆਦਾ ਵੇਖਣ ਨੂੰ ਮਿਲਦਾ ਹੈ। ਪੰਜਾਬ ਦੇ ਵੱਖ-ਵੱਖ ਖਿੱਤਿਆਂ ਵਿੱਚ ਗੁਰਦੁਆਰਾ ਕਰੀਰ ਸਾਹਿਬ ਮੌਜੂਦ ਹਨ ਜਿਨ੍ਹਾਂ ਵਿੱਚੋਂ ਮੁੱਖ ਰੂਪ ਵਿੱਚ ਗੁਰਦੁਆਰਾ ਕਰੀਰ ਸਾਹਿਬ ਪਿੰਡ ਲਿੱਤਰ ਜ਼ਿਲ੍ਹਾ ਲੁਧਿਆਣਾ ਜੋ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨਾਲ ਸਬੰਧਤ ਹੈ। ਇਸ ਤੋਂ ਇਲਾਵਾ ਖਡੂਰ ਸਾਹਿਬ ਅਤੇ ਸੰਗਰੂਰ ਜ਼ਿਲ੍ਹੇ ਦੇ ਅਕੋਈ ਸਾਹਿਬ ਅਤੇ ਨਾਨਕਿਆਣਾ ਸਾਹਿਬ ਵਿੱਚ ਵੀ ਕਰੀਰ ਦੇ ਰੁੱਖ ਮੌਜੂਦ ਹਨ। ਇਸ ਤੋਂ ਇਲਾਵਾ ਮਾਲਵੇ ਦੇ ਜ਼ਿਲ੍ਹਾ ਬਠਿੰਡਾ ਅਤੇ ਹੋਰਨਾਂ ਇਲਾਕਿਆਂ ਵਿੱਚ ਵੀ ਕਈ ਧਾਰਮਿਕ ਸਥਾਨਾਂ 'ਤੇ ਕਰੀਰ ਦੇ ਰੁੱਖ ਅਕਸਰ ਵੇਖਣ ਨੂੰ ਮਿਲਦੇ ਹਨ। ਉਹ ਗੱਲ ਹੋਰ ਹੈ ਕਿ ਅੱਜਕੱਲ੍ਹ ਧਾਰਮਿਕ ਸਥਾਨਾਂ 'ਤੇ ਵੀ ਲੋਕਾਂ ਨੇ ਪੱਥਰ ਲਾਉਣ ਦੀ ਹੋੜ ਲਾਈ ਹੋਈ ਹੈ ਜਿਸ ਦੇ ਫਲਸਰੂਪ ਸਾਡੇ ਵਿਰਾਸਤੀ ਰੁੱਖ ਤਰੱਕੀ ਦੀ ਭੇਟ ਚੜ੍ਹ ਰਹੇ ਹਨ। ਕਰੀਰ ਕੰਡਿਆਲੀ ਝਾੜੀਨੁਮਾ ਰੁੱਖ ਪੰਜਾਬ ਦੇ ਖ਼ਾਸ ਕਰ ਮਲਵਈ ਇਲਾਕੇ, ਹਰਿਆਣਾ, ਰਾਜਸਥਾਨ ਅਤੇ ਗੁਆਂਢੀ ਮੁਲਕ ਪਾਕਿਸਤਾਨ ਤੋਂ ਇਲਾਵਾ ਇਰਾਨ, ਸਾਊਦੀ ਅਰਬ, ਮਿਸਰ ਵਰਗੇ ਦੇਸ਼ਾਂ ਦੇ ਗਰਮ ਅਤੇ ਖੁਸ਼ਕ ਇਲਾਕਿਆਂ ਵਿੱਚ ਕਰੀਰ, ਕੈਰ ਅਤੇ ਕਰੀਲ ਆਦਿ ਅਨੇਕਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਹ ਰੁੱਖ ਆਮ ਹਾਲਤਾਂ ਵਿੱਚ 14-15 ਫੁੱਟ ਤਕ ਦੀ ਉਚਾਈ ਤਕ ਹੀ ਜਾਂਦਾ ਹੈ ਅਤੇ ਇਸ 'ਤੇ ਕੰਡੇਦਾਰ ਟਾਹਣੀਆਂ ਦੀ ਬਹੁਤਾਤ ਹੋਣ ਸਦਕਾ ਇਹ ਇਸ ਨੂੰ ਰੁੱਖ ਨਾ ਹੋ ਕੇ ਝਾੜੀ ਦੀ ਦਿੱਖ ਪ੍ਰਦਾਨ ਕਰਦੀਆਂ ਹਨ। ਪਰ ਕਈ ਪੁਰਾਣੇ ਰੁੱਖ ਟਾਵੇਂ-ਟਾਵੇਂ ਅਜਿਹੇ ਵੀ ਵੇਖਣ ਨੂੰ ਮਿਲ ਜਾਂਦੇ ਹਨ ਜਿਨ੍ਹਾਂ ਦਾ ਤਣਾ 5-7 ਫੁੱਟ ਤਕ ਦਾ ਹੁੰਦਾ ਹੈ। ਭਾਵੇਂ ਕਿ ਇਸ ਦੇ ਪੱਤੇ ਬਹੁਤ ਜ਼ਿਆਦਾ ਨਹੀਂ ਵਿਖਾਈ ਦਿੰਦੇ, ਪਰ ਇਸ ਦੀਆਂ ਸੰਘਣੀਆਂ ਟਾਹਣੀਆਂ ਦਾ ਜਾਲ ਹੀ ਆਉਂਦੇ-ਜਾਂਦੇ ਰਾਹੀਆਂ ਲਈ ਛਾਂ ਦਾ ਸਬੱਬ ਬਣਦਾ ਸੀ। ਛੋਟੇ-ਛੋਟੇ ਪੱਤੇ ਨਜ਼ਰੀਂ ਆਉਂਦੇ ਹਨ ਜੋ ਆਮ ਤੌਰ 'ਤੇ ਮਹੀਨੇ ਕੁ ਬਾਅਦ ਹੀ ਝੜ ਜਾਂਦੇ ਹਨ। ਪ੍ਰਕਾਸ਼ ਸੰਸ਼ਲੇਸ਼ਣ ਦੀ ਕਿਰਿਆ ਜ਼ਿਆਦਾਤਰ ਸਮਾਂ ਹਰੀਆਂ ਤਾਰਾਂ ਰੂਪੀ ਸ਼ਾਖਾਵਾਂ ਦੁਆਰਾ ਹੀ ਹੁੰਦੀ ਹੈ। ਸ਼ਾਖਾਵਾਂ ਉੱਪਰ ਛੋਟੇ-ਛੋਟੇ, ਪਰ ਤਿੱਖੇ ਸੰਤਰੀ-ਪੀਲੇ ਰੰਗ ਦੇ ਕੰਡੇ ਜੋੜਿਆਂ ਵਿੱਚ ਲੱਗੇ ਦਿਖਦੇ ਹਨ।

ਫੱਗਣ ਮਹੀਨੇ ਮੀਂਹ ਪੈ ਜਾਂਦਾ
ਲੱਗਦਾ ਕਰੀਰੀਂ ਬਾਣਾ।
ਸਰ੍ਹੋਂ ਨੂੰ ਤਾਂ ਫੁੱਲ ਲੱਗੇ ਜਾਂਦੇ,
ਛੋਲਿਆਂ ਨੂੰ ਪਵੇ ਪਟਾਕਾ।
ਸ਼ੌਕ ਨਾਲ ਜੱਟ ਗਿੱਧਾ ਪਾਉਂਦੇ,
ਰੱਬ ਸਭਨਾਂ ਦਾ ਰਾਖਾ।
ਬਸੰਤੀ ਫੁੱਲਾ ਵੇ,
ਆ ਕੇ ਦੇ ਜਾ ਝਾਕਾ।

ਉਪਰੋਕਤ ਲੋਕ ਬੋਲੀ ਕਾਫ਼ੀ ਕੁਝ ਕਹਿ ਰਹੀ ਹੈ। ਭਾਵ ਪਹਿਲਾਂ ਤਾਂ ਫੱਗਣ ਮਹੀਨੇ ਮਤਲਬ ਅੰਗਰੇਜ਼ੀ ਦੇ ਫਰਵਰੀ ਮਹੀਨੇ ਦੇ ਅੱਧ ਤੋਂ ਬਾਅਦ ਜਦ ਹਲਕਾ ਮੀਂਹ ਪੈਂਦਾ ਹੈ ਤਾਂ ਉਸ ਤੋਂ ਬਾਅਦ ਕਰੀਰ ਰੁੱਖ ਨੂੰ ਫੁੱਲ ਪੈਂਦੇ ਹਨ। ਮਾਲਵੇ ਵਿੱਚ ਪਹਿਲਾਂ-ਪਹਿਲ ਤੋਂ ਹੀ ਕਰੀਰ ਦੇ ਫੁੱਲਾਂ ਨੂੰ 'ਬਾਟਾ' ਕਿਹਾ ਜਾਂਦਾ ਹੈ ਤੇ ਜਦ ਕਰੀਰੀਂ ਬਾਟਾ ਪੈਂਦਾ ਹੈ ਉਸ ਸਮੇਂ ਪੀਲੇ ਰੰਗ ਦੇ ਸਰ੍ਹੋਂ ਦੇ ਫੁੱਲ ਧਰਤੀ ਨੂੰ ਪੀਲੀ ਚਾਦਰ ਨਾਲ ਢੱਕਦੇ ਹਨ ਅਤੇ ਨਾਲ ਹੀ ਛੋਲਿਆਂ ਦੀਆਂ ਟਾਟਾਂ ਦਾਣੇ ਭਰਪੂਰ ਹੋਣ ਸਦਕਾ ਪਟੱਕ-ਪਟੱਕ ਕਰਕੇ ਟੁੱਟਣ ਲਈ ਤਿਆਰ ਹੁੰਦੀਆਂ ਹਨ। ਕਰੀਰ ਨੂੰ ਫੁੱਲ ਗੁੱਛਿਆਂ ਵਿੱਚ ਸੰਤਰੀ-ਲਾਲ-ਗੇਰੂਆ ਅਤੇ ਗੁਲਾਬੀ ਭਾਅ ਮਾਰਦੇ ਸਾਲ ਵਿੱਚ ਦੋ ਵਾਰ ਅਪਰੈਲ-ਜੂਨ ਅਤੇ ਅਗਸਤ-ਅਕਤੂਬਰ ਦੇ ਮਹੀਨਿਆਂ ਵਿੱਚ ਵਿਖਾਈ ਦਿੰਦੇ ਹਨ। ਫੁੱਲ ਪੈਣ ਤੋਂ ਕੁਝ ਹਫ਼ਤਿਆਂ ਮਗਰੋਂ ਰੁੱਖ ਉੱਪਰ ਫ਼ਲ ਪੈਣੇ ਸ਼ੁਰੂ ਹੋ ਜਾਂਦੇ ਹਨ ਜਿਨ੍ਹਾਂ ਨੂੰ ਅਸੀਂ 'ਡੇਲੇ' ਦੇ ਨਾਂ ਵਜੋਂ ਜਾਣਦੇ ਹਾਂ। ਸ਼ੁਰੂਆਤੀ ਦਿਨਾਂ ਵਿੱਚ ਹਰੇ ਰੰਗ ਦੇ ਡੇਲੇ ਹੌਲੀ-ਹੌਲੀ ਪੱਕ ਕੇ ਜਦ ਗੁਲਾਬੀ ਤੋਂ ਲਾਲ ਰੰਗ ਵਿੱਚ ਤਬਦੀਲ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਪੇਂਝੂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪੇਂਝੂ ਅੰਗੂਰਾਂ ਵਾਂਗ ਗੋਲ-ਗੋਲ ਅਤੇ ਕੂਲੇ ਜਿਹੇ ਹੁੰਦੇ ਹਨ।

ਕੱਲ-ਮਕੱਲੀ ਤੋੜਾਂ
ਮੈਂ ਕਰੀਰਾਂ ਨਾਲੋਂ ਡੇਲੇ
ਵੇ! ਖੜ੍ਹਾ ਰਹਿ ਜ਼ਾਲਮਾ
ਸਬੱਬੀ ਹੋਗੇ ਮੇਲੇ।

ਪਹਿਲਾਂ-ਪਹਿਲ ਕਰੀਰ ਦੇ ਡੇਲੇ ਲਗਪਗ ਹਰ ਘਰ ਵਿੱਚ ਕਾਫ਼ੀ ਅਹਿਮੀਅਤ ਰੱਖਦੇ ਸਨ। ਡੇਲੇ ਤੋੜਨ ਜਾਣ ਤੋਂ ਲੈ ਕੇ ਆਚਾਰ ਪਾਉਣ ਦਾ ਕੰਮ ਬੜੇ ਸ਼ੌਕ ਨਾਲ ਕੀਤਾ ਜਾਂਦਾ ਸੀ। ਅਕਸਰ ਗੱਭਰੂ ਡੇਲੇ ਤੋੜਨ ਲਈ ਮੁਟਿਆਰ ਦੇ ਹੱਥੀਂ ਕਰੀਰ ਦੇ ਕੰਡਿਆਂ ਦੀਆਂ ਪਈਆਂ ਝਰੀਟਾਂ ਦੀ ਗੱਲ ਕਰਦੇ ਸਨ। ਪੁਰਾਣੇ ਵੇਲਿਆਂ ਵਿੱਚ ਲੋਕਾਂ ਨੇ ਸੇਵੀਆਂ ਹੱਥ ਨਾਲ ਵੱਟਣੀਆਂ ਅਤੇ ਉਨ੍ਹਾਂ ਨੂੰ ਸੁਕਾਉਣ ਲਈ ਕਰੀਰ ਦੀਆਂ ਟਾਹਣੀਆਂ ਸਭ ਤੋਂ ਢੁੱਕਵੀਆਂ ਸਮਝੀਆਂ ਜਾਂਦੀਆਂ ਸਨ। ਮੁਟਿਆਰਾਂ ਦੇ ਨੱਕ, ਕੰਨ ਵਿੰਨ੍ਹਣ ਲਈ ਮਸ਼ੀਨਾਂ ਦੀ ਬਜਾਏ ਕਰੀਰ ਦੇ ਬਾਰੀਕ ਡੱਕੇ/ਕੰਡੇ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਅਜਿਹਾ ਕਰਨ ਨਾਲ ਕੰਨ ਦੇ ਪੱਕਣ ਦੀ ਮੁਸ਼ਕਲ ਵੀ ਨਹੀਂ ਆਉਂਦੀ ਸੀ।

ਕਰੀਰ ਦੀ ਲੱਕੜ ਬੜੀ ਸਖ਼ਤ ਜਾਨ ਹੁੰਦੀ ਹੈ ਜਿਸ ਤੋਂ ਘਰੇਲੂ ਵਸਤਾਂ ਚਰਖੇ ਦੀ ਲੱਠ, ਵੇਲਣੇ, ਸੰਦਾਂ ਦੇ ਹੱਥੇ ਪਹੀਏ, ਘੋਟਣਾ, ਮਧਾਣੀਆਂ ਆਦਿ ਬਣਾਈਆਂ ਜਾਂਦੀਆਂ ਸਨ।

ਕਰੀਰ ਦਾ ਵੇਲਣਾ ਮੈਂ ਵੇਲ ਵੇਲ ਥੱਕੀ
ਆਪ ਤਾਂ ਖਾਂਦੇ ਕਣਕ ਦੀ ਪੱਕੀ,
ਮੇਰੇ ਹਿੱਸੇ ਮੱਕੀ।

ਕਰੀਰ ਦੀ ਲੱਕੜ ਸਿਉਂਕ ਦੇ ਹਮਲੇ ਤੋਂ ਬਚੇ ਰਹਿਣ ਦੀ ਵੀ ਸਮਰੱਥਾ ਰੱਖਦੀ ਹੈ। ਕਰੀਰ ਦੇ ਜੇਕਰ ਗੁਣਾਂ ਦੀ ਗੱਲ ਕਰੀਏ ਤਾਂ ਇਸ ਦੇ ਡੇਲਿਆਂ ਦਾ ਆਚਾਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਖ਼ਾਸ ਕਰ ਜੋੜਾਂ ਦੇ ਦਰਦ ਅਤੇ ਗਠੀਏ ਲਈ ਬੜਾ ਲਾਭਕਾਰੀ ਮੰਨਿਆ ਜਾਂਦਾ ਹੈ। ਇਸ ਦੀਆਂ ਨਰਮ ਟਾਹਣੀਆਂ ਨੂੰ ਪੀਸ ਕੇ ਬਣਾਇਆ ਪਾਊਡਰ ਛਾਲੇ ਅਤੇ ਫੋੜਿਆਂ ਆਦਿ ਉੱਪਰ ਲੇਪ ਵਜੋਂ ਵਰਤਿਆ ਜਾਂਦਾ ਸੀ। ਇਸ ਦੇ ਫ਼ਲ ਜਿੱਥੇ ਦਿਲ ਦੀਆਂ ਬਿਮਾਰੀਆਂ ਤੋਂ ਬਚਾਅ ਕਰਦੇ ਹਨ ਉੱਥੇ ਕਬਜ਼ ਵੀ ਕਰ ਸਕਦੇ ਹਨ। ਪਰ ਇਸ ਰੁੱਖ ਦਾ ਸੱਕ ਖਾਣ ਨਾਲ ਕਬਜ਼ ਵੀ ਦੂਰ ਕੀਤੀ ਜਾਂਦੀ ਸੀ। ਕੁਝ ਲੋਕਾਂ ਦਾ ਮੰਨਣਾ ਹੈ ਕਿ ਇਸ ਦੇ ਫ਼ਲ ਮਨੁੱਖੀ ਯਾਦ ਸ਼ਕਤੀ ਨੂੰ ਵੀ ਵਧਾਉਣ ਵਿੱਚ ਸਹਾਈ ਹੁੰਦੇ ਹਨ। ਕਰੀਰ ਦੀ ਜੜ੍ਹ ਅਤੇ ਜੜ੍ਹ ਦੀ ਛਿੱਲੜ ਖ਼ਾਸ ਤੌਰ 'ਤੇ ਕੌੜੀ ਹੁੰਦੀ ਹੈ ਜੋ ਵੈਦਿਕ ਗੁਣ ਰੱਖਦੀ ਹੈ। ਕਰੀਰ ਨੂੰ ਰੇਤਲੀਆਂ, ਖੁਸ਼ਕ ਖਾਰੀਆਂ ਤੇ ਤੇਜ਼ਾਬੀ ਆਦਿ ਅਨੇਕਾਂ ਤਰ੍ਹਾਂ ਦੀਆਂ ਜ਼ਮੀਨਾਂ ਵਿੱਚ ਜ਼ਿਆਦਾ ਦੇਖ-ਭਾਲ ਤੋਂ ਬਿਨਾਂ ਲਾਇਆ ਜਾ ਸਕਦਾ ਹੈ। ਬੀਜ ਅਤੇ ਕਲਮ ਦੋਨਾਂ ਤਰੀਕਿਆਂ ਰਾਹੀਂ ਪੌਦੇ ਤਿਆਰ ਕੀਤੇ ਜਾ ਸਕਦੇ ਹਨ। ਕੋਰੇ ਅਤੇ ਸੋਕੇ ਨੂੰ ਸਹਾਰ ਸਕਣ ਵਾਲੇ ਇਸ ਰੁੱਖ ਤੋਂ ਖੁਸ਼ਕ ਇਲਾਕਿਆਂ ਵਿੱਚ ਵਾੜ ਦਾ ਕੰਮ ਵੀ ਲਿਆ ਜਾ ਸਕਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਦੇ ਲੈਂਡਸਕੇਪ ਵਿੱਚ ਕਰੀਰ ਵਰਗੇ ਰੁੱਖਾਂ ਨੂੰ ਫਿੱਟ ਕਰਨਾ ਕਠਿਨ ਹੈ, ਪਰ ਸਾਨੂੰ ਅਹਿਸਾਸ ਜ਼ਰੂਰ ਕਰਨਾ ਚਾਹੀਦਾ ਹੈ ਕਿ ਜੋ ਪਹਿਲਾਂ ਮੌਜੂਦ ਰੁੱਖ ਵੱਖ-ਵੱਖ ਸਥਾਨਾਂ 'ਤੇ ਲੱਗੇ ਹੋਏ ਹਨ ਉਨ੍ਹਾਂ ਦੀ ਸਾਂਭ-ਸੰਭਾਲ ਜ਼ਰੂਰੀ ਕਰਨੀ ਚਾਹੀਦੀ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਰੁੱਖਾਂ ਨੂੰ ਤਸਵੀਰਾਂ ਵਿੱਚ ਵੇਖਣ ਦੀ ਬਜਾਏ ਅਸਲ ਰੂਪ ਵਿੱਚ ਧਰਤ 'ਤੇ ਲੱਗਿਆਂ ਨੂੰ ਵੇਖ ਸਕਣ।

-ਡਾ. ਬਲਵਿੰਦਰ ਸਿੰਘ ਲੱਖੇਵਾਲੀ

# ਛੋਟਾ ਜਿਹਾ ਆਦਮੀ

ਪ੍ਰੇਮ ਗੋਰਖੀ

ਕਿਤੇ ਔਖੇ ਵੇਲਿਆਂ ਦੀ ਗੱਲ ਹੈ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਸਲਿਮ ਫ਼ੌਜਾਂ ਨੇ ਫੜ ਲਿਆ ਤੇ ਤਸੀਹੇ ਦੇ ਦੇ ਮਾਰਿਆ। ਉਦੋਂ ਹੀ ਦੋ ਭਰਾ ਪਿੰਡ ਅਲੀ ਦੀ ਵਸੀ ਤੋਂ ਲੁਕਦੇ-ਲੁਕਾਉਂਦੇ



ਜਿਉਂ ਘੋੜਿਆਂ 'ਤੇ ਚੜ੍ਹੇ ਤੇ ਜਲੰਧਰ ਦੇ ਬਾਹਰ ਪੈਂਦੇ ਜੰਗਲੀ ਇਲਾਕੇ ਵਿਚ ਆ ਲੁਕੇ। ਉਨ੍ਹਾਂ ਕੋਲ ਘੋੜੇ ਸਨ ਜਾਂ ਕਿਰਪਾਨਾਂ। ਹੌਲੀ ਹੌਲੀ ਉਨ੍ਹਾਂ ਦੂਰ-ਨੇੜੇ ਸਾਕ-ਸਕੀਰੀ ਵੀ ਲੱਭ ਲਈ। ਬਸ ਉਸੇ ਤੋਂ ਅੱਗੇ ਬੰਸ ਤੁਰਿਆ। ਫਿਰ ਸਮੇਂ ਦੇ ਬੀਤਣ ਨਾਲ ਜਦੋਂ ਦੇਸ਼ ਵੰਡਿਆ ਗਿਆ, ਉਦੋਂ ਉਸ ਪਰਿਵਾਰ ਦੀਆਂ ਅਗਲੀਆਂ ਪੀੜ੍ਹੀਆਂ ਵਿਚ ਛੇ ਭਰਾ ਸਨ। ਭਗਤਾ, ਜਗਤਾ, ਮੀਤੋ ਤੇ ਧੰਨਾ ਛੋਟੇ ਭਰਾ ਦੀ ਉਪਜ। ਕਿਰਪਾ ਤੇ ਗਾਰੀ ਵੱਡੇ ਭਰਾ ਦੀ ਉਪਜ। ਆਪਾਂ ਕਿਰਪੇ ਤੋਂ ਛੋਟੇ ਗਾਰੀ ਦੀ ਹੀ ਗੱਲ ਕਰਾਂਗੇ।

ਗਾਰੀ ਮਧਰੇ ਕੱਦ ਦਾ ਬੰਦਾ ਸੀ। ਉਹਦਾ ਸਰੀਰ ਤਾਂ ਛੀਂਟਕਾ ਸੀ ਉਂਜ ਬੜਾ ਛੋਹਲਾ। ਛੋਟੀਆਂ-ਛੋਟੀਆਂ ਲੱਤਾਂ-ਬਾਹਾਂ ਤੇ ਛੋਟੇ-ਛੋਟੇ ਹੀ ਹੱਥ-ਪੈਰ। ਰੰਗ ਉਹਦਾ ਕੁਝ ਸਉਲਾ ਪਰ ਜ਼ੁਬਾਨ ਦਾ ਬੜਾ ਫੁਰਤੀਲਾ ਤੇ ਤਿੱਖਾ ਸੀ। ਬੈਠੇ ਚਾਰ ਬੰਦਿਆਂ ਵਿਚ ਬਹਿ ਕੇ ਉਹ ਗੱਲ ਵੀ ਜ਼ਰੂਰ ਕਰਦਾ ਤੇ ਕਰਦਾ ਵੀ ਬੜੇ ਪਤੇ ਦੀ। ਦੂਜੇ ਬੈਠਿਆਂ ਨੂੰ ਖ਼ੁਸ਼ੀ ਹੁੰਦੀ ਕਿ ਗੱਲ ਦੇ ਵਧੰਤ ਬਿਨਾਂ ਹੀ ਕੰਮ ਸਿਰੇ ਲੱਗ ਗਿਆ। ਦੂਜੇ ਧੜੇ ਨੂੰ ਉਦੋਂ ਝਟਕਾ ਲੱਗਦਾ ਜਦੋਂ ਗਾਰੀ ਚੀਕ ਮਾਰ ਕੇ ਖੜ੍ਹਾ ਹੋ ਜਾਂਦਾ,

''ਪੰਚੈਤੇ ਰੁਕ ਕੇ ਬਈ, ਉਸ ਪਿੰਡ ਸਾਕ ਕਿੱਦਾਂ ਹੋਜੂੜ ਉੱਥੇ ਸਾਡੀ ਭੈਣ ਦੀ ਕੁੜੀ ਬੈਠੀ ਆੜ ਪ੍ਰਾਹੁਣੇ ਦੇ ਸਕਿਆਂ 'ਚੋਂ ਇਹ ਸਾਕ ਆਉਂਦਾ... ਗੋਤ ਸਿੱਧੇ ਪੈਂਦੇ ਆ... ਕਰੋ ਵਿਚਾਰ... ਕਿਤੇ ਫੇ ਨਾ ਮੁੜਨਾ ਪਵੇ... ਇਉਂ ਗਾਰੀ ਵੱਲੋਂ ਅੜਿੱਕਾ ਡਾਹੁਣ ਨਾਲ ਸਾਕ ਹੁੰਦਾ ਹੁੰਦਾ ਰਹਿ ਜਾਂਦਾ। ਸ਼ੱਕਰ ਵੰਡਣ ਵਾਲਾ ਥਾਲ ਮੰਜੇ 'ਤੇ ਹੱਥ ਦਿੰਦਾ ਤੇ ਕਈ ਜਣੇ ਬੜੇ ਔਖੇ-ਭਾਰੇ ਹੋ, ਟੇਢਾ ਜਿਹਾ ਗਾਰੀ ਵੱਲ ਦੇਖਦੇ ਤੁਰਨ ਲੱਗਦੇ। ਇਸੇ ਸਮੇਂ ਦੂਜੇ ਘਰਾਂ ਵਿਚੋਂ ਖੁਸ਼ੀਆ ਭਲਵਾਨ ਉੱਠ ਕੇ ਖੜ੍ਹਾ ਹੋ ਜਾਂਦਾ ਤੇ ਸਾਈਂ ਵੱਲ ਟੇਢਾ ਜਿਹਾ ਦੇਖਦਾ ਕਹਿੰਦਾ, ''ਪੰਚੈਤੇ, ਗਾਰੀ ਦੀ ਗੱਲ ਜਚੀ ਨਈਂੜ ਸਾਕ-ਸਕੀਰੀ ਤਾਂ ਐਂ ਪਿੰਡ ਪਿੰਡ ਬੈਠੀ ਆੜ ਕੋਈ ਈ ਪਿੰਡ ਹੋਊ ਜਿੱਥੇ ਸਕੀਰੀ ਦੀ ਤੰਦ ਨਾ ਜੁੜਦੀ ਹੋਵੇੜ ਐਦਾਂ ਤਾਂ ਕਿਸੇ ਦਾ ਮੰਗਣਾ ਵਿਆਹ ਹੋਵੇ ਈ ਨਾੜ''

''ਗੱਲ ਵੀ ਠੀਕ ਆੜ ਖੁਸ਼ੀਆ ਠੀਕ ਕਹਿੰਦਾ ਜੀ,'' ਸਾਈਂ ਦੀ ਸੁਰ ਹਮੇਸ਼ਾਂ ਵਾਂਗ ਖੁਸ਼ੀਏ ਨਾਲ ਮਿਲ ਗਈ।

ਉਸੇ ਵੇਲੇ ਬਾਬਾ ਬਸੰਤਾ ਬੋਲ ਪਿਆ, ''ਬਈ ਗਾਰੀ ਦੀ ਤਾਂ ਆਦਤ ਆ ਇਹਨੇ ਸਾਡੇ ਘਰਾਂ ਦੀ ਕੋਈ ਬਣਤ ਬਣਨ ਨੀ ਦੇਣੀੜ'' ਬਾਬੇ ਬਸੰਤੇ ਨੇ ਗੱਲ ਇਉਂ ਗੜਕੇ ਨਾਲ ਕਹੀ ਕਿ ਬਖ਼ਸ਼ੀ ਤੇ ਮੀਤੋ ਤੈਸ਼ ਵਿਚ ਭੜਕ ਪਏ। ਉਹ ਤਾਏ ਚਾਚੇ ਦੇ ਛੇ ਭਰਾ ਸਨ। ਉਨ੍ਹਾਂ ਦੇ ਨਾਲ ਹੀ ਬੀਰੂ ਤੇ ਭੁੱਲਾ ਵੀ ਰਲ ਜਾਂਦੇ। ਭੁੱਲੇ ਹੁਰਾਂ ਦਾ ਭਰਾ ਪੂਰਨ ਨਹੀਂ ਸੀ ਉਨ੍ਹਾਂ ਦੇ ਨਾਲ ਬਾਂਹ ਖੜ੍ਹੀ ਕਰਦਾ।

ਗਾਰੀ ਮੂਹਰੇ ਲੱਗ ਕੇ ਤੁਰਨ ਲੱਗਾ ਬੋਲਦਾ, ''ਓਏ ਅਸੀਂ ਕੋਈ ਮੂਰਖ ਆਂੜ ਬਣੇ ਫਿਰਦੇ ਆ ਵੱਡੇ ਚਤੁਰੜ ਚਾਰ ਬੰਦਿਆਂ 'ਚ ਗੱਲ ਹੁੰਦੀ ਆੜ ਕੋਈ ਮਖੌਲ ਆੜ ਸਾਕ ਐਂ ਧੱਕੇ ਨਾਲ ਕਿਤੇ ਹੁੰਦੇ ਆ!'' ਗਾਰੀ ਆਪਣੇ ਘਰ ਤਕ ਆਉਂਦਾ ਬੋਲੀ ਜਾਂਦਾ।

ਉਹ ਪੂਰਾ ਧੜਾ ਗਾਰੀ ਦੇ ਘਰ ਹੀ ਮੰਜਿਆਂ ਉੱਤੇ ਆ ਬੈਠਾ ਤਾਂ ਜਗਤਾ ਤੇ ਭਗਤਾ 'ਕੱਠੇ ਹੀ ਬੋਲੇ, ''ਗਾਰੀ ਬਈ ਲੋੜ ਸੀ ਇਸ ਸਾਕ ਵਿਚ ਪੈਣ ਦੀ?

ਕੋਈ ਅੱਗ ਫੱਕੇ ਅੰਗਿਆਰ ਹੱਗੇੜ ਤੂੰ ਚੁੱਪ ਕਰ ਰਹਿੰਦਾੜ ਐਵੇਂ ਲੰਬੜਦਾਰੀ ਕਰਨ ਬਹਿ ਜਾਂਦਾਂ ਤੂੰੜ''

ਗਾਰੀ ਜਗਤੇ ਹੁਰਾਂ ਵੱਲ ਮੂੰਹ ਅੱਡੀ ਦੇਖਦਾ ਰਹਿ ਗਿਆ ਤੇ ਫਿਰ ਕਿਲਕ ਮਾਰ ਕੇ ਬੋਲਿਆ, ''ਬਈ ਭਗਤਿਆ ਤੁਸੀਂ ਉਦੋਂ ਤਾਂ ਬੋਲੇ ਨਈਂੜ ਵੱਡੇ ਗੱਲ ਕਰੜ ਬਈ ਭਗਤੇ ਜਗਤੇ ਨੂੰ ਤਾਂ ਸੇਕ ਲੱਗਾ ਇਨ੍ਹਾਂ ਦੀ ਪੂਰਨ ਨਾਲ ਬੁਰਕੀ ਜੁ ਵੰਡਵੀਂ ਆਂੜ ਹੱਦ ਈ ਹੋ ਗਈ ਗੱਲ ਵਾਲੀ।'' ''ਓਏ ਅਹਿਮਕਾ ਪੂਰਨ ਕਿੱਥੇ ਲਿਆ ਵਾੜਿਆੜ ਦੇਖੀਂ ਲੜਾਈ ਬਿਨਾਂ ਕੋਈ ਘਰ ਰਹਿ ਨਾ ਜਾਵੇੜ''

ਤੇ ਇਉਂ ਘਰ ਬੈਠਾ ਗਾਰੀ ਹੋਰ ਫਸਾਦ ਨੂੰ ਰਾਹ ਬਣਾ ਲੈਂਦਾ। ਭਾਵੇਂ ਕੁਝ ਵੀ ਸੀ ਗਾਰੀ ਸੀ ਫਿੱਟਣੀਆਂ ਦਾ ਫੋਟ। ਕਿਤੇ ਵੀ ਚਾਰ ਬੰਦੇ ਬੈਠੇ ਹੁੰਦੇ ਗਾਰੀ ਜ਼ਰੂਰ ਹਾਜ਼ਰ ਹੁੰਦਾ। ਉਹਦੇ ਬਿਨਾਂ ਕੋਈ ਕਾਰਜ ਅੱਗੇ ਨਾ ਤੁਰਦਾ। ਭਾਵੇਂ ਉਹਨੇ ਅੜਿੱਕਾ ਜ਼ਰੂਰ ਪਾਉਣਾ ਹੁੰਦਾ ਪਰ ਉਹਨੂੰ ਸੱਦਿਆ ਜ਼ਰੂਰ ਜਾਂਦਾ।

ਗਾਰੀ ਇਕੋ ਕੰਮ ਕਰਦਾ ਸੀ ਭੂਨੇ-ਪੱਤਲਾਂ ਬਣਾਉਣ ਦਾ। ਆਪਣੇ ਏਸੇ ਕੰਮ ਲਈ ਪੱਤੇ ਖਰੀਦਣ ਉਹਨੂੰ ਦੂਰ-ਦੂਰ ਤੱਕ ਜਾਣਾ ਪੈਂਦਾੜ ਯੂਪੀ, ਬਿਹਾਰ ਵੱਲ। ਇਕ ਟਰੱਕ ਤਾਂ ਉਹਨੇ ਲੈ ਕੇ ਹੀ ਮੁੜਨਾ। ਫਿਰ ਸਾਲ ਭਰ ਆਰਾਮ ਨਾਲ ਬਹਿ ਕੇ ਭੂਨੇ ਲਾਈ ਜਾਣੇ। ਉਹਨੂੰ ਇਹ ਕੰਮ ਕਰਨਾ ਸੌਖਾ ਲੱਗਦਾ। ਕਈ ਗਾਹਕ ਤਾਂ ਉਹਦੇ ਕੋਲ ਘਰ ਹੀ ਪਹੁੰਚ ਜਾਂਦੇ। ਜਦੋਂ ਕਿਤੇ ਫੁੱਫੜ ਬੇਲੀ ਕੋਲ ਆਏ ਗਾਹਕ ਨੂੰ ਦੇਣ ਲਈ ਮਾਲ ਘਟ ਜਾਂਦਾ ਤਾਂ ਉਹ ਵੀ ਗਾਰੀ ਨੂੰ ਹਾਕ ਮਾਰਦਾ।

ਜਿਉਂ ਹੀ ਮਾਰਚ ਅਪਰੈਲ ਦੇ ਦਿਨ ਆਉਂਦੇ ਗਾਰੀ ਦੀ ਮੰਜੀ ਘਰ 'ਚੋਂ ਨਿਕਲ ਕੇ ਪਿਲਕਣ ਹੇਠ ਆ ਜਾਂਦੀ। ਕਦੇ ਉਹ ਕਾਨੇ ਛਿੱਲ ਰਿਹਾ ਹੁੰਦਾ, ਕਦੇ ਤੀਲ੍ਹਾਂ ਕਰ ਰਿਹਾ ਹੁੰਦਾ, ਕਦੇ ਪੱਤੇ ਤੋੜ ਰਿਹਾ ਹੁੰਦਾ। ਉਹਦੇ ਨਾਲ ਉਹਦੀ ਪਤਨੀ ਧੰਨੋ ਵੀ ਬੈਠੀ ਹੁੰਦੀ, ਵੱਡਾ ਮੁੰਡਾ ਦਰਸ਼ਨ ਤੇ ਉਹਦੀ ਵਹੁਟੀ ਵੀ ਬੈਠੇ ਹੁੰਦੇ, ਦੂਜਾ ਪੁੱਤ ਸ਼ਿਵ ਲਾਲ ਆ ਬੈਠਦਾ।

ਤਕਾਲਾਂ ਨੂੰ ਜਦੋਂ ਪ੍ਰਛਾਵੇਂ ਲੰਮੇ ਹੋਣ ਲੱਗਦੇ ਗਾਰੀ ਭੂਨਿਆਂ ਦੇ ਗੱਠੇ ਬੰਨ੍ਹਦਾ ਤੇ ਪੂਰੀ ਚਾਦਰ ਵਿਚ ਚੰਗੀ ਤਰ੍ਹਾਂ ਬੰਨ੍ਹ ਕੇ ਛੋਟੇ ਜਿਹੇ ਸਾਈਕਲ ਪਿੱਛੇ ਰੱਖਦਾ ਤੇ ਸ਼ਹਿਰ ਦੇ ਅੱਧ ਵਿਚ, ਪੰਜ ਪੀਰਾਂ ਦੀ ਮਜ਼ਾਰ 'ਤੇ ਸਾਈਕਲ ਰੱਖ ਦਿੰਦਾ। ਗਠੜੀ ਲਾਹੁੰਦਾ ਤੇ ਪੈਦਲ ਹੀ ਅਮਾਮ ਨਾਸਰ ਤਕ ਜਾਂਦਾ। ਉੱਥੇ ਇਕੋ ਹਲਵਾਈ ਕੋਲ ਭੂਨੇ ਰੱਖਦਾ, ਚਾਦਰ ਝਾੜ ਕੇ ਮੋਢੇ 'ਤੇ ਰੱਖਦਾ, ਫਿਰ ਹਲਵਾਈ ਕੋਲੋਂ ਪੈਸੇ ਲੈਂਦਾ ਜਿਨ੍ਹਾਂ ਨੂੰ ਉਹ ਝੱਗੇ ਹੇਠਲੀ ਫਤੂਹੀ ਦੀ ਜੇਬ ਵਿਚ ਪਾਉਂਦਾ ਤੇ ਫਿਰ ਪੰਜ ਪੀਰ ਮਜ਼ਾਰ 'ਤੇ ਪਿਆ ਸਾਈਕਲ ਚੁੱਕਣ ਤੋਂ ਪਹਿਲਾਂ ਹੀ ਦੋ ਪੈਸੇ ਜੇਬ੍ਹ 'ਚੋਂ ਕੱਢ ਕੇ ਆਪਣੇ ਹੱਥ 'ਚ ਫੜ ਲੈਂਦਾ, ਪੀਰਾਂ ਦੀ ਸਮਾਧ 'ਤੇ ਚੜ੍ਹਾ ਕੇ ਮੱਥਾ ਟੇਕਦਾ। ਫਿਰ ਸਾਈਕਲ ਚੁੱਕਦਾ ਤੇ ਫਿਰ ਚਾਰੇ ਸਿਨਮਿਆਂ ਵਿਚ ਲੱਗੇ ਫਿਲਮਾਂ ਦੇ ਪੋਸਟਰ ਦੇਖਦਾ। ਘਰ ਪਹੁੰਚ ਕੇ ਗਾਰੀ ਗਈ ਰਾਤ ਤਕ ਦਲੀਪੇ, ਮੁਨਸ਼ੀ, ਤਾਰੇ ਤੇ ਘੁੱਡੇ ਹੁਣਾਂ ਨੂੰ ਮੁਕਰੀ ਦੀਆਂ?ਗੱਲਾਂ ਸੁਣਾਈ ਜਾਂਦਾ। ਉਹ ਸਾਰੇ ਹੀ ਬੜੇ ਧਿਆਨ ਨਾਲ ਗਾਰੀ ਦੀਆਂ ਗੱਲਾਂ ਸੁਣ ਕੇ ਬਹੁਤ ਹੀ ਖ਼ੁਸ਼ ਹੁੰਦੇ। ਅਸਲ ਵਿਚ ਗਾਰੀ ਕਈ ਚਿਰ ਪਹਿਲਾਂ ਇਕ ਫਿਲਮ ਦੇਖ ਆਇਆ ਸੀ ਜਿਹਦੇ ਵਿਚ ਦਲੀਪ ਕੁਮਾਰ ਵੀ ਸੀ ਤੇ ਵੈਜੰਤੀ ਮਾਲਾ ਵੀ ਜਿਨ੍ਹਾਂ ਨਾਲ ਸੀ ਇਹ ਮੁਕਰੀ। ਉਹੀ ਗੱਲਾਂ ਵਧਾ ਚੜ੍ਹਾ ਕੇ, ਏਧਰ-ਓਧਰ ਕਰਕੇ ਗਾਰੀ ਸੁਣਾਈ ਜਾਂਦਾ। ਗਾਰੀ ਨੂੰ ਪਤਾ ਸੀ ਜਿਨ੍ਹਾਂ ਨੂੰ ਗੱਲਾਂ ਸੁਣਾ ਰਿਹਾ ਹੈ, ਇਨ੍ਹਾਂ 'ਚੋਂ ਕਿਸੇ ਕੋਲ ਫਿਲਮ ਦੇਖਣ ਜੋਗੇ ਪੈਸੇ ਹੈਨੀ, ਪੁਨੂੰ ਹੀ ਹੁੰਦਾ ਸੀ ਫਿਲਮਾਂ ਦੇਖਣ ਦਾ ਸ਼ੌਕੀਨ, ਉਹ ਅਲਾਹਾਬਾਦ ਵੱਲ ਨਿਕਲ ਗਿਆ ਸੀ। ਜਾਂ ਉਹਦਾ ਗੁਆਂਢੀ ਮੁਨਸ਼ੀ ਹੁੰਦਾ ਸੀ, ਚਾਚਾ ਮੁਨਸ਼ੀੜ ਪਰ ਉਹ ਪੱਤਿਆਂ ਦਾ ਸੀਜ਼ਨ ਹੋਣ ਕਰਕੇ ਸ਼ਹਿਰੋਂ ਬਾਹਰ ਦੂਰ ਕੰਗਰੌੜ ਜਾ ਕੇ ਬੈਠਾ ਸੀ।

ਇਕ ਦਿਨ ਗਾਰੀ ਦੀ ਝੋਟੀ ਨੇ ਕਿੱਲਾ ਪੁਟਾ ਲਿਆ। ਗਾਰੀ ਨੇ ਅੱਗੇ ਵਧ ਕੇ ਝੋਟੀ ਦਾ ਸੰਗਲ ਫੜ ਲਿਆ ਤੇ ਝੋਟੀ ਨੂੰ ਗਾਲ੍ਹਾਂ ਦਿੰਦਾ ਬੋਲਿਆ, ''ਕਿੱਥੇ ਚੱਲੀ ਸੀੜ ਤੈਨੂੰ ਜਾਣ ਦਿੰਦਾਂ ਐਦਾਂ... ਦਿਖਾ ਤਾਂ ਭਲਾ ਦੌੜ ਕੇ ਤੇਰੇ ਸੀਰਮੇ ਨਾ ਪੀ ਗਿਆ ਤ ....

ਝੋਟੀ ਨੇ ਗਾਰੀ ਦੀ ਵੰਗਾਰ ਨੂੰ ਜਿਵੇਂ ਗਹੁ ਨਾਲ ਸੁਣ ਲਿਆ ਜਾਂ ਫਿਰ ਸੜਕੇ ਲੰਘੀ ਜਾਂਦੀ ਬੱਸ ਦੀ ਆਵਾਜ਼ ਤੋਂ ਤ੍ਰਹਿ ਗਈ ਤੇ ਉਹਨੇ ਧੜੱਕੇ ਨਾਲ ਪਿਛਾਂਹ ਖੜ੍ਹੇ ਗਾਰੀ ਵੱਲ ਪੂਰਾ ਘੂਰ ਕੇ ਦੇਖਿਆ ਤੇ ਦੌੜ ਪਈ। ਨਾਲ ਹੀ ਗਾਰੀ ਵੀ। ਦਰਅਸਲ ਉਹਨੇ ਸੰਗਲ ਨੂੰ ਬਾਂਹ ਨਾਲ ਵਗਲ ਲਿਆ ਸੀ ਜਿਹੜਾ ਉਹਦੇ ਕੋਲੋਂ ਖੋਲ੍ਹਿਆ ਨਾ ਗਿਆ। ਝੋਟੀ ਟਿੱਬੇ ਵਿਚ ਆ ਕੇ ਕਰਤਾਰਪੁਰੀਆਂ ਦੇ ਗੇਟ ਕੋਲ ਆ ਖੜ੍ਹੀੜ ਖੜ੍ਹ ਗਈ ਤਾਂ ਬਚਾਅ ਹੋ ਗਿਆ। ਜੇ ਸੜਕੇ ਪੈ ਜਾਂਦੀ ਤਾਂ ਗਾਰੀ ਨੂੰ ਪਛਾਨਣਾ ਵੀ ਔਖਾ ਹੋ ਜਾਂਦਾ।

ਬੇਰੀਆਂ ਹੇਠਾਂ ਸੁੱਤੇ ਪਏ ਲਾਲੂ ਨੇ ਬੁੜ੍ਹੀਆਂ ਦਾ ਰੌਲਾ ਸੁਣਿਆ ਤਾਂ ਉਹ ਉੱਠ ਕੇ ਪਿਲਕਣ ਵੱਲ ਦੌੜਿਆ। ਬੀਬੀ ਰੱਖੀ ਤੇ ਤਾਈ ਪੁੰਨਾਂ ਸੋਟੀਆਂ ਫੜੀ ਖੜ੍ਹੀਆਂ ਝੋਟੀ ਨੂੰ ਘੂਰ ਰਹੀਆਂ ਸਨ ਮਤਾਂ ਝੋਟੀ ਤੁਰ ਨਾ ਪਵੇ। ਜਦ ਤਕ ਝੋਟੀ ਖੜ੍ਹੀ ਸੀ, ਗਾਰੀ ਹੌਲੀ-ਹੌਲੀ ਉੱਠ ਕੇ ਬਹਿ ਗਿਆ। ਗਾਰੀ ਵੱਲ ਦੇਖ ਕੇ ਲਾਲੂ ਨੂੰ ਪਹਿਲਾਂ ਹਾਸਾ ਆਇਆ, ਪਰ ਫਿਰ ਉਹਨੇ ਫੁਰਤੀ ਨਾਲ ਅੱਗੇ ਵਧ ਕੇ ਝੋਟੀ ਨੂੰ ਧੌਣੋਂ ਸੰਗਲ ਤੋਂ ਆ ਫੜਿਆ ਤੇ ਸੰਗਲ ਨੂੰ ਨੂੜ ਕੇ ਤੇ ਥੱਲਿਓਂ ਢਿੱਲਾ ਕਰਕੇ ਗਾਰੀ ਦੀ ਬਾਂਹ ਸੁਰਖ਼ਰੂ ਕੀਤੀ। ਉਹਨੇ ਗਾਰੀ ਨੂੰ ਵੱਖੀ ਨਾਲ ਚੁੱਕ ਲਿਆ ਤੇ ਬੁੜ੍ਹੀਆਂ ਨੂੰ ਝੋਟੀ ਸੰਭਾਲ ਦਿੱਤੀ। ਗਾਰੀ ਇਕਦਮ ਹੁਣ ਗੁੰਮ-ਸੁੰਮ ਹੋ ਗਿਆ ਸੀ।

''ਭਾ ਕਾਇਮ ਹੋੜ ਸੁਰਤ ਕਰੜ ਕੁਸ਼ ਨੀ ਹੋਇਆੜ ਭਾਬੀ ਦੁੱਧ ਲਿਆਓ ਤੱਤਾ ਕਰਕੇ। ਥੋੜ੍ਹੀ ਜਿਹੀ ਵਿਚ ਹਲਦੀ ਪਾ ਲਿਆਓੜ ਘੇ ਦਾ ਚਮਚਾ ਵੀ ਸੁੱਟ ਲਿਆਓੜ'' ਬੋਲ ਤਾਂ ਰਿਹਾ ਸੀ ਲਾਲੂ ਪਰ ਨਾਲ-ਨਾਲ?ਅੱਖਾਂ ਵੀ ਮਟਕਾ ਰਿਹਾ ਸੀ। ''ਮਾਰਤਾ ਓਏ ਏਸ ਨੇੜ ਲਾਲੂ ਮੈਨੂੰ ਰੱਖੇ ਕੋਲ ਲੈ ਚਲੋੜ ਮੇਰੀ ਬਾਂਹ ਦਾ ਕੱਖ ਨੀ ਬਚਿਆ,'' ਗਾਰੀ ਇਕ ਤਰ੍ਹਾਂ ਵਿਲਕ ਰਿਹਾ ਸੀ। ਧੰਨੋ ਦੁੱਧ ਦਾ ਡੋਲੂ ਲੈ ਆਈ। ਦੁੱਧ ਦੇ ਚਾਰ ਘੁੱਟ ਪੀ ਕੇ ਗਾਰੀ ਸ਼ਾਂਤ ਹੋ ਗਿਆ ਤਾਂ ਧੰਨੋ ਹੱਸ ਕੇ ਬੋਲੀ, ''ਲੈ ਲਾਲੂ ਇਹ ਤਾਂ ਠੀਕ ਆੜ ਮੈਂ ਐਵੇਂ ਦੁੱਧ ਲਿਆਉਂਦੀ ਫਿਰਦੀ ਆਂੜ ਦੇਖ ਲਓ ਇਹਦੇ ਖੇਖਣ।''

''ਲਓ ਕਰ ਲਓ ਗੱਲੜ ਓਏ ਇਹ ਰੰਨ ਮੇਰੀ ਖੇਖਣ ਈ ਦੱਸਦੀ ਆੜ ਤੇਰੇ ਵੱਲੋਂ ਤਾਂ ਭਾਵੇਂ ਮੈਂ ਮਰ ਈ ਜਾਂਦਾ,'' ਬੋਲਦੇ ਗਾਰੀ ਨੇ ਹਥਲਾ ਖਾਲੀ ਹੋਇਆ ਗਲਾਸ ਵਗਾਹ ਕੇ ਖੂਹੀ ਦੀ ਮੌਣ 'ਤੇ ਮਾਰਿਆ।

# ਕੱਲੀਆਂ-ਕਾਰੀਆਂ ਨੂੰ ਦਿਓ ਸਤਿਕਾਰ

ਦੁਨੀਆਂ ਵਿੱਚ ਬੜਾ ਕੁਝ ਵਾਪਰ ਰਿਹਾ ਹੈ। ਬੜਾ ਕੁਝ ਬਦਲ ਰਿਹਾ ਹੈ। ਇਸਦਾ ਅਸਰ ਸਭ 'ਤੇ ਪੈ ਰਿਹਾ ਹੈ। ਸਮਾਜ ਦੇ ਤੌਰ-ਤਰੀਕੇ ਬਦਲ ਰਹੇ ਹਨ। ਇਸ ਬਦਲ ਰਹੇ ਸਮਾਜ ਵਿੱਚ ਵਿਆਹ ਬਾਰੇ ਸੋਚ ਤੇ ਵਿਚਾਰ ਵੀ ਬਦਲ ਰਹੇ ਹਨ। ਅੱਜ ਲੜਕੀਆਂ ਵੱਧ ਆਜ਼ਾਦੀ ਚਾਹੁੰਦੀਆਂ ਹਨ। ਕੁਝ ਲੜਕੀਆਂ ਵਿਆਹ ਨਾ ਕਰਕੇ ਇਕੱਲਾ ਰਹਿਣਾ ਪਸੰਦ ਕਰਨ ਲੱਗੀਆਂ ਹਨ ਜਾਂ ਇਕੱਲਾ ਰਹਿਣਾ ਚਾਹੁੰਦੀਆਂ ਹਨ। ਕੱਲੀਆਂ-ਕਾਰੀਆਂ ਜਾਂ ਸਿੰਗਲ ਲੇਡੀਜ਼ ਦਾ ਰੁਝਾਨ ਆਪਣੀ ਪਛਾਣ ਬਣਾਉਣ ਲੱਗਾ ਹੈ। ਇਸ ਨੂੰ ਰੁਝਾਨ, ਫੈਸ਼ਨ, ਆਜ਼ਾਦੀ, ਔਰਤ ਦਾ ਹੱਕ ਜੋ ਮਰਜ਼ੀ ਨਾਮ ਦੇਵੋ, ਇਹ ਵਰਤਾਰਾ ਸਮਾਜ ਵਿੱਚ ਆਪਣਾ ਸਥਾਨ ਪੱਕਾ ਕਰਨ ਲੱਗਾ ਹੋਇਆ ਹੈ। ਪਹਿਲਾਂ ਵੀ ਅਜਿਹਾ ਹੋ ਜਾਂਦਾ ਸੀ ਕਿ ਕਿਸੇ ਨਾ ਕਿਸੇ ਵਜ੍ਹਾ ਕਰਕੇ ਲੜਕੀ ਜਾਂ ਔਰਤ ਦਾ ਵਿਆਹ ਹੋਣ ਤੋਂ ਰਹਿ ਜਾਂਦਾ ਸੀ। ਉੱਥੇ ਕੋਈ ਨਾ ਕੋਈ ਮਜਬੂਰੀ ਜਾਂ ਕੁਦਰਤੀ ਕਾਰਨ ਹੁੰਦਾ ਸੀ, ਪਰ ਸੁੰਦਰ, ਤੰਦਰੁਸਤ ਲੜਕੀ ਵਿਆਹ ਤੋਂ ਬਿਨਾਂ ਰਹੇ, ਅਜਿਹਾ ਆਮ ਤੌਰ 'ਤੇ ਨਹੀਂ ਸੀ। ਉਨ੍ਹਾਂ ਦਾ ਵਿਆਹ ਹੁੰਦਾ ਸੀ ਤੇ ਉਹ ਮਾਂ-ਬਾਪ ਦੀ ਮਰਜ਼ੀ ਜਾਂ ਆਪਣੀ ਮਰਜ਼ੀ ਮੁਤਾਬਕ ਵਿਆਹ ਦੇ ਬੰਧਨ ਵਿੱਚ ਪੈ ਕੇ ਘਰ ਪਰਿਵਾਰ ਚਲਾਉਂਦੀਆਂ ਸਨ। ਅੱਜ ਵੀ ਜ਼ਿਆਦਾਤਰ ਇਸ ਤਰ੍ਹਾਂ ਹੀ ਹੁੰਦਾ ਹੈ, ਪਰ ਕਿਧਰੇ ਕਿਧਰੇ ਕੁਝ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਚੰਗੀਆਂ ਪੜ੍ਹੀਆਂ ਲਿਖੀਆਂ, ਸੁੰਦਰ, ਸੁਸ਼ੀਲ ਤੇ ਹਰ ਪੱਖੋ ਤੰਦਰੁਸਤ ਲੜਕੀਆਂ ਵਿਆਹ ਨਹੀਂ ਕਰ ਰਹੀਆਂ। ਅਜਿਹੇ ਕੇਸ ਹਨ ਤਾਂ ਬਹੁਤ ਘੱਟ, ਪਰ ਹਨ ਜ਼ਰੂਰ। ਇਹ ਰੁਝਾਨ ਵਧਣ ਦੀ ਸੰਭਾਵਨਾ ਵੀ ਬਣੀ ਹੋਈ ਹੈ। ਇਨ੍ਹਾਂ ਲੜਕੀਆਂ ਦਾ ਵਿਆਹ ਹੋ ਸਕਦਾ ਹੈ ਤੇ ਕੋਈ ਵੀ ਲੜਕਾ ਇਨ੍ਹਾਂ ਨਾਲ ਵਿਆਹ ਕਰਨ ਲਈ ਤਿਆਰ ਹੋ ਸਕਦਾ ਹੈ, ਪਰ ਇਹ ਵਿਆਹ ਕਰਨਾ ਹੀ ਨਹੀਂ ਚਾਹੁੰਦੀਆਂ। ਵਿਆਹ ਨਾ ਕਰਨਾ ਉਨ੍ਹਾਂ ਦੀ ਕੋਈ ਮਜਬੂਰੀ ਵੀ ਨਹੀਂ ਹੈ। ਉਹ ਵਧੀਆ ਸੈੱਟ ਹਨ ਤੇ ਚੰਗਾ ਕਮਾ ਵੀ ਰਹੀਆਂ ਹਨ। ਅਜਿਹੀ ਲੜਕੀ ਨੂੰ ਆਪਣੀ ਪਤਨੀ ਦੇ ਰੂਪ ਵਿੱਚ ਪਾ ਕੇ ਕੋਈ ਵੀ ਲੜਕਾ ਆਪਣਾ ਸੁਭਾਗ ਹੀ ਸਮਝੇਗਾ, ਪਰ ਵਿਆਹ ਨਾ ਕਰਾਉਣ ਦਾ ਇਨ੍ਹਾਂ ਨੇ ਮਨ ਬਣਾ ਲਿਆ ਹੈ। ਨਾਲ ਹੀ ਇਹ ਵੀ ਫ਼ੈਸਲਾ ਕਰ ਰੱਖਿਆ ਹੈ ਕਿ ਉਹ ਮਾਪਿਆਂ ਜਾਂ ਕਿਸੇ ਭੈਣ ਭਾਈ 'ਤੇ ਬੋਝ ਬਣ ਕੇ ਨਹੀਂ ਰਹਿਣਗੀਆਂ। ਉਹ ਆਪ ਕਮਾ ਕੇ ਇਕੱਲਾ ਰਹਿਣਾ ਚਾਹੁੰਦੀਆਂ ਹਨ।

ਲੜਕੀਆਂ ਅਜਿਹਾ ਫ਼ੈਸਲਾ ਕਿਉਂ ਲੈਂਦੀਆਂ ਹਨ ? ਇਸ ਬਾਰੇ ਅਲੱਗ ਅਲੱਗ ਕਾਰਨ ਹੋ ਸਕਦੇ ਹਨ। ਕਿਸੇ ਲੜਕੀ ਨੇ ਆਪਣੇ ਮਾਂ-ਬਾਪ ਨੂੰ ਸਾਰੀ ਜ਼ਿੰਦਗੀ ਲੜਦੇ ਝਗੜਦੇ ਦੇਖਿਆ ਹੋ ਸਕਦਾ ਹੈ। ਕਿਸੇ ਦੀ ਸਹੇਲੀ ਨਾਲ ਵਿਆਹ ਤੋਂ ਬਾਅਦ ਬੁਰਾ ਵਾਪਰਿਆ ਹੋ ਸਕਦਾ ਹੈ। ਆਪਣੀ ਭੈਣ ਨਾਲ ਵਿਆਹ ਤੋਂ ਬਾਅਦ ਕੁਝ ਅਜਿਹਾ ਘਟ ਜਾਣਾ ਕਿ ਉਸਦੀ ਜ਼ਿੰਦਗੀ ਹੀ ਬਰਬਾਦ ਹੋ ਜਾਣੀ। ਪਿਆਰ ਵਿੱਚ ਧੋਖਾ ਖਾਣਾ। ਕੋਈ ਹੋਰ ਕਾਰਨ ਵੀ ਹੋ ਸਕਦੇ ਹਨ। ਇਹ ਵੀ ਹੋ ਸਕਦਾ ਹੈ ਲੜਕੀ ਦਾ ਆਲਾ ਦੁਆਲਾ ਅਜਿਹਾ ਰਿਹਾ ਹੋਵੇ ਜਾਂ



ਅਜਿਹੇ ਮਾਹੌਲ ਵਿੱਚ ਪਲੀ ਹੋਵੇ ਕਿ ਰੋਜ਼ਾਨਾ ਕੁਝ ਅਜਿਹਾ ਦੇਖਣ ਨੂੰ ਮਿਲਦਾ ਹੋਵੇ ਜਿੱਥੇ ਪਤੀ ਪਤਨੀ ਦਾ ਰੋਜ਼ਾਨਾ ਕਲੇਸ਼, ਪਤਨੀ ਦੀ ਕੁੱਟਮਾਰ, ਵਿਹਲੜ ਤੇ ਸ਼ਰਾਬੀ ਪਤੀ, ਰੋਟੀ ਨੂੰ ਤਰਸਦੇ ਬੱਚੇ ਜਾਂ ਹੋਰ ਇਸ ਤਰ੍ਹਾਂ ਦੀਆਂ ਕਈ ਗੱਲਾਂ ਜਿਨ੍ਹਾਂ ਨੇ ਲੜਕੀ ਦੇ ਮਨ ਵਿੱਚ ਵਿਆਹ ਪ੍ਰਤੀ ਨਫ਼ਰਤ ਪੈਦਾ ਕਰ ਦਿੱਤੀ ਹੋਵੇ। ਸਮਾਜਿਕ, ਧਾਰਮਿਕ, ਇਖਲਾਕੀ ਤੌਰ 'ਤੇ ਮਨ 'ਤੇ ਲੱਗੀ ਕੋਈ ਸੱਟ ਜਾਂ ਸਦਮਾ ਵੀ ਕਾਰਨ ਹੋ ਸਕਦਾ ਹੈ।

ਪਰ ਇਹ ਵੀ ਹੋ ਸਕਦਾ ਹੈ ਕਿ ਅਜਿਹਾ ਕੁਝ ਵੀ ਨਹੀਂ ਵਾਪਰਿਆ। ਫਿਰ ਵੀ ਲੜਕੀ ਨੇ ਇਕੱਲੀ ਰਹਿਣ ਦਾ ਫ਼ੈਸਲਾ ਲੈ ਲਿਆ। ਅਜਿਹੇ ਕੇਸ ਵੀ ਬਹੁਤ ਹਨ। ਅਜਿਹਾ ਆਮ ਤੌਰ 'ਤੇ ਮਜ਼ਬੂਤ ਇਰਾਦੇ ਦੀਆਂ ਲੜਕੀਆਂ ਹੀ ਕਰ ਸਕਦੀਆਂ ਹਨ। ਹਰ ਪੜ੍ਹੀ ਲਿਖੀ ਲੜਕੀ ਪਰਿਵਾਰ, ਸਮਾਜ ਤੇ ਜ਼ਮਾਨੇ ਦੇ ਪ੍ਰਤੀਕਰਮ ਨੂੰ ਚੰਗੀ ਤਰ੍ਹਾਂ ਸਮਝਦੀ ਹੈ। ਉਹ ਜਾਣਦੀ ਹੈ ਕਿ ਲੀਹ ਤੋਂ ਹਟਕੇ ਚੱਲਣਾ ਸੌਖਾ ਨਹੀਂ ਹੁੰਦਾ, ਪਰ ਫਿਰ ਵੀ ਉਹ ਇਕੱਲੀ ਰਹਿਣਾ ਚਾਹੁੰਦੀ ਹੈ।

ਇੱਥੇ ਵੀ ਕਈ ਗੱਲਾਂ ਹਨ। ਉਹ ਆਪਣੇ ਦਮ 'ਤੇ ਮਾਂ-ਬਾਪ ਨੂੰ ਕੁਝ ਬਣ ਕੇ ਜਾਂ ਕਰਕੇ ਵਿਖਾਉਣਾ ਚਾਹੁੰਦੀ ਹੈ। ਉਹ ਸਮਾਜ ਨੂੰ ਜਾਂ ਕਿਸੇ ਹੋਰ ਨੂੰ ਕੁਝ ਬਣ ਕੇ ਵਿਖਾਉਣਾ ਚਾਹੁੰਦੀ ਹੈ। ਉਹ ਆਪਣੀ ਆਜ਼ਾਦੀ ਨੂੰ ਕਿਸੇ ਦੇ ਵੀ ਕੰਟਰੋਲ ਵਿੱਚ ਨਹੀਂ ਦੇਣਾ ਚਾਹੁੰਦੀ ਤੇ ਆਪਣੀ ਮਰਜ਼ੀ ਨਾਲ ਵਿਚਰਨਾ ਚਾਹੁੰਦੀ ਹੈ। ਉਹ ਸੋਚਦੀ ਹੈ ਕਿ ਉਸਦੀ ਸਮਝ ਦੇ ਹਾਣ ਦਾ ਮੁੰਡਾ ਉਸ ਨੂੰ ਨਹੀਂ ਮਿਲ ਸਕਦਾ ਜੋ ਉਸ ਨੂੰ ਡੂੰਘਾਈ ਨਾਲ ਸਮਝ ਸਕੇ। ਉਹ ਸਮਾਜ ਜਾਂ ਲੋਕਾਂ ਲਈ ਕੁਝ ਅਲੱਗ ਕਰਨਾ ਚਾਹੁੰਦੀ ਹੈ ਤੇ ਵਿਆਹ ਤੋਂ ਬਾਅਦ ਉਸਦਾ ਪਤੀ ਜਾਂ ਸਹੁਰਾ ਪਰਿਵਾਰ ਇਸ ਵਿੱਚ ਅੜਿਕਾ ਬਣ ਸਕਦਾ ਹੈ। ਰਵਾਇਤੀ ਵਿਆਹਾਂ ਵਿੱਚ ਵਿਆਹ ਤੋਂ ਬਾਅਦ ਕਿਧਰੇ ਨਾ ਕਿਧਰੇ ਇਹ ਹੋ ਵੀ ਜਾਂਦਾ ਹੈ ਕਿ ਘਰ ਦਾ ਕੋਈ ਮੈਂਬਰ, ਨਵੀਂ ਆਈ ਬਹੂ 'ਤੇ ਆਪਣੀ ਸਿਆਣਪ ਘੋਟਣਾ ਚਾਹੁੰਦਾ ਹੈ। ਹਰ ਇੱਕ ਨੂੰ ਲੱਗਦਾ ਹੈ ਕਿ ਉਹ ਇੱਥੇ ਸਭ ਤੋਂ ਵੱਧ ਸਿਆਣਾ ਹੈ ਤੇ ਨਵੀਂ ਆਈ ਬਹੂ ਨੂੰ ਕੁਝ ਵੀ ਪਤਾ ਨਹੀਂ ਹੈ। ਇੱਕ ਨੌਜਵਾਨ, ਸੁੰਦਰ, ਤੰਦਰੁਸਤ, ਪੜ੍ਹੀ-ਲਿਖੀ ਲੜਕੀ ਲਈ ਇਕੱਲਾ ਰਹਿਣ ਦਾ ਫ਼ੈਸਲਾ ਲੈਣਾ ਦੋ ਧਾਰੀ ਤਲਵਾਰ ਵਰਗਾ ਹੈ। ਇਹ ਫ਼ੈਸਲਾ ਉਸਦੇ ਕੱਦ ਨੂੰ ਚਾਰ ਚੰਨ ਵੀ ਲਾ ਸਕਦਾ ਹੈ ਤੇ ਉਸਨੂੰ ਨੁਕਸਾਨ ਵੀ ਪਹੁੰਚਾ ਸਕਦਾ ਹੈ। ਖ਼ੈਰ ਜੋ ਵੀ ਹੈ ਅਜਿਹਾ ਫ਼ੈਸਲਾ ਲੈਣ ਲਈ ਦ੍ਰਿੜ ਇੱਛਾ ਸ਼ਕਤੀ ਤੇ ਮਜ਼ਬੂਤ ਇਰਾਦੇ ਦੀ ਜ਼ਰੂਰਤ ਹੈ। ਉਸ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਸਦੇ ਮਾਪਿਆਂ ਨੂੰ ਪ੍ਰੇਸ਼ਾਨੀ ਝੱਲਣੀ ਪੈ ਸਕਦੀ ਹੈ। ਇਸ ਪੱਖੋਂ ਜੋ ਵੀ ਲੜਕੀ ਇਹ ਫ਼ੈਸਲਾ ਲੈਂਦੀ ਹੈ ਉਸ ਦੇ ਹੌਸਲੇ ਦੀ ਦਾਦ ਤਾਂ ਦੇਣੀ ਹੀ ਬਣਦੀ ਹੈ। ਔਰਤ ਜੋ ਸਾਨੂੰ ਜਨਮ ਦਿੰਦੀ ਹੈ, ਕਿਧਰੇ ਨਾ ਕਿਧਰੇ ਲੜਕੀ ਦੇ ਰੂਪ ਵਿੱਚ ਜੇਕਰ ਉਹ ਆਪਣੀਆਂ ਸ਼ਰਤਾਂ ਅਤੇ ਆਪਣੀ ਮਰਜ਼ੀ ਨਾਲ ਜਿਊਣਾ ਚਾਹੁੰਦੀ ਹੈ ਤਾਂ ਉਸਨੂੰ ਇਹ ਖੁੱਲ੍ਹ ਦੇ ਦਿੱਤੀ ਜਾਵੇ ਜਾਂ ਨਾ ਇਸ ਬਾਰੇ ਅਲੱਗ ਅਲੱਗ ਰਾਇ ਹੋ ਸਕਦੀ ਹੈ। ਹਰ ਮਾਪੇ ਲਈ ਇਹ ਫ਼ੈਸਲਾ ਪ੍ਰੇਸ਼ਾਨ ਕਰਨ ਵਾਲਾ ਹੈ।

ਅਜਿਹੀਆਂ ਔਰਤਾਂ ਅੰਦਰ ਬੜੀ ਦ੍ਰਿੜਤਾ ਹੁੰਦੀ ਹੈ ਤੇ ਕੋਈ ਵੀ ਉਨ੍ਹਾਂ ਦਾ ਇਰਾਦਾ ਬਦਲ ਨਹੀਂ ਸਕਦਾ। ਬਿਹਤਰ ਹੈ ਅਜਿਹੀ ਲੜਕੀ ਨੂੰ ਕਿਸੇ ਵੀ ਤਰ੍ਹਾਂ ਸਰੀਰਕ ਜਾ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਦੀ ਬਜਾਏ, ਉਸਨੂੰ ਮਰਜ਼ੀ ਦੀ ਜ਼ਿੰਦਗੀ ਜਿਊਣ ਦਿੱਤੀ ਜਾਵੇ। ਅੱਜ ਲੀਹ ਤੋੜ ਕੇ ਤੁਰਨ ਵਾਲੀ ਲੜਕੀ ਕੱਲ੍ਹ ਨੂੰ ਕਿਸੇ ਖੇਤਰ ਵਿੱਚ ਸਮਾਜ ਦੀ ਮਾਰਗ ਦਰਸ਼ਕ ਵੀ ਹੋ ਸਕਦੀ ਹੈ।

ਇੱਥੇ ਕਈ ਇਹ ਸੋਚਣਗੇ ਕਿ ਇਸ ਤਰ੍ਹਾਂ ਸਭ ਨੂੰ ਜਿਊਣ ਦਾ ਹੱਕ ਦੇ ਦਿੱਤਾ ਤਾਂ ਬੱਚੇ ਪੈਦਾ ਕਿੱਥੋਂ ਹੋਣਗੇ? ਫਿਰ ਇਹ ਸੰਸਾਰ, ਇਹ ਸਮਾਜ ਅੱਗੇ ਕਿਵੇਂ ਵਧੇਗਾ ? ਪਰ ਅਜਿਹੀ ਕੋਈ ਸਮੱਸਿਆ ਨਹੀਂ ਆਵੇਗੀ ਕਿਉਂਕਿ ਅਜਿਹੀਆਂ ਲੜਕੀਆਂ ਆਟੇ ਵਿੱਚ ਨਮਕ ਬਰਾਬਰ ਤੋਂ ਵੱਧ ਨਹੀਂ ਹੋਣਗੀਆਂ। ਜ਼ਿਆਦਾ ਲੜਕੀਆਂ ਪਰਿਵਾਰਕ ਜੀਵਨ ਜਿਊਣਾ ਹੀ ਪਸੰਦ ਕਰਦੀਆਂ ਹਨ। ਗੱਲ ਇਨ੍ਹਾਂ ਲੜਕੀਆਂ ਦੇ ਫ਼ੈਸਲੇ ਦਾ ਸਤਿਕਾਰ ਕਰਨ ਦੀ ਹੈ ਤੇ ਸਮਾਜ ਨੂੰ ਇਨ੍ਹਾਂ ਨੂੰ ਬਣਦਾ ਸਤਿਕਾਰ ਦੇਣਾ ਚਾਹੀਦਾ ਹੈ।

# ਵਿਆਹ ਦੀ ਅੰਤਿਮ ਰਸਮ : ਕੋਠੀ ਝਾੜ

ਪੰਜਾਬੀ ਸੱਭਿਆਚਾਰ ਬਾਕੀ ਖਿੱਤਿਆਂ ਨਾਲੋਂ ਹਟ ਕੇ ਰਸਮਾਂ ਨਾਲ ਭਰਪੂਰ ਹੈ। ਪੰਜਾਬੀਆਂ ਦੀਆਂ ਖ਼ੁਸ਼ੀਆਂ ਤੇ ਗ਼ਮੀਆਂ ਵੱਖ ਵੱਖ ਰਸਮਾਂ ਨਾਲ ਪੂਰੀਆਂ ਹੁੰਦੀਆਂ ਹਨ। ਇਹ ਰਸਮਾਂ ਜਿੱਥੇ ਖ਼ੁਸ਼ੀਆਂ ਨੂੰ ਚਾਰ ਚੰਨ ਲਾਉਂਦੀਆਂ ਹਨ, ਉੱਥੇ ਆਪਸੀ ਸਾਂਝ ਤੇ ਮਿਲਵਰਤਨ ਨੂੰ ਬਰਕਰਾਰ ਰੱਖਣ ਵਿੱਚ ਵੀ ਆਪਣਾ ਵੱਡਮੁੱਲਾ ਯੋਗਦਾਨ ਪਾਉਂਦੀਆਂ ਹਨ। ਵਿਆਹ ਸਭ ਤੋਂ ਵੱਡਾ ਖ਼ੁਸ਼ੀਆਂ ਦਾ ਕਾਰਜ ਮੰਨਿਆ ਜਾਂਦਾ ਹੈ। ਇਹ ਸਾਹਾ ਤੋਰਨ (ਚਿੱਠੀ) ਤੋਂ ਸ਼ੁਰੂ ਹੋ ਕੇ ਵੱਖ ਵੱਖ ਰਸਮਾਂ ਨਾਲ ਨੇਪਰੇ ਚੜ੍ਹਦਾ ਹੈ। ਇਨ੍ਹਾਂ ਹੀ ਰਸਮਾਂ ਵਿੱਚ ਵਿਆਹ ਦੀ ਅੰਤਿਮ ਰਸਮ ਹੈ ਕੋਠੀ ਝਾੜ। ਕੋਠੀ ਝਾੜ ਦੀ ਰਸਮ ਬਾਰੇ ਸ਼ਾਇਦ ਅਜੋਕੀ ਪੀੜ੍ਹੀ ਵਿੱਚੋਂ ਬਹੁਤਿਆਂ ਨੇ ਸੁਣਿਆ ਵੀ ਨਾ ਹੋਵੇ। ਕੋਠੀ ਝਾੜ ਦੀ ਰਸਮ ਵਿਆਹ ਹੋਣ ਤੋਂ ਉਪਰੰਤ ਸਾਰੇ ਕੰਮ ਕਾਜ ਸਮੇਟਣ ਉਪਰੰਤ ਹੁੰਦੀ ਹੈ। ਇਸ ਰਸਮ ਦੌਰਾਨ ਵਿਆਹ ਤੋਂ ਲਗਭਗ ਹਫ਼ਤਾ ਕੁ ਬਾਅਦ ਵਿਆਹ ਵਾਲੇ ਲੜਕੇ ਜਾਂ ਲੜਕੀ ਦੀ ਮਾਂ ਆਪਣੇ ਪੇਕਿਆਂ, ਭਾਵ ਬੱਚਿਆਂ ਦੇ ਨਾਨਕਿਆਂ ਨੂੰ ਵਿਆਹ ਦੀ ਭਾਜੀ ਵਾਲੀ ਬਚੀ ਮਠਿਆਈ ਵਿੱਚੋਂ ਮਠਿਆਈ ਲੈ ਕੇ ਆਉਂਦੀ ਹੈ। ਇਸ ਤੋਂ ਭਾਵ ਹੁੰਦਾ ਹੈ ਕਿ ਵਿਆਹ ਤੋਂ ਬਾਅਦ ਸਾਰੇ ਕੰਮ ਸਮੇਟ ਲਏ ਗਏ ਹਨ ਅਤੇ ਮਠਿਆਈ ਵਾਲੀ ਕੋਠੀ (ਬਰਤਨ) ਵੀ ਸਾਫ਼ ਕਰ ਦਿੱਤੀ ਹੈ। ਕੋਠੀ ਸ਼ਬਦ ਤੋਂ



ਮਤਲਬ ਇਹ ਹੈ ਕਿ ਪਹਿਲੇ ਸਮਿਆਂ ਵਿੱਚ ਮਿੱਟੀ ਦੇ ਵੱਡੇ ਵੱਡੇ ਭੜੋਲੇ ਜਾਂ ਬਰਤਨ ਬਣਾ ਕੇ ਰੱਖੇ ਹੁੰਦੇ ਸਨ ਜਿਨ੍ਹਾਂ ਵਿੱਚੋਂ ਇੱਕ ਨੂੰ ਕੋਠੀ ਵੀ ਕਿਹਾ ਜਾਂਦਾ ਸੀ। ਵਿਆਹਾਂ ਵਿੱਚ ਅਕਸਰ ਇਨ੍ਹਾਂ ਨੂੰ ਮਠਿਆਈ ਆਦਿ ਪਾਉਣ ਲਈ ਵਰਤਿਆ ਜਾਂਦਾ ਸੀ। ਇਸੇ ਕਾਰਨ ਇਸ ਮਠਿਆਈ ਦੇ ਭਾਂਡੇ ਕੋਠੀ ਨੂੰ ਝਾੜਨ ਤੋਂ 'ਕੋਠੀ ਝਾੜ' ਰਸਮ ਬਣੀ ਜਾਪਦੀ ਹੈ। ਭਾਵੇਂ ਵਿਆਹ ਸਮੇਂ ਵੀ ਨਾਨਕਿਆਂ ਨੂੰ ਸਭ ਤੋਂ ਵੱਧ ਮਠਿਆਈ ਦੇ ਕੇ ਤੋਰਿਆ ਜਾਂਦਾ ਹੈ, ਪਰ ਇਸ ਰਸਮ ਵਿੱਚ ਭਾਈਚਾਰਕ ਸਾਂਝ ਤੇ ਰਿਸ਼ਤਿਆਂ ਦੀ ਮਹਿਕ ਹੀ ਛੁਪੀ ਹੋਈ ਹੈ ਜਿਸ ਨੂੰ ਨਿਭਾ ਕੇ ਅਸੀਂ ਜ਼ਿਆਦਾ ਸਕੂਨ ਮਹਿਸੂਸ ਕਰਦੇ ਹਾਂ। ਕੋਠੀ ਝਾੜ ਰਸਮ ਵਿਆਹ ਵਾਲੇ ਲੜਕੇ ਤੇ ਲੜਕੀ ਦੇ ਨਾਨਕਿਆਂ ਨਾਲ ਨਿਭਾਈ ਜਾਂਦੀ ਹੈ। ਵਿਆਹ ਤੋਂ ਬਾਅਦ ਵਿਆਹ ਵਾਲੇ ਲੜਕੇ ਜਾਂ ਲੜਕੀ ਦੀ ਮਾਤਾ ਆਪਣੇ ਪੇਕੇ ਭਾਵ ਉਨ੍ਹਾਂ ਦੇ ਨਾਨਕੇ ਇਹ ਮਠਿਆਈ ਲੈ ਕੇ ਜਾਂਦੀ ਹੈ ਅਤੇ ਪੇਕਿਆਂ ਵੱਲੋਂ ਮੋੜਵੇਂ ਰੂਪ ਵਿੱਚ ਉਸ ਦਾ ਮਾਣ ਸਨਮਾਨ ਸੂਟ ਤੇ ਹੋਰ ਕੱਪੜੇ ਦੇ ਕੇ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਵਿਆਹ ਦੀ ਇਹ ਅੰਤਿਮ ਰਸਮ ਪੂਰੀ ਹੁੰਦੀ ਹੈ। ਭਾਵੇਂ ਕਾਹਲੀ ਦੇ ਯੁੱਗ ਨੇ ਸਾਡੀਆਂ ਬਹੁਗਿਣਤੀ ਰਸਮਾਂ ਨੂੰ ਅੱਜ ਭੁਲਾ ਦਿੱਤਾ ਹੈ, ਪਰ ਹਾਲੇ ਵੀ ਬਹੁਤੇ ਪਿੰਡਾਂ ਤੇ ਇਲਾਕਿਆਂ ਦੇ ਲੋਕ ਇਨ੍ਹਾਂ ਰਸਮਾਂ ਨੂੰ ਨਿਭਾ ਕੇ ਪੰਜਾਬੀ ਸੱਭਿਆਚਾਰ ਦੀ ਇਸ ਖ਼ੁਸ਼ਬੋ ਨੂੰ ਵੰਡ ਕੇ ਆਪਣੀਆਂ ਰਸਮਾਂ ਨੂੰ ਅਗਲੀਆਂ ਪੀੜ੍ਹੀਆਂ ਵਿੱਚ ਪ੍ਰਫੁੱਲਤ ਕਰ ਰਹੇ ਹਨ। ਇਹ ਸਾਡੇ ਲਈ ਖ਼ੁਸ਼ੀ ਅਤੇ ਮਾਣ ਵਾਲੀ ਗੱਲ ਹੈ।

-ਸੁਖਵਿੰਦਰ ਸਿੰਘ ਸਿੱਧੂ

# ਮਾਪਿਆਂ ਨੂੰ ਵਿਦਿਆਰਥੀਆਂ ’ਤੇ ਦਬਾਅ ਨਾ ਬਣਾਉਣ ਦੀ ਅਪੀਲ

ਨਵੀਂ ਦਿੱਲੀ, 8 ਮਈ (ਪੱਤਰ ਪ੍ਰੇਰਕ) ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਇੰਜਨੀਅਰਿੰਗ ਤੇ ਮੈਡੀਕਲ ਸਣੇ ਵੱਖ-ਵੱਖ ਵਿਸ਼ਿਆਂ ਦੀ ਚੋਣ ਕਰਨ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪੋ ਆਪਣੇ ਬੱਚਿਆਂ ’ਤੇ ਮਾਨਸਿਕ ਦਬਾਅ ਬਣਾਉਣ ਦੀ ਥਾਂ ’ਤੇ ਉਨ੍ਹਾਂ ਦੇ ਮਨਪਸੰਦ ਦੇ ਵਿਸੇ ਲੈ ਕੇ ਦੇਣ ਨੂੰ ਤਰਜੀਹ ਦੇਣ ਤਾਂ ਜੋ ਵਿਦਿਆਰਥੀ ਖੁਦਕੁਸੀਆਂ ਦੇ ਰੁਝਾਨ ਤੋਂ ਟਾਲਾ ਵੱਟਣ। ਇਥੇ ਸ੍ਰੀ ਕਾਲਕਾ ਤੇ ਕਾਹਲੋਂ ਨੇ ਕਿਹਾ ਕਿ ਉਨ੍ਹਾਂ ਨੂੰ ਮੀਡੀਆ ਵਿੱਚ ਇਹ ਖਬਰਾਂ ਵੇਖ ਕੇ ਬਹੁਤ ਦੁੱਖ ਹੋਇਆ ਕਿ ਮਾਪਿਆਂ ਦੇ ਦਬਾਅ ਕਾਰਨ ਨੀਟ ਅਤੇ ਜੇਈਈ ਵਰਗੀਆਂ ਪ੍ਰੀਖਿਆਵਾਂ ਵਿਚ ਰੈਂਕ ਹਾਸਲ ਕਰਨ ਦੀ ਦੌੜ ਵਿਚ ਸਫਲ ਨਾ ਹੋਣ ’ਤੇ ਵਿਦਿਆਰਥੀ ਖੁਦਕੁਸ਼ੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਵੀ ਕਿਸ ਕੰਮ ਦੀਆਂ ਜਿਸ ਦੇ ਡਰੋਂ ਸਾਡੇ ਬੱਚੇ ਖੁਦਕੁਸ਼ੀਆਂ ਦੇ ਰਾਹ ਪੈਣ। ਉਨ੍ਹਾਂ ਕਿਹਾ ਕਿ ਇਸ ਨਾਲੋਂ ਤਾਂ ਮਾਪਿਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੇ ਮਨਪਸੰਦ ਦੇ ਵਿਸ਼ਿਆਂ ਵਿਚ ਉਨ੍ਹਾਂ ਨੂੰ ਪੜ੍ਹਾਈ ਕਰਵਾਉਣ ਤਾਂ ਜੋ ਵਿਦਿਆਰਥੀ ਆਪਣੀ ਮਨਮਰਜੀ ਮੁਤਾਬਕ ਤਰੱਕੀ ਵੀ ਕਰ ਸਕਣ, ਆਪਣੀ ਜ਼ਿੰਦਗੀ ਦਾ ਆਨੰਦ ਵੀ ਮਾਣ ਸਕਣ ਅਤੇ ਕਿਸੇ ਵੀ ਦਬਾਅ ਤੋਂ ਵੀ ਮੁਕਤ ਰਹਿਣ। ਉਨ੍ਹਾਂ ਵਿਦਿਆਰਥੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਤਰੀਕੇ ਦੇ ਦਬਾਅ ਹੇਠ ਨਾ ਆਉਣ। ਉਹ ਆਪਣੇ ਜੀਵਨ ਦੇ ਟੀਚੇ ਮੁਤਾਬਕ ਕੰਮ ਕਰਨ ਅਤੇ ਖੁਦਕੁਸ਼ੀਆਂ ਦੇ ਰਾਹ ਤੋਂ ਬਚ ਕੇ ਜੀਵਨ ਵਿਚ ਤਰੱਕੀ ਤੇ ਖੁਸ਼ਹਾਲੀ ਦੇ ਰਸਤੇ ਪੈਣ।


# ਭਾਰਤ ਨੇ ਪਾਕਿਸਤਾਨ ’ਚੋਂ ਲੰਘਦੇ 25 ਹਵਾਈ ਰੂਟ ਬੰਦ ਕੀਤੇ

ਮੁੰਬਈ/ਨਵੀਂ ਦਿੱਲੀ, 8 ਮਈ (ਪੱਤਰ ਪ੍ਰੇਰਕ) ਭਾਰਤ ਨੇ ਆਪਣੇ ਹਵਾਈ ਖੇਤਰ ’ਚੋਂ ਪਾਕਿਸਤਾਨ ਨੂੰ ਜਾਂਦੇ 25 ਹਵਾਈ ਰੂਟ ਬੰਦ ਕਰ ਦਿੱਤੇ ਹਨ। ਅਧਿਕਾਰੀਆਂ ਮੁਤਾਬਕ ਇਹ ਰੂਟ ਅਜਿਹੇ ਮੌਕੇ ਬੰਦ ਕੀਤੇ ਗਏ ਹਨ ਜਦੋਂ ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਵਿਚ ਦਹਿਸ਼ਤੀ ਟਿਕਾਣਿਆਂ ’ਤੇ ਮਿਜ਼ਾਈਲ ਹਮਲੇ ਕੀਤੇ ਹਨ। ਪਹਿਲਗਾਮ ਦਹਿਸ਼ਤੀ ਹਮਲੇ ਮਗਰੋਂ ਦੋਵਾਂ ਮੁਲਕਾਂ ਵਿਚ ਵਧਦੇ ਟਕਰਾਅ ਦਰਮਿਆਨ ਕਈ ਵਿਦੇਸ਼ੀ ਏਅਰਲਾਈਨਾਂ ਵੱਲੋਂ ਪਾਕਿਸਤਾਨ ਦਾ ਹਵਾਈ ਖੇਤਰ ਵਰਤਣ ਤੋਂ ਪਹਿਲਾਂ ਹੀ ਟਾਲਾ ਵੱਟਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਭਾਰਤ ਨੇ ਪਹਿਲਗਾਮ ਦਹਿਸ਼ਤੀ ਹਮਲੇ ਦੀ ਜਵਾਬੀ ਕਾਰਵਾਈ ਵਜੋਂ 30 ਅਪਰੈਲ ਨੂੰ ਆਪਣਾ ਹਵਾਈ ਖੇਤਰ ਪਾਕਿਸਤਾਨ ਏਅਰਲਾਈਨ ਲਈ ਬੰਦ ਕਰ ਦਿੱਤਾ ਸੀ। ਪਾਕਿਸਤਾਨ ਨੇ 24 ਅਪਰੈਲ ਨੂੰ ਹੀ ਆਪਣਾ ਹਵਾਈ ਲਾਂਘਾ ਭਾਰਤੀ ਏਅਰਲਾਈਨਾਂ ਲਈ ਬੰਦ ਕਰ ਦਿੱਤਾ ਸੀ। ਤਿੰਨ ਅਧਿਕਾਰੀਆਂ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ ਕਿ ਅਗਲੇ ਹੁਕਮਾਂ ਤੱਕ ਪਾਕਿਸਤਾਨ ਹਵਾਈ ਖੇਤਰ ਵਿਚ ਦਾਖ਼ਲੇ ਵਾਲੇ 25 ਹਵਾਈ ਰੂਟ ਬੰਦ ਕਰ ਦਿੱਤੇ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ ਵਿਦੇਸ਼ੀ ਏਅਰਲਾਈਨਾਂ, ਜੋ ਪਹਿਲਾਂ ਆਪਣੀ ਮੰਜ਼ਿਲ ’ਤੇ ਪਹੁੰਚਣ ਲਈ ਪਾਕਿਸਤਾਨ ਦਾ ਹਵਾਈ ਲਾਂਘਾ ਵਰਤਦੀਆਂ ਸਨ, ਨੂੰ ਹੁਣ ਲੰਮੇ ਰੂਟ ਦਾ ਸਹਾਰਾ ਲੈਣਾ ਹੋਵੇਗਾ। ਇਕ ਅਧਿਕਾਰੀ ਨੇ ਕਿਹਾ ਕਿ ਵਿਦੇਸ਼ੀ ਏਅਰਲਾਈਨਾਂ ਨੂੰ ਬਦਲਵਾਂ ਹਵਾਈ ਰੂਟ ਵਰਤਣ ਦੀ ਸਲਾਹ ਦਿੱਤੀ ਗਈ ਹੈ।

### ਜਸਟਿਸ ਵਰਮਾ ਦੇ ਘਰ ਨਕਦੀ ਮਿਲਣ ਦੀ ਪੁਸ਼ਟੀ, ਚੀਫ ਜਸਟਿਸ ਨੇ ਜਵਾਬ ਮੰਗਿਆ

ਨਵੀਂ ਦਿੱਲੀ 8 ਮਈ (ਪੱਤਰ ਪ੍ਰੇਰਕ) ਸੁਪਰੀਮ ਕੋਰਟ ਵੱਲੋਂ ਬਣਾਈ ਗਈ ਤਿੰਨ ਜੱਜਾਂ ’ਤੇ ਆਧਾਰਿਤ ਕਮੇਟੀ ਨੇ ਪੁਸ਼ਟੀ ਕੀਤੀ ਹੈ ਕਿ ਜਸਟਿਸ ਯਸ਼ਵੰਤ ਵਰਮਾ ਦੀ ਰਿਹਾਇਸ਼ ’ਤੇ 14 ਮਾਰਚ ਨੂੰ ਲੱਗੀ ਅੱਗ ਦੌਰਾਨ ਉਥੇ ਨਕਦੀ ਮਿਲੀ ਸੀ। ਸੂਤਰਾਂ ਨੇ ਕਿਹਾ ਕਿ ਜਸਟਿਸ ਵਰਮਾ ਤੋਂ ਜਵਾਬ ਦੀ ਮੰਗ ਕਰਦਿਆਂ ਚੀਫ ਜਸਟਿਸ ਸੰਜੀਵ ਖੰਨਾ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਅਲਾਹਾਬਾਦ ਹਾਈ ਕੋਰਟ ਦੇ ਜਸਟਿਸ ਵਜੋਂ ਅਹੁਦੇ ਤੋਂ ਲਾਂਭੇ ਹੋ ਜਾਣ। ਤਿੰਨ ਮੈਂਬਰੀ ਜਾਂਚ ਕਮੇਟੀ ਨੇ 4 ਮਈ ਨੂੰ ਚੀਫ ਜਸਟਿਸ ਨੂੰ ਰਿਪੋਰਟ ਸੌਂਪੀ ਹੈ। ਕਮੇਟੀ ਨੂੰ ਸਪੱਸ਼ਟ ਸਬੂਤ ਮਿਲੇ ਹਨ ਜਿਨ੍ਹਾਂ ਤੋਂ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਹੁੰਦੀ ਹੈ ਕਿ ਜਸਟਿਸ ਵਰਮਾ ਦੀ ਨਵੀਂ ਦਿੱਲੀ ਸਥਿਤ ਸਰਕਾਰੀ ਰਿਹਾਇਸ਼ ਦੇ ਸਟੋਰ ਰੂਮ ’ਚੋਂ ਭਾਰੀ ਮਾਤਰਾ ’ਚ ਨਕਦੀ ਮਿਲੀ ਸੀ। ਕਮੇਟੀ ਨੇ ਦਿੱਲੀ ਪੁਲੀਸ ਕਮਿਸ਼ਨਰ ਸੰਜੇ ਅਰੋੜਾ ਅਤੇ ਦਿੱਲੀ ਫਾਇਰ ਸਰਵਿਸ ਦੇ ਮੁਖੀ ਸਮੇਤ 50 ਤੋਂ ਵੱਧ ਵਿਅਕਤੀਆਂ ਦੇ ਬਿਆਨ ਦਰਜ ਕੀਤੇ ਹਨ।

# ਭਾਰਤੀ ਫੌਜ ਅਤੇ ਸਾਡੇ ਬਹਾਦਰ ਫੌਜੀਆਂ ’ਤੇ ਮਾਣ: ਕੇਜਰੀਵਾਲ



ਨਵੀਂ ਦਿੱਲੀ, 8 ਮਈ (ਪੱਤਰ ਪ੍ਰੇਰਕ) ਆਮ ਆਦਮੀ ਪਾਰਟੀ ਨੇ ’ਆਪ੍ਰੇਸਨ ਸਿੰਧੂਰ’ ਦੀ ਸਫਲਤਾ ’ਤੇ ਭਾਰਤੀ ਫੌਜ ਨੂੰ ਵਧਾਈ ਦਿੱਤੀ ਹੈ। ਪਹਿਲਗਾਮ ਹਮਲੇ ਦੇ ਜਵਾਬ ਵਿੱਚ, ਭਾਰਤੀ ਫੌਜ ਨੇ ਮੰਗਲਵਾਰ ਅੱਧੀ ਰਾਤ ਨੂੰ ਆਪ੍ਰੇਸਨ ਸਿੰਧੂਰ ਨੂੰ ਸਫਲਤਾਪੂਰਵਕ ਅੰਜਾਮ ਦੇ ਕੇ ਆਪਣੀ ਬਹਾਦਰੀ ਦਾ ਪ੍ਰਦਰਸਨ ਕੀਤਾ ਅਤੇ ਪਾਕਿਸਤਾਨ ਵਿੱਚ ਚੱਲ ਰਹੇ ਕਈ ਅਤਿਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਇਸ ਸਫਲਤਾ ’ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਇੰਚਾਰਜ ਮਨੀਸ ਸਿਸੋਦੀਆ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਸੌਰਭ ਭਾਰਦਵਾਜ ਅਤੇ ਆਤਿਸੀ ਨੇ ਭਾਰਤੀ ਫੌਜ ਅਤੇ ਬਹਾਦਰ ਫੌਜੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਬਹਾਦਰੀ ਨੂੰ ਸਰਧਾਂਜਲੀ ਦਿੱਤੀ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸੋਸਲ ਮੀਡੀਆ ਪਲੇਟਫਾਰਮ ਐਕਸ ’ਤੇ ’ਆਪ੍ਰੇਸਨ ਸਿੰਧੂਰ’ ਦੀ ਸਫਲਤਾ ਲਈ ਭਾਰਤੀ ਫੌਜ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਾਨੂੰ ਭਾਰਤੀ ਫੌਜ ਅਤੇ ਸਾਡੇ ਬਹਾਦਰ ਸੈਨਿਕਾਂ ’ਤੇ ਮਾਣ ਹੈ। ਅਤਿਵਾਦ ਵਿਰੁੱਧ ਇਸ ਲੜਾਈ ਵਿੱਚ 140 ਕਰੋੜ ਭਾਰਤੀ ਭਾਰਤੀ ਫੌਜ ਦੇ ਨਾਲ ਖੜ੍ਹੇ ਹਨ। ਭਾਰਤੀ ਫੌਜ ਦੀ ਹਿੰਮਤ ਦੇਸ ਦੇ ਹਰ ਨਾਗਰਿਕ ਦਾ ਵਿਸਵਾਸ ਹੈ। ਅਸੀਂ ਸਾਰੇ ਇਕੱਠੇ ਹਾਂ। ਅਸੀਂ ਅਤਿਵਾਦ ਵਿਰੁੱਧ ਇੱਕਜੁੱਟ ਹਾਂ। ਪੰਜਾਬ ਇੰਚਾਰਜ ਮਨੀਸ ਸਿਸੋਧੀਆ ਨੇ ਕਿਹਾ ਕਿ ਭਾਰਤੀ ਫੌਜ ਅਤੇ ਸਾਡੇ ਬਹਾਦਰ ਸੈਨਿਕਾਂ ਨੇ ਇੱਕ ਵਾਰ ਫਿਰ ਸਾਨੂੰ ਮਾਣ ਨਾਲ ਭਰ ਦਿੱਤਾ ਹੈ। ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਕਿਹਾ ਕਿ 140 ਕਰੋੜ ਭਾਰਤੀਆਂ ਦੀਆਂ ਸੁਭਕਾਮਨਾਵਾਂ ਭਾਰਤੀ ਫੌਜ ਦੇ ਨਾਲ ਹਨ। ਦਿੱਲੀ ਪ੍ਰਦੇਸ ਪ੍ਰਧਾਨ ਸੌਰਭ ਭਾਰਦਵਾਜ ਨੇ ਕਿਹਾ ਕਿ ਉਨ੍ਹਾਂ ਨੂੰ ਭਾਰਤੀ ਫੌਜ, ਹਵਾਈ ਫੌਜ ਅਤੇ ਜਲ ਸੈਨਾ ’ਤੇ ਬਹੁਤ ਮਾਣ ਹੈ। ਦਿੱਲੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਨੇਤਾ ਆਤਿਸੀ ਨੇ ਐਕਸ ’ਤੇ ਕਿਹਾ ਕਿ ਜੈ ਹਿੰਦ ਕੀ ਸੈਨਾ। ਆਪ੍ਰੇਸਨ ਸਿੰਦੂਰ ਦੀ ਸਫਲਤਾ ’ਤੇ ਭਾਰਤੀ ਫੌਜ ਨੂੰ ਵਧਾਈਆਂ। ਅਤਿਵਾਦ ਵਿਰੁੱਧ ਇਸ ਲੜਾਈ ਵਿੱਚ ਪੂਰਾ ਦੇਸ ਭਾਰਤੀ ਫੌਜ ਦੇ ਨਾਲ ਖੜ੍ਹਾ ਹੈ।

# ਔਨਲਾਈਨ ਸੋਸਣ ਤੇ ਟ੍ਰੋਲਿੰਗ ਵਿਰੁੱਧ ਕਾਰਵਾਈ ਮੰਗੀ

ਨਵੀਂ ਦਿੱਲੀ, 8 ਮਈ (ਪੱਤਰ ਪ੍ਰੇਰਕ) ਸੀਪੀਆਈ (ਐੱਮਐੱਲ) ਦੇ ਸੰਸਦ ਮੈਂਬਰ ਰਾਜਾ ਰਾਮ ਸਿੰਘ ਨੇ ਕੇਂਦਰੀ ਸੂਚਨਾ ਮੰਤਰੀ ਅਸਵਨੀ ਵੈਸਨਵ ਅਤੇ ਰਾਸਟਰੀ ਮਹਿਲਾ ਕਮਿਸਨ ਦੀ ਚੇਅਰਪਰਸਨ ਨੂੰ ਪੱਤਰ ਭੇਜਿਆ ਅਤੇ ਸਾਂਤੀ, ਹਮਦਰਦੀ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਦੇ ਹੱਕ ਵਿੱਚ ਬੋਲਣ ਵਾਲੀਆਂ ਔਰਤਾਂ ਦੇ ਔਨਲਾਈਨ ਸੋਸਣ ਅਤੇ ਟ੍ਰੋਲਿੰਗ ਵਿਰੁੱਧ ਤੁਰੰਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪਹਿਲਗਾਮ ਅਤਿਵਾਦੀ ਹਮਲੇ ਵਿੱਚ ਆਪਣੇ ਪਤੀ ਨੂੰ ਗੁਆਉਣ ਵਾਲੀ ਹਿਮਾਂਸੀ ਨਰਵਾਲ ਅਤੇ ਨੈਨੀਤਾਲ ਵਿੱਚ ਨਫਰਤ ਫੈਲਾਉਣ ਵਾਲੀ ਭੀੜ ਦੇ ਖਿਲਾਫ ਹਿੰਮਤ ਨਾਲ ਖੜ੍ਹੀ ਹੋਣ ਵਾਲੀ ਸੈਲਾ ਨੇਗੀ ਨੂੰ ਸੋਸਲ ਮੀਡੀਆ ’ਤੇ ਜਹਿਰੀਲੇ ਪ੍ਰਚਾਰ ਅਤੇ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿ ਬਹੁਤ ਚਿੰਤਾਜਨਕ ਹੈ। ਇਸ ਬਹੁਤ ਹੀ ਦਰਦਨਾਕ ਨਿੱਜੀ ਦੁੱਖ ਅਤੇ ਨੁਕਸਾਨ ਦੇ ਪਲ ਵਿੱਚ, ਹਿਮਾਂਸੀ ਨਰਵਾਲ ਨੇ ਸਾਂਤੀ ਅਤੇ ਸਦਭਾਵਨਾ ਬਣਾਈ ਰੱਖ ਕੇ ਨਿਆਂ ਦੀ ਅਪੀਲ ਕੀਤੀ ਹੈ। ਕਾਮਰੇਡ ਰਾਜਾ ਰਾਮ ਸਿੰਘ ਨੇ ਕਿਹਾ ਕਿ ਇਹ ਦੇਸ ਵਿਆਪੀ ਚਿੰਤਾ ਦਾ ਵਿਸਾ ਹੈ ਕਿ ਨਫਰਤ ਫੈਲਾਉਣ ਵਾਲਿਆਂ ਦੇ ਵਿਰੁੱਧ ਅਤੇ ਨਿਆਂ ਅਤੇ ਸਦਭਾਵਨਾ ਦੇ ਹੱਕ ਵਿੱਚ ਖੜ੍ਹੇ ਹੋਣ ਵਾਲੇ ਨਾਗਰਿਕਾਂ ਨੂੰ ਔਨਲਾਈਨ ਧਮਕੀਆਂ ਅਤੇ ਡਿਜੀਟਲ ਮੌਬ ਲਿੰਚਿੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਔਨਲਾਈਨ ਸੁਰੱਖਿਆ ਵਿਧੀਆਂ ਦੀ ਪੂਰੀ ਤਰ੍ਹਾਂ ਅਸਫਲਤਾ ਹੈ ਨਾਲ ਹੀ ਸਾਡੇ ਸੰਵਿਧਾਨਕ ਮੁੱਲਾਂ ਨਾਲ ਵਿਸਵਾਸਘਾਤ ਹੈ। ਕਾਮਰੇਡ ਰਾਜਾ ਰਾਮ ਸਿੰਘ ਨੇ ਕੇਂਦਰੀ ਮੰਤਰੀ ਅਤੇ ਰਾਸਟਰੀ ਮਹਿਲਾ ਕਮਿਸਨ ਦੀ ਚੇਅਰਪਰਸਨ ਤੋਂ ਮੰਗ ਕੀਤੀ ਹੈ ਕਿ ਅਜਿਹੀਆਂ ਨਫਰਤ ਅਤੇ ਪ੍ਰੇਸਾਨੀ ਮੁਹਿੰਮਾਂ ਚਲਾਉਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਸਮਝਦਾਰ ਔਰਤਾਂ ਨੂੰ ਪੂਰਾ ਸਮਰਥਨ ਅਤੇ ਸੁਰੱਖਿਆ ਦਿੱਤੀ ਜਾਵੇ ਜੋ ਫਿਰਕੂ ਨਫਰਤ ਅਤੇ ਫੁੱਟ ਪਾਊ ਜਨੂੰਨ ਭੜਕਾਉਣ ਵਾਲਿਆਂ ਵਿਰੁੱਧ ਹਿੰਮਤ ਨਾਲ ਅੱਗੇ ਆਉਂਦੀਆਂ ਹਨ।

# ਚੰਡੀਗੜ੍ਹ ਦੇ ਸੈਕਟਰ 25 ਵਿਚ ਝੁੱਗੀ-ਝੌਂਪੜੀਆਂ ’ਤੇ ਚੱਲਿਆ ਪੀਲਾ ਪੰਜਾ

## ਪ੍ਰਸਾਸਨ ਨੇ ਸਵੇਰੇ 6 ਵਜੇ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਕੀਤੀ ਕਾਰਵਾਈ; 10 ਏਕੜ ਜਮੀਨ ਤੋਂ 2500 ਝੁੱਗੀਆਂ ਹਟਾਈਆਂ



ਚੰਡੀਗੜ੍ਹ, 8 ਮਈ (ਪੱਤਰ ਪ੍ਰੇਰਕ)-ਚੰਡੀਗੜ੍ਹ ਦੇ ਸੈਕਟਰ 25 ਵਿਚ ਜਨਤਾ ਕਲੋਨੀ ਨੂੰ ਅੱਜ ਸਵੇਰੇ ਢਾਹ ਦਿੱਤਾ ਗਿਆ ਹੈ। ਯੂਟੀ ਪ੍ਰਸਾਸਨ ਦੀ ਟੀਮ ਨੇ ਸਵੇਰੇ 6 ਵਜੇ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਜਨਤਾ ਕਲੋਨੀ ਵਿੱਚ ਪਹੁੰਚ ਕੇ ਝੁੱਗੀ-ਝੌਂਪੜੀਆਂ ਨੂੰ ਢਾਹੁਣਾ ਸੁਰੂ ਕਰ ਦਿੱਤਾ। ਹਾਲਾਂਕਿ ਇਸ ਦੌਰਾਨ ਕੁਝ ਲੋਕਾਂ ਨੇ ਪ੍ਰਸਾਸਨ ਦਾ ਵਿਰੋਧ ਕਰਨ ਦੀ ਕੋਸ਼ਿਸ ਕੀਤੀ ਤਾਂ ਪੁਲੀਸ ਨੇ ਉਨ੍ਹਾਂ ਨੂੰ ਸਾਂਤ ਕਰਵਾ ਦਿੱਤਾ। ਇਸ ਤੋਂ ਬਾਅਦ ਪ੍ਰਸਾਸਨ ਵੱਲੋਂ ਝੁੱਗੀ ਝੌਂਪੜੀਆਂ ਨੂੰ ਢਾਹੁਣ ਦੀ ਕਾਰਵਾਈ ਤੇਜ ਕੀਤੀ। ਜਿਕਰਯੋਗ ਹੈ ਕਿ ਸੈਕਟਰ 25 ਸਥਿਤ ਜਨਤਾ ਕਲੋਨੀ 10 ਏਕੜ ਜਮੀਨ ’ਤੇ ਫੈਲੀ ਹੋਈ ਹੈ। ਇਥੇ 2500 ਝੁੱਗੀਆਂ ਵਿੱਚ 10 ਹਜਾਰ ਤੋਂ ਵੱਧ ਲੋਕ ਰਹਿੰਦੇ ਹਨ। ਇਹ ਸਹਿਰ ਦੀ ਸਭ ਤੋਂ ਵੱਡੀ ਝੁੱਗੀ ਝੌਂਪੜੀਆਂ ਵਾਲੀ ਬਸਤੀ ਮੰਨੀ ਜਾਂਦੀ ਹੈ ਜਿਸ ਨੂੰ ਅੱਜ ਯੂਟੀ ਪ੍ਰਸਾਸਨ ਨੇ ਢਾਹ ਦਿੱਤਾ ਹੈ। ਦੱਸਣਯੋਗ ਹੈ ਕਿ ਯੂਟੀ ਪ੍ਰਸਾਸਨ ਵੱਲੋਂ ਸਿਟੀ ਬਿਊਟੀਫੁਲ ਚੰਡੀਗੜ੍ਹ ਨੂੰ ਝੁੱਗੀ ਝੌਂਪੜੀਆਂ ਤੋਂ ਮੁਕਤ ਕਰਵਾਉਣ ਲਈ ਪਿਛਲੇ ਲੰਬੇ ਸਮੇਂ ਤੋਂ ਇਹ ਕਾਰਵਾਈ ਕੀਤੀ ਜਾ ਰਹੀ ਹੈ।

ਯੂਟੀ ਪ੍ਰਸਾਸਨ ਇਸ ਕਾਰਵਾਈ ਤਹਿਤ ਸਹਿਰ ਦੀਆਂ ਸਾਰੀਆਂ ਝੁੱਗੀ ਝੌਂਪੜੀਆਂ ਵਾਲੀਆਂ ਬਸਤੀਆਂ ਨੂੰ ਢਾਹੁਣ ਲੱਗਿਆ ਹੋਇਆ ਹੈ। ਇਸ ਤੋਂ ਪਹਿਲਾਂ 23 ਅਪਰੈਲ ਨੂੰ ਵੀ ਯੂਟੀ ਪ੍ਰਸਾਸਨ ਨੇ ਇੰਡਸਟਰੀਅਲ ਏਰੀਆ ਦੇ ਨਾਲ ਲੱਗਦੀ ਸੰਜੈ ਕਲੋਨੀ ’ਤੇ ਬੁਲਡੋਜਰ ਚਲਾ ਕੇ ਉਸ ਨੂੰ ਢਾਹ ਦਿੱਤਾ ਸੀ।

# ਈਡਬਲਿਊਐੱਸ ਕਲੋਨੀ ਮਲੋਆ ਦੇ ਲੋਕ ਗੰਦਾ ਪਾਣੀ ਪੀਣ ਲਈ ਮਜਬੂਰ

## ਸ਼ਿਕਾਇਤ ਮਗਰੋਂ ਕੌਂਸਲਰਾਂ ਨੇ ਖਿਚਾਈ ਕੀਤੀ; ਨਗਰ ਨਿਗਮ ਦੇ ਤਿੰਨ ਵਿਭਾਗਾਂ ਦੇ ਅਧਿਕਾਰੀ ਮੌਕੇ ’ਤੇ ਪੁੱਜੇ

ਚੰਡੀਗੜ੍ਹ, 8 ਮਈ (ਪੱਤਰ ਪ੍ਰੇਰਕ)- ਚੰਡੀਗੜ੍ਹ ਨਗਰ ਨਿਗਮ ਅਧੀਨ ਆਉਂਦੇ ਪਿੰਡ ਮਲੋਆ ਦੀ ਈਡਬਲਿਊਐੱਸ ਕਲੋਨੀ ਦੇ ਵਸਨੀਕ ਪਿਛਲੇ ਕਈ ਦਿਨਾਂ ਤੋਂ ਗੰਦਾ ਪਾਣੀ ਪੀਣ ਲਈ ਮਜਬੂਰ ਸਨ। ਇਸ ਸਬੰਧੀ ਲੋਕਾਂ ਨੇ ਇਲਾਕਾ ਕੌਂਸਲਰ ਨੂੰ ਜਾਣਕਾਰੀ ਦਿੱਤੀ। ਆਪਣੇ ਵਾਰਡ ਵਾਸੀਆਂ ਦੇ ਪੀਣ ਵਾਲੇ ਗੰਦੇ ਪਾਣੀ ਦੀ ਸ਼ਿਕਾਇਤ ਨੂੰ ਗੰਭੀਰਤਾ ਨਾਲ ਲੈਂਦਿਆਂ ਕੌਂਸਲਰ ਨਿਰਮਲ ਦੇਵੀ ਨੇ ਤੁਰੰਤ ਇਸ ਦੀ ਸ਼ਿਕਾਇਤ ਨਗਰ ਨਿਗਮ ਦੇ ਉੱਚ ਅਧਿਕਾਰੀਆਂ ਨੂੰ ਕੀਤੀ। ਗਰਮੀ ਦੇ ਇਸ ਮੌਸਮ ਵਿੱਚ ਪੀਣ ਵਾਲੇ ਪਾਣੀ ਦੇ ਮਸਲੇ ਦੀ ਗੰਭੀਰਤਾ ਨੂੰ ਦੇਖਦਿਆਂ ਇਲਾਕਾ ਕੌਂਸਲਰ ਨਿਰਮਲਾ ਦੇਵੀ ਨੇ ਆਪਣੇ ਹੋਰ ਕੌਂਸਲਰ ਸਾਥੀਆਂ ਸੀਨੀਅਰ ਡਿਪਟੀ ਮੇਅਰ ਜਸਬੀਰ ਸਿੰਘ ਬੰਟੀ, ਡਿਪਟੀ ਮੇਅਰ ਤਰੁਣਾ ਮਹਿਤਾ, ਕੌਂਸਲਰ ਗੁਰਪ੍ਰੀਤ ਸਿੰਘ ਗਾਬੀ ਨਾਲ ਮਿਲ ਕੇ ਨਗਰ ਨਿਗਮ ਦੇ ਮੁੱਖ ਇੰਜਨੀਅਰ ਸੰਜੈ ਅਰੋੜਾ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਸਥਿਤੀ ਬਾਰੇ ਜਾਣੂ ਕਰਵਾਇਆ। ਸਥਿਤੀ ਦੀ ਗੰਭੀਰਤਾ ਨੂੰ ਸਮਝਦਿਆਂ ਨਗਰ ਨਿਗਮ ਦੇ ਮੁੱਖ ਇੰਜਨੀਅਰ ਸੰਜੈ ਅਰੋੜਾ, ਹਾਊਸਿੰਗ ਬੋਰਡ ਦੇ ਮੁੱਖ ਇੰਜਨੀਅਰ ਰਾਜੀਵ ਸਿੰਗਲਾ, ਜਲ ਸਪਲਾਈ ਦੇ ਐਕਸੀਅਨ, ਐੱਸਡੀਓ, ਐਕਸੀਅਨ ਸਮੇਤ ਪਬਲਿਕ ਹੈਲਥ ਦੇ ਐੱਸਡੀਓ ਅਤੇ ਜੇਈ ਨੇ ਮੌਕੇ ਦਾ ਦੌਰਾ ਕੀਤਾ ਅਤੇ ਸਥਿਤੀ ਦਾ ਜਾਇਜਾ ਲਿਆ। ਚੰਡੀਗੜ੍ਹ ਹਾਊਸਿੰਗ ਬੋਰਡ ਦੀ ਇਸ ਈਡਬਲਿਊਐੱਸ ਕਲੋਨੀ ਵਿੱਚ ਗੰਦੇ ਪਾਣੀ ਦਾ ਜਾਇਜ਼ਾ ਲੈਣ ਲਈ ਪਹੁੰਚੇ ਅਧਿਕਾਰੀਆਂ ਨੇ ਸੰਭਾਵਨਾ ਪ੍ਰਗਟਾਈ ਕਿ ਕਿਸੇ ਥਾਂ ਤੋਂ ਪੀਣ ਵਾਲੇ ਪਾਣੀ ਦੀ ਪਾਈਪ ਸੀਵਰੇਜ ਦੇ ਪਾਣੀ ਨਾਲ ਛੂਹ ਕੇ ਲੰਘ ਰਹੀ ਹੈ। ਭਾਵੇਂ ਇਸ ਦਾ ਸਹੀ ਪਤਾ ਤਾਂ ਨਹੀਂ ਲੱਗ ਸਕਿਆ ਪਰ ਨਿਗਮ ਦੇ ਉੱਚ ਅਧਿਕਾਰੀਆਂ ਨੇ ਸਬੰਧਤ ਸਟਾਫ ਨੂੰ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਦੇ ਨਕਸੇ ਫਰੋਲਣ ਦੇ ਨਿਰਦੇਸ ਦਿੱਤੇ ਅਤੇ ਕਿਹਾ ਕਿ ਤੁਰੰਤ ਪਾਣੀ ਦੀ ਸੈਂਪਲਿੰਗ ਕਰਕੇ ਉਨ੍ਹਾਂ ਥਾਵਾਂ ਦਾ ਪਤਾ ਲਗਾਉਣ ਜਿੱਥੇ ਸੀਵਰੇਜ ਲੀਕੇਜ ਹੋਣ ਕਾਰਨ ਸਾਫ਼ ਪਾਣੀ ਵਿੱਚ ਮਿਲ ਰਿਹਾ ਹੈ। ਅਧਿਕਾਰੀਆਂ ਨੇ ਕੌਂਸਲਰਾਂ ਤੇ ਕਲੋਨੀ ਵਾਸੀਆਂ ਨੂੰ ਦੱਸਿਆ ਕਿ ਇਸ ਕੰਮ ਵਿੱਚ ਦੋ-ਚਾਰ ਦਿਨ ਲੱਗ ਸਕਦੇ ਹਨ।

# ਕਿਸਾਨਾਂ ਨੂੰ ਸੰਭੂ ਥਾਣੇ ਦੇ ਘਿਰਾਓ ਤੋਂ ਰੋਕਣ ਲਈ ਪੁਲੀਸ ਵੱਲੋਂ ਸਖਤ ਸੁਰੱਖਿਆ ਪ੍ਰਬੰਧ



ਪਟਿਆਲਾ, 8 ਮਈ (ਪੱਤਰ ਪ੍ਰੇਰਕ)- ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜਦੂਰ ਮੋਰਚਾ ਵੱਲੋਂ ਅੱਜ ਸੰਭੂ ਥਾਣੇ ਦਾ ਘਿਰਾਓ ਕਰਨ ਦੇ ਕੀਤੇ ਗਏ ਐਲਾਨ ਦੇ ਚਲਦਿਆਂ ਪਟਿਆਲਾ ਪੁਲੀਸ ਵੱਲੋਂ ਜਿਲ੍ਹੇ ਭਰ ਵਿੱਚ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਇਸ ਸਬੰਧੀ ਜਿੱਥੇ ਸੰਭੂ ਥਾਣੇ ਦੇ ਆਲੇ ਦੁਆਲੇ ਜਬਰਦਸਤ ਨਾਕੇਬੰਦੀ ਕੀਤੀ ਗਈ ਹੈ, ਉੱਥੇ ਹੀ ਪਟਿਆਲਾ ਜਿਲ੍ਹੇ ਵੱਲ ਨੂੰ ਆਉਂਦੀਆਂ ਅਨੇਕਾਂ ਹੋਰ ਸੜਕਾਂ ’ਤੇ ਵੀ ਪੁਲੀਸ ਦੀ ਤਾਇਨਾਤੀ ਹੈ। ਖਾਸ ਕਰਕੇ ਘਨੌਰ, ਸੰਭੂ ਤੇ ਰਾਜਪੁਰਾ ਵੱਲ ਨੂੰ ਜਾਣ ਵਾਲੇ ਵਾਹਨਾਂ ਦੀ ਪੁਲੀਸ ਵੱਲੋਂ ਬਰੀਕੀ ਨਾਲ ਤਲਾਸੀ ਲਈ ਜਾ ਰਹੀ ਹੈ। ਇਸ ਦੌਰਾਨ ਕਿਸਾਨਾਂ ਦੇ ਵੱਡੇ ਸਮੂਹ ਮੋਗਾ ਅਤੇ ਜਗਰਾਉਂ ਵਿੱਚ ਇਕੱਠੇ ਹੋਣੇ ਸੁਰੂ ਹੋ ਗਏ ਹਨ। ਪ੍ਰਸਾਸਨ ਵੱਲੋਂ ਅਜਿਹੇ ਕਿਸੇ ਵੀ ਪ੍ਰਦਰਸਨ ਦੀ ਇਜਾਜਤ ਦੇਣ ਤੋਂ ਇਨਕਾਰ ਕਰਨ ਦੇ ਬਾਵਜੂਦ ਕਿਸਾਨ ਮਾਰਚ ਕਰਨ ਦੀ ਤਿਆਰੀ ਵਿਚ ਹਨ। ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਅਤੇ ਕਿਸਾਨ ਮਜਦੂਰ ਮੋਰਚਾ ਦੀ ਅਗਵਾਈ ਹੇਠ ਕੀਤਾ ਜਾ ਰਿਹਾ ਇਹ ਵਿਰੋਧ ਪ੍ਰਦਰਸਨ 19 ਮਾਰਚ ਨੂੰ ਪੁਲੀਸ ਦੀ ਕਾਰਵਾਈ ਦਾ ਜਵਾਬ ਹੈ, ਜਦੋਂ ਚੰਡੀਗੜ੍ਹ ਵਿੱਚ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਮੀਟਿੰਗ ਤੋਂ ਬਾਅਦ ਕਈ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਕਿਸਾਨ 19 ਮਾਰਚ ਨੂੰ ਸੰਭੂ ਬਾਰਡਰ ’ਤੇ ਪੁਲੀਸ ਕਾਰਵਾਈ ਦੌਰਾਨ ਕਥਿਤ ਤੌਰ ’ਤੇ ਗਾਇਬ ਹੋਈਆਂ ਚੀਜਾਂ ਲਈ ਮੁਆਵਜੇ ਦੀ ਮੰਗ ਕਰ ਰਹੇ ਹਨ।

# ਮਹਿਲਾ ਨਸ਼ਾ ਤਸਕਰਾਂ ਦੀ ਨਾਜਾਇਜ਼ ਉਸਾਰੀ ਢਾਹੀ

## ਨਸ਼ਾ ਤਸਕਰਾਂ ਖਿਲਾਫ਼ ਸਖਤ ਕਾਰਵਾਈ ਅਮਲ ਕੀਤੀ ਜਾ ਰਹੀ ਹੈ: ਵਿਧਾਇਕ



ਮੰਡੀ ਗੋਬਿੰਦਗੜ੍ਹ, 8 ਮਈ (ਪੱਤਰ ਪ੍ਰੇਰਕ)-ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਅੱਜ ਜ਼ਿਲ੍ਹਾ ਪੁਲੀਸ ਅਤੇ ਪ੍ਰਸ਼ਾਸਨ ਨੇ ਜ਼ਿਲ੍ਹਾ ਪੁਲੀਸ ਮੁਖੀ ਸ਼ੁਭਮ ਅਗਰਵਾਲ ਦੀ ਨਿਗਰਾਨੀ ਹੇਠ ਮਾਸਟਰ ਕਲੋਨੀ ਮੰਡੀ ਗੋਬਿੰਦਗੜ੍ਹ ਵਿਖੇ ਦੋ ਮਹਿਲਾ ਨਸ਼ਾ ਤਸਕਰਾਂ ਵਲੋਂ ਕੀਤੀ ਨਾਜਾਇਜ਼ ਉਸਾਰੀ ਨੂੰ ਢਾਹ ਦਿੱਤਾ। ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੇ ਮਿੱਥੇ ਟੀਚੇ ਨੂੰ ਮੁੱਖ ਰੱਖ ਕੇ ਨਸ਼ਾ ਤਸਕਰਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾ ਰਹੀ ਹੈ ਜਦੋਂ ਕਿ ਪਿਛਲੀਆਂ ਸਰਕਾਰਾਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਇਸ ਮੌਕੇ ਐਸਪੀ ਰਾਕੇਸ਼ ਯਾਦਵ, ਡੀਐਸਪੀ ਗੁਰਦੀਪ ਸਿੰਘ ਸੰਧੂ ਅਤੇ ਥਾਣਾ ਮੁਖੀ ਮਨਪ੍ਰੀਤ ਸਿੰਘ ਦਿਓਲ ਨੇ ਦੱਸਿਆ ਕਿ ਇਸ ਕਲੋਨੀ ਵਿੱਚ ਸਾਨੀਆ ਅਤੇ ਉਸ ਦੀ ਸੱਸ ਸੁਰਿੰਦਰ ਕੌਰ ਨੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ ਤੇ ਇਨ੍ਹਾਂ ਖ਼ਿਲਾਫ ਐਨਡੀਪੀਐਸ ਤਹਿਤ ਕੇਸ ਦਰਜ ਹਨ ਅਤੇ ਉਹ ਨਾਭਾ ਜੇਲ੍ਹ ਵਿਚ ਬੰਦ ਹਨ। ਇਸ ਮੌਕੇ ਬੁਲਡੋਜ਼ਰਾਂ ਰਾਹੀਂ ਨਾਜਾਇਜ਼ ਉਸਾਰੀ ਢਾਹੀ ਗਈ। ਸ੍ਰੀ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਹੁਣ ਤੱਕ 150 ਤੋਂ ਵੱਧ ਕੇਸ ਦਰਜ ਕਰਕੇ 250 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕੋਲ ਕਿਸੇ ਨਸ਼ਾ ਤਸਕਰ ਬਾਰੇ ਪੁਖਤਾ ਜਾਣਕਾਰੀ ਹੈ ਤਾਂ ਉਹ ਸਟੇਟ ਹੈਲਪਲਾਈਨ ਜਾਂ ਜ਼ਿਲ੍ਹਾ ਪੁਲੀਸ ਦੀ ਹੈਲਪਲਾਈਨ ਨੰਬਰ ਉੱਤੇ ਸੂਚਨਾ ਦੇ ਸਕਦਾ ਹੈ ਜਿਸ ਨੂੰ ਗੁਪਤ ਰੱਖਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ 50 ਤੋਂ ਵੱਧ ਵਿਅਕਤੀਆਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਮੌਕੇ ਕੌਂਸਲ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਸਮੇਤ ਸਿਵਲ ਅਤੇ ਪੁਲਿਸ ਅਧਿਕਾਰੀ ਹਾਜ਼ਰ ਸਨ।

### ਸ਼ਿਵ ਬਟਾਲਵੀ ਨੂੰ ਸਮਰਪਿਤ ਸੰਗੀਤਕ ਸ਼ਾਮ

ਐੱਸਏਐੱਸ ਨਗਰ (ਮੁਹਾਲੀ) , 8 ਮਈ (ਪੱਤਰ ਪ੍ਰੇਰਕ)- ਮੁਹਾਲੀ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਵੱਲੋਂ ਸ਼ਿਵ ਬਟਾਲਵੀ ਦੀ ਬਰਸੀ ਨੂੰ ਸਮਰਪਿਤ ਸੰਗੀਤਕ ਸ਼ਾਮ ਇੱਥੋਂ ਦੇ ਸੈਕਟਰ 71 ਦੇ ਸਮਾਰਟ ਵੰਡਰ ਸਕੂਲ ਵਿਖੇ ਕਰਵਾਈ ਗਈ। ਪ੍ਰੋਗਰਾਮ ਦਾ ਮੁੱਖ ਆਕਰਸ਼ਣ ਉੱਘੇ ਗਾਇਕ ਆਰਡੀ ਕੈਲੇ ਸੀ, ਜਿਨ੍ਹਾਂ ਨੇ ਸ਼ਿਵ ਬਟਾਲਵੀ ਦੇ 70 ਤੋਂ ਵੱਧ ਗੀਤਾਂ ਦੀ ਰਚਨਾ ਕੀਤੀ ਹੈ। ਪ੍ਰੋਗਰਾਮ ਦਾ ਆਗਾਜ਼ ਅਵਤਾਰ ਕੌਰ ਦੇ ਧਾਰਮਿਕ ਸ਼ਬਦ ਨਾਲ ਹੋਇਆ। ਐੱਸਐੱਸ ਨਈਅਰ, ਗੁਲਦੀਪ ਸਿੰਘ, ਆਰਕੇ ਗੁਪਤਾ, ਐੱਸਪੀ ਦੁੱਗਲ, ਡਾ. ਆਈਐੱਸ ਕੰਗ, ਵਿਜੈ ਚਤੁਰਵੇਦੀ, ਨਿਰਮਲਜੀਤ ਸਿੰਘ, ਸ੍ਰੀਮਤੀ ਪ੍ਰੋਮਿਲਾ ਸਿੰਘ ਅਤੇ ਹਰਜਿੰਦਰ ਸਿੰਘ ਨੇ ਖ਼ੂਬਸੂਰਤ ਗੀਤ ਅਤੇ ਗਜ਼ਲਾਂ ਪੇਸ਼ ਕੀਤੇ। ਤਿੰਨ ਸੀਨੀਅਰ ਸਿਟੀਜ਼ਨ ਗਾਇਕਾਂ ਸ਼ਿਵਜੀਤ ਸਿੰਘ ਵਾਲੀਆ, ਹਰਜੀਤ ਸਿੰਘ ਅਤੇ ਮਨਮੋਹਨ ਸਿੰਘ ਨੂੰ ਸੰਗੀਤ ਦੇ ਖੇਤਰ ਵਿੱਚ ਯੋਗਦਾਨ ਲਈ ਸੰਸਥਾ ਵੱਲੋਂ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਹਰਵਿੰਦਰ ਕੌਰ, ਹਰਜਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਬੇਦੀ ਨੇ ਕੀਤਾ।

# ਕਿਸਾਨਾਂ ਨੂੰ ਰੋਕਣ ਲਈ ਪੁਲੀਸ ਛਾਉਣੀ ਬਣਿਆ ਬਨੂੜ ਬੈਰੀਅਰ

## ਕੌਮੀ ਮਾਰਗ ’ਤੇ ਸੈਂਕੜੇ ਪੁਲੀਸ ਕਰਮਚਾਰੀ ਤਾਇਨਾਤ; ਹਰ ਵਾਹਨ ਦੀ ਲਈ ਤਲਾਸ਼ੀ



ਬਨੂੜ, 8 ਮਈ (ਪੱਤਰ ਪ੍ਰੇਰਕ)- ਕਿਸਾਨ-ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ) ਵੱਲੋਂ ਅੱਜ ਸ਼ੰਭੂ ਥਾਣੇ ਦੇ ਘਿਰਾਓ ਦੇ ਸੱਦੇ ਤਹਿਤ ਕਿਸਾਨਾਂ ਨੂੰ ਸ਼ੰਭੂ-ਤੇਪਲਾ ਵੱਲ ਜਾਣ ਤੋਂ ਰੋਕਣ ਲਈ ਪੁਲੀਸ ਵੱਲੋਂ ਬਨੂੜ ਬੈਰੀਅਰ ਉੱਤੇ ਸਾਰਾ ਦਿਨ ਨਾਕੇਬੰਦੀ ਕੀਤੀ ਗਈ। ਨਾਕੇ ਉੱਤੇ ਐਸਪੀ ਟਰੈਫ਼ਿਕ ਪਟਿਆਲਾ ਕ੍ਰਿਸ਼ਨ ਕੁਮਾਰ ਪੈਂਥੇ, ਥਾਣਾ ਬਨੂੜ ਦੇ ਮੁਖੀ ਇੰਸਪੈਕਟਰ ਗੁਰਸੇਵਕ ਸਿੰਘ ਅਤੇ ਟਰੈਫ਼ਿਕ ਪੁਲੀਸ ਬਨੂੜ ਦੇ ਇੰਚਾਰਜ ਮਨਜੀਤ ਸਿੰਘ ਦੀ ਅਗਵਾਈ ਹੇਠ ਤਾਇਨਾਤ 100 ਤੋਂ ਵੱਧ ਪੁਲੀਸ ਕਰਮਚਾਰੀ ਇੱਥੋਂ ਤੇਪਲਾ-ਸ਼ੰਭੂ ਵੱਲ ਜਾਣ ਵਾਲੇ ਹਰ ਵਾਹਨ ਦੀ ਤਲਾਸ਼ੀ ਲੈਂਦੇ ਰਹੇ। ਪੁਲੀਸ ਵੱਲੋਂ ਕੀਤੀ ਸਖ਼ਤ ਨਾਕਾਬੰਦੀ ਦੇ ਨਾਲ ਨਾਲ ਇੱਥੇ ਅੱਧੀ ਦਰਜਨ ਤੋਂ ਵੱਧ ਮਿੱਟੀ ਨਾਲ ਭਰੇ ਹੋਏ ਟਿੱਪਰ ਅਤੇ ਕੰਟੇਨਰ ਵੀ ਖੜ੍ਹਾਏ ਹੋਏ ਸਨ ਤਾਂ ਕਿ ਕਿਸਾਨਾਂ ਦਾ ਰਾਹ ਰੋਕਿਆ ਜਾ ਸਕੇ। ਪੁਲੀਸ ਦੀ ਸਖ਼ਤੀ ਕਾਰਨ ਇਸ ਨਾਕੇ ਤੋਂ ਕੋਈ ਵੀ ਧਰਨਾਕਾਰੀ ਕਿਸਾਨ ਸ਼ੰਭੂ ਵੱਲ ਨਾ ਜਾ ਸਕਿਆ। ਇਸ ਖੇਤਰ ਦੇ ਕੱਲ ਤੋਂ ਰੂਪੋਸ਼ ਹੋਏ ਕਿਸਾਨ ਜਥੇਬੰਦੀਆਂ ਦੇ ਕੁੱਝ ਆਗੂ ਹਰਿਆਣਾ ਦੇ ਗੁਰਦੁਆਰਾ ਮੰਜੀ ਸਾਹਿਬ ਪਹੁੰਚਣ ਵਿਚ ਸਫ਼ਲ ਤਾਂ ਹੋ ਗਏ ਪਰ ਉਨ੍ਹਾਂ ਵਿੱਚੋਂ ਕੋਈ ਵੀ ਸ਼ੰਭੂ ਨਹੀਂ ਪਹੁੰਚ ਸਕਿਆ। ਨਾਕੇ ਉੱਤੇ ਮੌਜੂਦ ਥਾਣਾ ਬਨੂੜ ਦੇ ਮੁਖੀ ਇੰਸਪੈਕਟਰ ਗੁਰਸੇਵਕ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਅਤੇ ਪੁਲੀਸ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਹੁਕਮਾਂ ਉੱਤੇ ਬਨੂੜ ਬੈਰੀਅਰ ਤੇ ਵਿਸ਼ੇਸ਼ ਨਾਕਾ ਲਗਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਕੋਈ ਵੀ ਕਿਸਾਨ ਆਗੂ ਜਾਂ ਧਰਨਾਕਾਰੀ ਨਾਕੇ ਉੱਤੇ ਨਹੀਂ ਪਹੁੰਚਿਆ ਅਤੇ ਸਾਰਾ ਦਿਨ ਮਾਹੌਲ ਸ਼ਾਂਤ ਰਿਹਾ। ਪੁਲੀਸ ਵੱਲੋਂ ਵੱਖ-ਵੱਖ ਪਿੰਡਾਂ ਨੂੰ ਹੋ ਕੇ ਸ਼ੰਭੂ ਵੱਲ ਜਾਂਦੀਆਂ ਪੇਂਡੂ ਸੰਪਰਕ ਸੜਕਾਂ ਉੱਤੇ ਵੀ ਸਾਰਾ ਦਿਨ ਨਿਗਰਾਨੀ ਕੀਤੀ ਜਾਂਦੀ ਰਹੀ। ਸ਼ੰਭੂ ਥਾਣੇ ਦੇ ਘਿਰਾਓ ਵਿਚ ਸ਼ਮੂਲੀਅਤ ਕਰਨ ਵਾਲੀਆਂ ਕਿਸਾਨ ਜਥੇਬੰਦੀਆਂ ਦੇ ਇਸ ਖੇਤਰ ਦੇ ਜ਼ਿਆਦਾਤਰ ਆਗੂਆਂ ਦੇ ਮੋਬਾਈਲ ਫੋਨ ਅੱਜ ਸਾਰਾ ਦਿਨ ਸਵਿੱਚ ਆਫ਼ ਹੀ ਰਹੇ।

### ਪੁਲੀਸ ਨੇ ਸੰਭੂ ਜਾ ਰਹੇ ਕਿਸਾਨਾਂ ਨੂੰ ਰੋਕਿਆ

ਅੰਬਾਲਾ : ਪੁਲੀਸ ਨੇ ਸੰਭੂ ਥਾਣੇ ਦਾ ਘਿਰਾਓ ਕਰਨ ਜਾ ਰਹੇ ਭਾਰਤੀ ਕਿਸਾਨ ਯੂਨੀਅਨ ਸਹੀਦ ਭਗਤ ਸਿੰਘ ਨਾਲ ਸਬੰਧਤ ਕਿਸਾਨਾਂ ਨੂੰ ਸਹਿਰ ਦੇ ਗੁਰਦੁਆਰਾ ਮੰਜੀ ਸਾਹਿਬ ਕੋਲ ਰੋਕ ਲਿਆ। ਇਸ ਦੌਰਾਨ ਕਿਸਾਨਾਂ ਅਤੇ ਪੁਲੀਸ ਵਿਚਕਾਰ ਬਹਿਸ ਅਤੇ ਝੜਪ ਵੀ ਹੋਈ ਪਰ ਭਾਰੀ ਪੁਲੀਸ ਫੋਰਸ ਹੋਣ ਕਰਕੇ ਕਿਸਾਨ ਅੱਗੇ ਨਾ ਵੱਧ ਸਕੇ ਅਤੇ ਪੁਲੀਸ ਨੇ ਉਨ੍ਹਾਂ ਨੂੰ ਕਾਬੂ ਕਰੀ ਰੱਖਿਆ। ਕਿਸਾਨ ਅੰਬਾਲਾ-ਅੰਮ੍ਰਿਤਸਰ ਹਾਈਵੇਅ ਦੀ ਸਰਵਿਸ ਲੇਨ ’ਤੇ ਧਰਨੇ ’ਤੇ ਬੈਠ ਗਏ ਅਤੇ ਲੰਗਰ ਵੀ ਛਕਿਆ। ਉਨ੍ਹਾਂ ਨੇ ਕਈ ਵਾਰ ਮਾਰਚ ਕਰਨ ਦੀ ਕੋਸ਼ਿਸ ਵੀ ਕੀਤੀ ਪਰ ਪੁਲੀਸ ਨੇ ਅੱਗੇ ਨਾ ਵਧਣ ਦਿੱਤਾ। ਸੜਕ ’ਤੇ ਧਰਨਾ ਮਾਰ ਕੇ ਬੈਠੇ ਕਿਸਾਨਾਂ ਦੇ ਆਗੂ ਜੈ ਸਿੰਘ ਜਲਬੇੜਾ ਨੇ ਕਿਹਾ ਕਿ ਪੁਲੀਸ ਜਾਂ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰੇ ਜਾਂ ਫਿਰ ਸ਼ੰਭੂ ਜਾਣ ਦੇਵੇ। ਯੂਨੀਅਨ ਦੇ ਬੁਲਾਰੇ ਤੇਜਵੀਰ ਸਿੰਘ ਪੰਜੋਖਰਾ ਨੇ ਕਿਹਾ ਕਿ ਪੁਲੀਸ ਨਾ ਤਾਂ ਰਾਜਪੁਰੇ ਵੱਲੋਂ ਆਉਣ ਦਿੰਦੀ ਹੈ ਅਤੇ ਨਾ ਹੀ ਅੰਬਾਲਾ ਵੱਲੋਂ ਜਾਣ ਦਿੰਦੀ ਹੈ ਜਿਵੇਂ ਪੰਜਾਬ ਕੋਈ ਹੋਰ ਦੇਸ਼ ਹੋਵੇ। ਸੰਭੂ ਚੌਕੀ ਦੇ ਬਾਹਰ ਦੁਪਹਿਰ 3 ਵਜੇ ਦੇ ਕਰੀਬ ਪ੍ਰਤੀਕਾਤਮਿਕ ਧਰਨੇ ਦਾ ਐਲਾਨ ਹੋਣ ਕਰਕੇ ਪੁਲੀਸ ਦੀ ਕੋਸ਼ਿਸ ਕਿਸਾਨਾਂ ਨੂੰ ਤਿੰਨ ਵਜੇ ਤੱਕ ਰੋਕ ਕੇ ਰੱਖਣ ਦੀ ਸੀ। ਤੇਜਵੀਰ ਸਿੰਘ ਨੇ ਦੱਸਿਆ ਕਿ ਪੁਲੀਸ ਨੇ ਉਨ੍ਹਾਂ ਨੂੰ 4 ਵਜੇ ਛੱਡ ਦਿੱਤਾ।

# ਪਹਿਲਗਾਮ ਹਮਲਾ ਵਹਿਸ਼ੀ ਸੀ, ਪਾਕਿਸਤਾਨ ਨਾਲ ਜੁੜੇ ਸੀ ਤਾਰ: ਮਿਸਰੀ



ਨਵੀਂ ਦਿੱਲੀ, 8 ਮਈ (ਪੱਤਰ ਪ੍ਰੇਰਕ) ਭਾਰਤ ਸਰਕਾਰ ਨੇ ਮੰਗਲਵਾਰ ਨੂੰ ਸਾਫ਼ ਕੀਤਾ ਕਿ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਚ ਹੋਇਆ ਦਹਿਸ਼ਤੀ ਹਮਲਾ ਸਿਰਫ਼ ਇਕ ਹਮਲਾ ਨਹੀਂ ਬਲਕਿ ਇਕ ਸੋਚ ਸਮਝੀ ਸਾਜ਼ਿਸ਼ ਸੀ, ਜਿਸ ਦਾ ਇਕੋ ਇਕ ਮੰਤਵ ਸਮਾਜਿਕ ਸਥਿਰਤਾ, ਫ਼ਿਰਕੂ ਸਦਭਾਵਨਾ ਤੇ ਵਿਕਾਸ ਕਾਰਜਾਂ ਨੂੰ ਅਸਰਅੰਦਾਜ਼ ਕਰਨਾ ਸੀ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ’ਆਪਰੇਸ਼ਨ ਸਿੰਦੂਰ’ ਬਾਰੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਪਹਿਲਗਾਮ ਹਮਲਾ ਦਰਿੰਦਗੀ/ਵਹਿਸ਼ੀਪਣ ਦੀਆਂ ਸਾਰੀਆਂ ਹੱਦਾਂ ਬੰਨ੍ਹੇ ਟੱਪ ਗਿਆ ਸੀ। ਉਨ੍ਹਾਂ ਕਿਹਾ, ”ਇਹ ਹਮਲਾ ਸਿਰਫ਼ ਬੇਦੋਸ਼ੇ ਨਾਗਰਿਕਾਂ ’ਤੇ ਨਹੀਂ, ਬਲਕਿ ਇਹ ਜੰਮੂ ਕਸ਼ਮੀਰ ਦੀ ਉਸ ਸ਼ਾਂਤੀ ਤੇ ਵਿਕਾਸ ਅਮਲ ’ਤੇ ਸਿੱਧਾ ਹਮਲਾ ਸੀ, ਜਿਸ ਨੂੰ ਸਾਲਾਂ ਦੀ ਮਿਹਨਤ ਨਾਲ ਸਥਾਪਿਤ ਕੀਤਾ ਗਿਆ ਹੈ।” ਮਿਸਰੀ ਨੇ ਵੱਡਾ ਖੁਲਾਸਾ ਕਰਦੇ ਹੋਏ ਕਿਹਾ ਕਿ ਸਾਡੇ ਖੁਫ਼ੀਆ ਤੰਤਰ ਨੇ ਇਸ ਹਮਲੇ ਵਿਚ ਸ਼ਾਮਲ ਅਤਿਵਾਦੀਆਂ ਤੇ ਸਾਜ਼ਿਸ਼ਘਾੜਿਆਂ ਦੀ ਪਛਾਣ ਕਰ ਲਈ ਹੈ। ਉਨ੍ਹਾਂ ਕਿਹਾ ਕਿ ਜਾਂਚ ਵਿਚ ਪਾਕਿਸਤਾਨ ਨਾਲ ਜੁੜੇ ਤਾਰਾਂ ਦਾ ਖੁਲਾਸਾ ਹੋਇਆ ਹੈ, ਜੋ ਇਸ ਹਮਲੇ ਦੀ ਸਾਜ਼ਿਸ਼ ਘੜਨ ਦੇ ਨਾਲ ਇਸ ਨੂੰ ਅੰਜਾਮ ਦੇ ਰਹੇ ਸਨ। ਵਿਦੇਸ਼ ਸਕੱਤਰ ਨੇ ਕਿਹਾ, ”ਇਸ ਹਮਲੇ ਦਾ ਮੰਤਵ ਜੰਮੂ ਕਸ਼ਮੀਰ ਵਿਚ ਫਿਰਕੂ ਤਣਾਅ ਪੈਦਾ ਕਰਨਾ ਸੀ, ਵਿਸ਼ੇਸ਼ ਕਰਕੇ ਉਦੋਂ ਜਦੋਂ ਸਮਾਜਿਕ ਸਥਿਰਤਾ, ਫ਼ਿਰਕੂ ਸਦਭਾਵਨਾ ਤੇ ਆਰਥਿਕ ਤਰੱਕੀ ਦੇ ਸੰਕੇਤ ਦਿਸਣ ਲੱਗੇ ਸਨ। ਉਨ੍ਹਾਂ ਕਿਹਾ ਕਿ ਦਹਿਸ਼ਤਗਰਦਾਂ ਨੇ ਵਿਸ਼ੇਸ਼ ਤੌਰ ’ਤੇ ਅਕੀਦਾ ਪੁੱਛ ਕੇ ਲੋਕਾਂ ਨੂੰ ਨਿਸ਼ਾਨਾ ਬਣਾਇਆ, ਜਿਸ ਤੋਂ ਉਨ੍ਹਾਂ ਦੇ ਇਰਾਦੇ ਸਾਫ਼ ਝਲਕਦੇ ਹਨ। ਮਿਸਰੀ ਨੇ ’ਆਪਰੇਸ਼ਨ ਸਿੰਦੂਰ’ ਨੂੰ ਲੈ ਕੇ ਕਿਹਾ ਕਿ ਇਹ ਸਿਰਫ਼ ਇੱਕ ਫ਼ੌਜੀ ਕਾਰਵਾਈ ਨਹੀਂ, ਸਗੋਂ ਇੱਕ ਠੋਸ ਸੰਦੇਸ਼ ਹੈ ਕਿ ਭਾਰਤ ਦਹਿਸ਼ਤਗਰਦੀ ਵਿਰੁੱਧ ਕਿਸੇ ਵੀ ਪੱਧਰ ’ਤੇ ਜਵਾਬ ਦੇਣ ਵਿੱਚ ਸਮਰੱਥ ਅਤੇ ਤਿਆਰ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਸਿਰਫ਼ ਦਹਿਸ਼ਤੀ ਟਿਕਾਣਿਆਂ ਨੂੰ ਹੀ ਨਿਸ਼ਾਨਾ ਬਣਾਇਆ ਅਤੇ ਇਹ ਕਾਰਵਾਈ ਸਟੀਕ, ਸੰਜਮੀ ਤੇ ਨਿਆਂਸੰਗਤ ਰਹੀ।

# ਗੁਰਦੁਆਰੇ ਦੇ ਰਾਗੀ ਸਿੰਘ ਸਣੇ 3 ਸਿੱਖਾਂ ਦੀ ਮੌਤ ਲਈ ਪਾਕਿਸਤਾਨ ਦੀ ਆਲੋਚਨਾ

ਨਵੀਂ ਦਿੱਲੀ, 8 ਮਈ (ਪੱਤਰ ਪ੍ਰੇਰਕ) ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤੀ ਫੌਜ ਵੱਲੋਂ ਅੱਜ ਸਫਲਤਾਪੂਰਵਕ ਮੁਕੰਮਲ ਕੀਤੇ ਅਪਰੇਸਨ ਸਿੰਧੂਰ ਤੋਂ ਬਾਅਦ ਬੁਖਲਾਏ ਪਾਕਿਸਤਾਨ ਵੱਲੋਂ ਜੰਮੂ-ਕਸਮੀਰ ਦੇ ਪੁਣਛ ਸੈਕਟਰ ਵਿਚ ਗੋਲਾਬਾਰੀ ਕਰ ਕੇ ਗੁਰਦੁਆਰੇ ਦੇ ਰਾਗੀ ਸਿੰਘ ਸਣੇ ਤਿੰਨ ਸਿੱਖਾਂ ਨੂੰ ਸਹੀਦ ਕਰਨ ਦੀ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਜੇ ਪਾਕਿਸਤਾਨ ਫੌਜ ਵਿਚ ਜਿਗਰਾ ਹੈ ਤਾਂ ਉਹ ਭਾਰਤੀ ਫੌਜ ਨਾਲ ਮੱਥਾ ਲਾਵੇ ਨਾ ਕਿ ਨਿਰਦੋਸ ਤੇ ਮਾਸੂਮ ਆਮ ਸਿਵਲ ਨਾਗਰਿਕਾਂ ਨੂੰ ਆਪਣਾ ਨਿਸਾਨਾ ਬਣਾਵੇ। ਇਥੇ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਭਾਰਤੀ ਫੌਜ ਨੇ ਅੱਜ ਅਪਰੇਸਨ ਸਿੰਧੂਰ ਤਹਿਤ ਕਿਸੇ ਵੀ ਪਾਕਿਸਤਾਨੀ ਨਾਗਰਿਕ ਠਿਕਾਣੇ ਤੇ ਫੌਜੀ ਠਿਕਾਣੇ ਨੂੰ ਨਿਸਾਨਾ ਨਹੀਂ ਬਣਾਇਆ ਸਗੋਂ ਸਿਰਫ ਅਤਿਵਾਦੀ ਕੇਂਦਰਾਂ ਨੂੰ ਆਪਣਾ ਨਿਸਾਨਾ ਬਣਾਇਆ ਹੈ ਜਿਸ ਵਿਚ ਵੱਡੀ ਗਿਣਤੀ ਵਿਚ ਪਾਕਿਸਤਾਨੀ ਅਤਿਵਾਦੀ ਮਾਰੇ ਗਏ ਹਨ। ਉਨ੍ਹਾਂ ਕਿਹਾ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਭਾਰਤੀ ਫੌਜ ਦੀ ਇਸ ਕਾਰਵਾਈ ਤੋਂ ਬੁਖਲਾਹਟ ਵਿਚ ਆਈ ਪਾਕਿਸਤਾਨੀ ਫੌਜ ਨੇ ਭਾਰਤ ਦੇ ਸਿਵਲ ਨਾਗਰਿਕ ਠਿਕਾਣਿਆਂ ’ਤੇ ਗੋਲਾਬਾਰੀ ਤੇਜ ਕਰ ਦਿੱਤੀ। ਇਸ ਕਾਰਨ ਪੁਣਛ ਵਿਚ ਗੁਰਦੁਆਰੇ ਦੇ ਰਾਗੀ ਸਿੰਘ ਸਣੇ ਤਿੰਨ ਸਿੱਖਾਂ ਦੀ ਮੌਤ ਹੋ ਗਈ। ਇਨ੍ਹਾਂ ਤਿੰਨਾਂ ਤੋਂ ਇਲਾਵਾ 7 ਹੋਰ ਸਿਵਲ ਨਾਗਰਿਕ ਵੀ ਮੌਤ ਦੇ ਮੂੰਹ ਵਿਚ ਜਾ ਪਏ ਹਨ ਜਿਨ੍ਹਾਂ ਵਿਚ ਦੋ ਬੱਚੇ ਵੀ ਸਾਮਲ ਹਨ। ਉਨ੍ਹਾਂ ਕਿਹਾ ਕਿ ਜੰਗ ਲੜਨਾ ਫੌਜਾਂ ਦਾ ਕੰਮ ਹੁੰਦਾ ਹੈ ਤੇ ਇਸ ਵਿਚ ਆਮ ਨਾਗਰਿਕ ਨੂੰ ਨਿਸਾਨਾ ਨਹੀਂ ਬਣਾਇਆ ਜਾਣਾ ਚਾਹੀਦਾ।

# ਆਪਰੇਸ਼ਨ ਸਿੰਦੂਰ ਲਈ ਜਾਰੀ ਅਲਰਟ ਦਰਮਿਆਨ ਏਅਰ ਇੰਡੀਆ ਦੀ ਉਡਾਣ ’ਚੋਂ ਯਾਤਰੀ ਨੂੰ ਉਤਾਰਿਆ



ਬੰਗਲੂਰੂ, 8 ਮਈ (ਪੱਤਰ ਪ੍ਰੇਰਕ) ਦੇਸ ਭਰ ਵਿੱਚ ਜਾਰੀ ਸਖਤ ਸੁਰੱਖਿਆ ਅਲਰਟ ਦਰਮਿਆਨ ਬੁੱਧਵਾਰ ਸਾਮ ਨੂੰ ਇਥੇ ਕੈਂਪੇਗੌੜਾ ਕੌਮਾਂਤਰੀ ਹਵਾਈ ਅੱਡੇ (ਕੇਆਈਏ) ’ਤੇ ਏਅਰ ਇੰਡੀਆ ਦੀ ਉਡਾਣ ’ਚੋਂ ਇੱਕ ਯਾਤਰੀ ਨੂੰ ਉਤਾਰਿਆ ਗਿਆ ਹੈ। ਹਵਾਈ ਅੱਡੇ ਵਿਚਲੇ ਸੂਤਰਾਂ ਨੇ ਕਿਹਾ ਕਿ ਇਹ ਯਾਤਰੀ ਏਅਰ ਇੰਡੀਆ ਦੀ ਬੰਗਲੂਰੂ ਤੋਂ ਨਵੀਂ ਦਿੱਲੀ ਉਡਾਣ ਏਆਈ-2820 ਵਿਚ ਸਫ਼ਰ ਕਰ ਰਿਹਾ ਸੀ। ਇਸ ਤੋਂ ਪਹਿਲਾਂ ਕਿ ਫਲਾਈਟ ਸ਼ਾਮੀਂ 6:05 ਵਜੇ ਉਡਾਣ ਭਰਦੀ ਯਾਤਰੀ, ਜਿਸ ਦੀ ਪਛਾਣ ਗੁਪਤ ਰੱਖੀ ਗਈ ਹੈ, ਨੂੰ ਸੁਰੱਖਿਆ ਕਾਰਨਾਂ ਦੇ ਹਵਾਲੇ ਨਾਲ ਜਹਾਜ਼ ਤੋਂ ਹੇਠਾਂ ਉਤਾਰ ਲਿਆ ਗਿਆ। ਏਅਰ ਇੰਡੀਆ ਦੇ ਅਧਿਕਾਰੀ ਨੇ ਇਸ ਘਟਨਾ ਦੀ ਪੁਸ਼ਟੀ ਕਰਦੇ ਹੋਏ ਇਸ ਖ਼ਬਰ ਏਜੰਸੀ ਨੂੰ ਦੱਸਿਆ, ”ਅਸੀਂ ਇਸ ਪੂਰੀ ਘਟਨਾ ਤੋਂ ਜਾਣੂ ਹਾਂ, ਪਰ ਇਸ ਬਾਰੇ ਵੇਰਵੇ ਸਾਂਝੇ ਨਹੀਂ ਕਰਾਂਗੇ। ਯਾਤਰੀ ਨੂੰ ਜਹਾਜ਼ ’ਚੋਂ ਉਤਾਰਨ ਦੀ ਕੋਈ ਵਜ੍ਹਾ ਹੋਵੇਗੀ। ਅਜਿਹਾ ਆਮ ਕਰਕੇ ਨਹੀਂ ਹੁੰਦਾ। ਕੁਝ ਕਾਰਨ ਹਨ ਜਿਨ੍ਹਾਂ ਬਾਰੇ ਅਸੀਂ ਨਹੀਂ ਦੱਸ ਸਕਦੇ।” ਆਪਰੇਸ਼ਨ ਸਿੰਦੂਰ ਦੇ ਚਲਦਿਆਂ ਪੂਰੇ ਦੇਸ਼ ਵਿਚ ਹਵਾਈ ਅੱਡਿਆਂ ’ਤੇ ਜਾਰੀ ਅਲਰਟ ਦੇ ਮੱਦੇਨਜ਼ਰ ਬੰਗਲੂਰੂ ਹਵਾਈ ਅੱਡੇ ’ਤੇ ਵੀ ਸੁਰੱਖਿਆ ਵਧਾਈ ਗਈ ਹੈ।

# ਜਥੇਦਾਰ ਗੜਗੱਜ ਵੱਲੋਂ ਦੋਵੇਂ ਮੁਲਕਾਂ ਦੀਆਂ ਸਰਕਾਰਾਂ ਨੂੰ ਸ਼ਾਂਤੀ ਬਹਾਲੀ ਯਤਨ ਕਰਨ ਦੀ ਅਪੀਲ



ਅੰਮ੍ਰਿਤਸਰ, 8 ਮਈ (ਪੱਤਰ ਪ੍ਰੇਰਕ) ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਤੇ ਪਾਕਿਸਤਾਨ ਵਿਚਕਾਰ ਪੈਦਾ ਹੋਈ ਤਲਖ਼ੀ ਅਤੇ ਇੱਕ ਦੂਜੇ ਉੱਤੇ ਕੀਤੇ ਗਏ ਹਮਲਿਆਂ ਦੌਰਾਨ ਕਸ਼ਮੀਰ ਦੇ ਪੁਣਛ ਖੇਤਰ ਵਿੱਚ ਮਾਰੇ ਗਏ ਸਿੱਖਾਂ ਤੇ ਹੋਰ ਲੋਕਾਂ ਅਤੇ ਗੁਰਦੁਆਰਾ ਸਾਹਿਬ ਉੱਤੇ ਕੀਤੇ ਗਏ ਹਮਲੇ ਦੀ ਕਾਰਵਾਈ ਦੀ ਕਰੜੀ ਨਿੰਦਾ ਕੀਤੀ ਹੈ। ਜਥੇਦਾਰ ਨੇ ਕਿਹਾ ਕਿ ਭਾਰਤ ਵੱਲੋਂ ਕੀਤੇ ਗਏ ਅਪਰੇਸ਼ਨ ਸਿੰਦੂਰ (+ਬਕਗ਼ਵਜਰਅ ਛਜਅਦਰਰਗ) ਦੇ ਜਵਾਬੀ ਹਮਲੇ ਵਿੱਚ ਪਾਕਿਸਤਾਨ ਵੱਲੋਂ ਪੁਣਛ ਵਿਚ ਕੀਤੀ ਗਈ ਗੋਲਾਬਾਰੀ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੇਂਦਰੀ ਉੱਤੇ ਹਮਲਾ ਕੀਤਾ ਗਿਆ ਹੈ। ਪੁਣਛ ਵਿਖੇ ਹੋਏ ਹਮਲਿਆਂ ਦੌਰਾਨ ਤਿੰਨ ਗੁਰਸਿੱਖ - ਭਾਈ ਅਮਰੀਕ ਸਿੰਘ ਰਾਗੀ, ਅਮਰਜੀਤ ਸਿੰਘ ਸਾਬਕਾ ਫੌਜੀ ਅਤੇ ਰਣਜੀਤ ਸਿੰਘ ਸਥਾਨਕ ਦੁਕਾਨਦਾਰ ਮਾਰੇ ਗਏ ਹਨ। ਇਸ ਤੋਂ ਇਲਾਵਾ ਮਾਨਕੋਟ ਖੇਤਰ ਵਿੱਚ ਇੱਕ ਸਿੱਖ ਬੀਬੀ ਰੂਬੀ ਕੌਰ ਦੇ ਮਾਰੇ ਜਾਣ ਦੀ ਖ਼ਬਰ ਹੈ। ਇਸ ਦੌਰਾਨ ਪੁਣਛ ਵਿਖੇ ਹੋਰ ਲੋਕਾਂ ਦੇ ਮਾਰੇ ਜਾਣ ਦੀ ਗੱਲ ਵੀ ਸਾਹਮਣੇ ਆਈ ਹੈ। ਜਥੇਦਾਰ ਨੇ ਪੁਣਛ ਵਿਖੇ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਲਈ ਅਰਦਾਸ ਵੀ ਕੀਤੀ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਤੁਰੰਤ ਸ਼ਾਂਤੀ ਬਹਾਲ ਕਰਨ ਲਈ ਸੰਜੀਦਾ ਯਤਨ ਕਰਨੇ ਚਾਹੀਦੇ ਹਨ। ਜੰਗ ਹਮੇਸ਼ਾ ਹੀ ਮਨੁੱਖਤਾ ਦਾ ਵੱਡਾ ਘਾਣ ਕਰਦੀ ਹੈ, ਜਿਸ ਵਿੱਚ ਬੇਗੁਨਾਹ ਲੋਕ ਵੀ ਵੱਡੀ ਗਿਣਤੀ ਵਿੱਚ ਮਾਰੇ ਜਾਂਦੇ ਹਨ। ਇਸ ਲਈ ਮੌਜੂਦਾ ਸਥਿਤੀ ਨੂੰ ਸ਼ਾਂਤੀਪੂਰਵਕ ਕਰਨ ਲਈ ਵੱਧ ਤੋਂ ਵੱਧ ਯਤਨ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਦੋਵੇ ਦੇਸ਼ਾਂ ਨੇ 1947 ਤੋਂ ਲੈ ਕੇ ਹੁਣ ਤੱਕ ਆਪਸੀ ਕੁੜੱਤਣ ਕਾਰਨ ਵੱਡੇ ਨੁਕਸਾਨ ਝੱਲੇ ਹਨ, ਜਿਸ ਵਿੱਚ ਖ਼ਾਸਕਰ ਪੰਜਾਬ ਅਤੇ ਜੰਮੂ ਕਸ਼ਮੀਰ ਦੇ ਹਿੰਦੂਆਂ ਤੇ ਸਿੱਖਾਂ ਦਾ ਵੱਡਾ ਨੁਕਸਾਨ ਹੋਇਆ ਹੈ। ਜਥੇਦਾਰ ਨੇ ਕਿਹਾ ਕਿ ਬਾਰਡਰ ਉੱਤੇ ਵੱਸਦੇ ਲੋਕ ਇਸ ਤਣਾਅ ਵਾਲੀ ਸਥਿਤੀ ਵਿੱਚ ਇੱਕ ਦੂਜੇ ਦਾ ਸਾਥ ਦੇਣ ਅਤੇ ਗੁਰਬਾਣੀ ਦਾ ਓਟ ਆਸਰਾ ਲੈ ਕੇ ਹੌਸਲਾ ਬਣਾਈ ਰੱਖਣ ਅਤੇ ਸ਼ਾਂਤੀ ਬਹਾਲੀ ਲਈ ਗੁਰੂ ਚਰਨਾਂ ’ਚ ਅਰਦਾਸ ਕਰਨ। ਜਥੇਦਾਰ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਇਸ ਖੇਤਰ ਅੰਦਰ ਹਮੇਸ਼ਾ ਅਮਨ-ਸ਼ਾਂਤੀ ਕਾਇਮ ਰਹੇ।

# ਭਾਰਤ ਨੇ ਪਾਕਿਸਤਾਨ ਦੇ ਵੱਡੇ ਡਰੋਨ ਮਿਜ਼ਾਈਲ ਹਮਲਿਆਂ ਨੂੰ ਕੀਤਾ ਨਾਕਾਮ-ਸਰਕਾਰੀ ਦਾਅਵਾ

ਨਵੀਂ ਦਿੱਲੀ, 8 ਮਈ (ਪੱਤਰ ਪ੍ਰੇਰਕ)-ਪਾਕਿਸਤਾਨ ਨੇ ਭਾਰਤ ਵਿੱਚ 15 ਥਾਵਾਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਭਾਰਤੀ ਫੌਜ ਨੇ ਇਨ੍ਹਾਂ ਸਾਰੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ ਹੈ। ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਦੇ ਇਸ ਹਮਲੇ ਨੂੰ ਰੋਕਣ ਲਈ ਪਹਿਲੀ ਵਾਰ -400 ਮਿਜ਼ਾਈਲ ਰੱਖਿਆ ਪ੍ਰਣਾਲੀ (ਭਾਰਤੀ ਹਵਾਈ ਸੈਨਾ -400 ਸੁਦਰਸ਼ਨ ਚੱਕਰ ਹਵਾਈ ਰੱਖਿਆ ਮਿਜ਼ਾਈਲ ਪ੍ਰਣਾਲੀਆਂ) ਦੀ ਵਰਤੋਂ ਕੀਤੀ ਹੈ। ਭਾਰਤੀ ਫੌਜ ਵੱਲੋਂ ਹਾਰਪੀ ਡਰੋਨ ਦੀ ਵਰਤੋਂ ਕੀਤੀ ਗਈ ਹੈ ਅਤੇ ਹਰ ਹਮਲੇ ਨੂੰ ਨਾਕਾਮ ਕੀਤਾ ਗਿਆ ਹੈ। ਪਾਕਿਸਤਾਨ ਨੇ ਡਰੋਨ ਅਤੇ ਮਿਜ਼ਾਈਲਾਂ ਰਾਹੀਂ ਭਾਰਤ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਭਾਰਤੀ ਸੁਰੱਖਿਆ ਬਲਾਂ ਨੇ ਇਨ੍ਹਾਂ ਸਾਰੇ ਹਮਲਿਆਂ ਨੂੰ ਸਫਲਤਾਪੂਰਵਕ ਨਾਕਾਮ ਕਰ ਦਿੱਤਾ। ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਆਦਮਪੁਰ, ਬਠਿੰਡਾ, ਫਲੋਦੀ, ਅਵੰਤੀਪੋਰਾ, ਸ੍ਰੀਨਗਰ, ਜੰਮੂ ਅਤੇ ਪਠਾਨਕੋਟ ਵਰਗੇ ਫੌਜੀ ਠਿਕਾਣਿਆਂ 'ਤੇ ਹਮਲੇ ਕਰਨ ਦੀ ਕੋਸ਼ਿਸ਼ ਕੀਤੀ ਗਈ। ਦੱਸਿਆ ਜਾ ਰਿਹਾ ਹੈ ਕਿ ਪਾਕਿਸਤਾਨ ਨੇ ਪੂਰੀ ਰਾਤ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਭਾਰਤ ਨੇ ਹਰ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ। ਇਸ ਤੋਂ ਇਲਾਵਾ, (ਕੰਟਰੋਲ ਰੇਖਾ) 'ਤੇ ਪਾਕਿਸਤਾਨ ਵੱਲੋਂ ਕੀਤੀ ਜਾ ਰਹੀ ਗੋਲੀਬਾਰੀ ਨੂੰ ਵੀ ਕਾਫ਼ੀ ਹੱਦ ਤੱਕ ਰੋਕਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਭਾਰਤੀ ਫੌਜ ਨੇ ਲਾਹੌਰ ਵਿੱਚ ਇੱਕ ਹਵਾਈ ਰੱਖਿਆ ਪ੍ਰਣਾਲੀ ਨੂੰ ਅਯੋਗ ਕਰ ਦਿੱਤਾ ਹੈ। ਪਾਕਿਸਤਾਨ ਨੇ ਜੰਮੂ-ਕਸ਼ਮੀਰ ਦੇ ਕੁਪਵਾੜਾ, ਬਾਰਾਮੂਲਾ, ਉੜੀ, ਪੁੰਛ, ਮੇਂਢਰ ਅਤੇ ਰਾਜੌਰੀ ਸੈਕਟਰਾਂ ਵਿੱਚ ਕੰਟਰੋਲ ਰੇਖਾ ਦੇ ਪਾਰ ਮੋਰਟਾਰ ਅਤੇ ਭਾਰੀ ਤੋਪਖਾਨੇ ਦੀ ਵਰਤੋਂ ਕਰਕੇ ਭਾਰੀ ਗੋਲੀਬਾਰੀ ਕੀਤੀ ਪਰ ਭਾਰਤ ਨੇ ਢੁਕਵਾਂ ਜਵਾਬ ਦਿੱਤਾ। ਜਾਣਕਾਰੀ ਅਨੁਸਾਰ ਰਾਜਸਥਾਨ ਦੇ ਜੋਧਪੁਰ ਜ਼ਿਲ੍ਹੇ ਦੇ ਫਲੋਦੀ ਵਿੱਚ ਪਾਕਿਸਤਾਨ ਦੇ ਇਰਾਦਿਆਂ ਨੂੰ ਨਾਕਾਮ ਕਰ ਦਿੱਤਾ ਗਿਆ। ਕੱਲ੍ਹ ਰਾਤ 10:15 ਵਜੇ ਬਲੈਕਆਊਟ ਮੌਕ ਡ੍ਰਿਲ ਦੌਰਾਨ, ਪਾਕਿਸਤਾਨ ਵਿੱਚ ਫਲੋਦੀ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਜਿਸ ਨੂੰ ਨਾਕਾਮ ਕਰ ਦਿੱਤਾ ਗਿਆ। ਰੱਖਿਆ ਮੰਤਰਾਲੇ ਨੇ ਕਿਹਾ, "ਭਾਰਤ ਦਾ ਜਵਾਬ ਪਾਕਿਸਤਾਨ ਦੀਆਂ ਬਿਨਾਂ ਭੜਕਾਹਟ ਵਾਲੀਆਂ ਕਾਰਵਾਈਆਂ ਵਾਂਗ ਹੀ ਤੀਬਰਤਾ ਨਾਲ ਦਿੱਤਾ ਗਿਆ ਹੈ। ਭਾਰਤੀ ਹਥਿਆਰਬੰਦ ਸੈਨਾਵਾਂ ਦੇਸ਼ ਦੀ ਰੱਖਿਆ ਅਤੇ ਸਾਡੀਆਂ ਸਰਹੱਦਾਂ ਦੀ ਪਵਿੱਤਰਤਾ ਨੂੰ ਬਣਾਈ ਰੱਖਣ ਲਈ ਪੂਰੀ ਤਰ੍ਹਾਂ ਤਿਆਰ ਹਨ।" ਵਧਦੀ ਦੁਸ਼ਮਣੀ ਦੇ ਮੱਦੇਨਜ਼ਰ ਉੱਤਰੀ ਅਤੇ ਪੱਛਮੀ ਭਾਰਤ ਵਿੱਚ ਸੁਰੱਖਿਆ ਬਲਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ।



### ਭਾਰਤ ਨੇ ਲਾਹੌਰ ਵਿੱਚ 'ਏਅਰ ਡਿਫੈਂਸ ਸਿਸਟਮ' ਨੂੰ ਕੀਤਾ ਤਬਾਹ, ਪਾਕਿਸਤਾਨ ਦੇ ਹਮਲਿਆਂ ਨੂੰ ਵੀ ਕੀਤਾ ਨਾਕਾਮ

ਚੰਡੀਗੜ੍ਹ, 8 ਮਈ (ਪੱਤਰ ਪ੍ਰੇਰਕ)-ਭਾਰਤ ਦੇ ਆਪ੍ਰੇਸ਼ਨ ਸਿੰਦੂਰ ਤੋਂ ਪਰੇਸ਼ਾਨ ਅਤੇ ਨਿਰਾਸ਼ ਪਾਕਿਸਤਾਨ ਨੇ ਬੁੱਧਵਾਰ ਰਾਤ ਨੂੰ ਜੰਮੂ-ਕਸਮੀਰ ਤੋਂ ਗੁਜਰਾਤ ਤੱਕ ਘੱਟੋ-ਘੱਟ 15 ਸਹਿਰਾਂ ਵਿੱਚ ਫੌਜੀ ਟਿਕਾਣਿਆਂ ਨੂੰ ਮਿਜਾਈਲਾਂ ਅਤੇ ਡਰੋਨਾਂ ਨਾਲ ਨਿਸਾਨਾ ਬਣਾਉਣ ਦੀ ਕੋਸ?ਿਸ ਕੀਤੀ, ਜਿਸ ਨੂੰ ਭਾਰਤ ਦੇ ਹਵਾਈ ਰੱਖਿਆ ਪ੍ਰਣਾਲੀ ਨੇ ਪੂਰੀ ਤਰ੍ਹਾਂ ਨਾਕਾਮ ਕਰ ਦਿੱਤਾ ਅਤੇ ਜਵਾਬੀ ਕਾਰਵਾਈ ਵਿੱਚ ਲਾਹੌਰ ਦੀ ਹਵਾਈ ਰੱਖਿਆ ਪ੍ਰਣਾਲੀ ਨੂੰ ਤਬਾਹ ਕਰ ਦਿੱਤਾ ਗਿਆ। ਰੱਖਿਆ ਮੰਤਰਾਲੇ ਨੇ ਵੀਰਵਾਰ ਨੂੰ ਇੱਥੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ 7 ਅਤੇ 8 ਮਈ ਦੀ ਵਿਚਕਾਰਲੀ ਰਾਤ ਨੂੰ, ਪਾਕਿਸਤਾਨ ਨੇ ਉੱਤਰੀ ਅਤੇ ਪੱਛਮੀ ਭਾਰਤ ਵਿੱਚ ਮਿਜਾਈਲਾਂ ਅਤੇ ਡਰੋਨਾਂ ਨਾਲ ਕਈ ਫੌਜੀ ਠਿਕਾਣਿਆਂ ਨੂੰ ਨਿਸਾਨਾ ਬਣਾਉਣ ਦੀ ਕੋਸ?ਿਸ ਕੀਤੀ, ਜਿਨ੍ਹਾਂ ਵਿੱਚ ਅਵੰਤੀਪੁਰਾ, ਸ੍ਰੀਨਗਰ, ਜੰਮੂ, ਪਠਾਨਕੋਟ, ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਆਦਮਪੁਰ, ਬਠਿੰਡਾ, ਚੰਡੀਗੜ੍ਹ, ਨਲ ਫਲੋਦੀ, ਉਤਰਲਾਈ ਅਤੇ ਭੁਜ ਸਾਮਲ ਹਨ। ਪਾਕਿਸਤਾਨੀ ਮਿਜਾਈਲ ਅਤੇ ਡਰੋਨ ਨੂੰ ਭਾਰਤ ਦੇ ਏਕੀਕ੍ਰਿਤ ਹਵਾਈ ਰੱਖਿਆ ਪ੍ਰਣਾਲੀਆਂ ਦੁਆਰਾ ਤਬਾਹ ਕਰ ਦਿੱਤਾ ਗਿਆ।

# ਪੰਜਾਬ ਦੇ ਸਿਹਤ ਮੰਤਰੀ ਦਾ ਵੱਡਾ ਐਕਸ਼ਨ ! ਸਕੂਲੀ ਬੱਸਾਂ ਅਤੇ ਟਿੱਪਰਾਂ ਲਈ ਸਖ਼ਤ ਹੁਕਮ ਜਾਰੀ

ਪਟਿਆਲਾ, 8 ਮਈ (ਪੱਤਰ ਪ੍ਰੇਰਕ)-ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਹੈ ਕਿ ਟਿੱਪਰਾਂ ਤੇ ਸਕੂਲ ਬੱਸਾਂ ਵੱਲੋਂ ਸਪੀਡ ਲਿਮਿਟ ਦੀ ਉਲੰਘਣਾ ਕਰਨ 'ਤੇ ਜ਼ੀਰੋ ਟਾਲਰੈਂਸ ਦੀ ਨੀਤੀ ਸਖ਼ਤੀ ਨਾਲ ਆਪਣਾਈ ਜਾਵੇ। ਬੀਤੇ ਦਿਨ ਸਮਾਣਾ ਦੇ ਸਕੂਲੀ ਬੱਚਿਆਂ ਦੀ ਭਿਆਨਕ ਸੜਕ ਹਾਦਸੇ ਵਿੱਚ ਮੌਤ ਦਾ ਗੰਭੀਰ ਨੋਟਿਸ ਲੈਂਦਿਆਂ ਸਿਹਤ ਮੰਤਰੀ ਨੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐਸ.ਪੀ. ਵੈਭਵ ਚੌਧਰੀ, ਆਰ.ਟੀ.ਏ ਨਮਨ ਮਾਰਕੰਨ ਸਮੂਹ ਐਸ.ਡੀ.ਐਮਜ ਤੇ ਡੀ.ਐਸ.ਪੀ. ਟ੍ਰੈਫਿਕ ਸਮੇਤ ਹੋਰ ਹੋਰ ਸਬੰਧਤ ਵਿਭਾਗਾਂ ਨਾਲ ਸੜਕ ਸੁਰੱਖਿਆ ਬਾਰੇ ਇੱਕ ਅਹਿਮ ਬੈਠਕ ਕੀਤੀ। ਮੀਟਿੰਗ ਦੌਰਾਨ ਨੰਨ੍ਹੇ-ਮੁੰਨ੍ਹੇ ਬੱਚਿਆਂ ਦੀ ਮੌਤ ਦਾ ਸੋਗ ਮਨਾਉਂਦੇ ਹੋਏ ਦੋ ਮਿੰਟ ਦਾ ਮੌਨ ਰੱਖਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਡਾ. ਬਲਬੀਰ ਸਿੰਘ ਨੇ ਮੀਟਿੰਗ ਦੌਰਾਨ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਇਸ ਗੱਲੋਂ ਵਚਨਬੱਧ ਹੈ ਕਿ ਸਕੂਲ ਵਾਹਨ ਸੁਰੱਖਿਆ ਮਾਪਦੰਡਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ, ਇਸ ਲਈ ਟਿੱਪਰਾਂ ਦੀ ਸਪੀਡ ਸੜਕਾਂ ਉਪਰ ਚੱਲਣ ਸਮੇਂ 60 ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਤੋਂ ਬਿਨ੍ਹਾਂ ਹਰੇਕ ਟਿੱਪਰ ਵਿੱਚ ਸਪੀਡ ਗਵਰਨਰ ਲੱਗਿਆ ਹੋਵੇ ਤੇ ਸਕੂਲੀ ਬੱਸਾਂ ਵੱਲੋਂ ਵੀ ਸੇਫ਼ ਸਕੂਲ ਵਾਹਨ ਨੀਤੀ ਮੁਤਾਬਕ ਇੱਕ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਸਿਹਤ ਮੰਤਰੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਨੂੰ ਹਦਾਇਤ ਕੀਤੀ ਕਿ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਸਵੇਰੇ ਸਕੂਲ ਲੱਗਣ ਸਮੇਂ ਅਤੇ ਦੁਪਹਿਰ ਸਕੂਲਾਂ ਦੀ ਛੁੱਟੀ ਦੇ ਸਮੇਂ ਦੌਰਾਨ ਸੜਕਾਂ ਉਪਰ ਟਿੱਪਰ ਨਾ ਚੱਲਣ ਅਤੇ ਜੇਕਰ ਕੋਈ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਲਈ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੀ ਮਿਲੀਭੁਗਤ ਸਾਹਮਣੇ ਆਈ ਤਾਂ ਸਰਕਾਰ ਉਸਨੂੰ ਵੀ ਨਹੀਂ ਬਖ਼ਸ਼ੇਗੀ। ਉਨ੍ਹਾਂ ਟ੍ਰੈਫਿਕ ਪੁਲਿਸ, ਟਰਾਂਸਪੋਰਟ ਤੇ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਸਾਰੇ ਟਿੱਪਰ ਤੇ ਟਰੱਕ ਡਰਾਇਵਰਾਂ ਸਮੇਤ ਸਕੂਲੀ ਬੱਸਾਂ ਦੇ ਚਾਲਕਾਂ ਦੀ ਫਿਟਨੈਸ ਜਾਂਚ, ਡੋਪ ਟੈਸਟ ਤੇ ਅੱਖਾਂ ਦੀ ਨਜ਼ਰ ਜਾਂਚ ਸਮੇਤ ਇਨ੍ਹਾਂ ਨੂੰ ਆਵਾਜਾਈ ਨੇਮਾਂ ਦੀ ਟ੍ਰੇਨਿੰਗ ਕਰਵਾਉਣੀ ਵੀ ਯਕੀਨੀ ਬਣਾਈ ਜਾਵੇ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਬੀਤੇ ਦਿਨ ਹੋਇਆ ਹਾਦਸਾ ਅਸਹਿ ਹੈ, ਇਸ ਲਈ ਸਮੂਹ ਅਧਿਕਾਰੀ ਇਸ ਗੱਲ ਦੀ ਸਹੁੰ ਚੁੱਕਣ ਕਿ ਉਹ ਸੜਕਾਂ ਨੂੰ ਸੁਰੱਖਿਅਤ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ, ਕਿਉਂਕਿ ਕਿਸੇ ਦੀ ਵੀ ਜਾਨ ਸੜਕ ਹਾਦਸੇ ਵਿੱਚ ਅਜਾਂਈ ਚਲੀ ਜਾਣੀ ਪਰਿਵਾਰਕ ਮੈਂਬਰਾਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੁੰਦਾ ਹੈ। ਉਨ੍ਹਾਂ ਨੇ ਰਾਜਿੰਦਰਾ ਹਸਪਤਾਲ ਮੂਹਰੇ ਤੇ ਸੜਕਾਂ 'ਤੇ ਬਣੇ ਢਾਬਿਆਂ ਦੇ ਦੇਰ ਰਾਤ ਸਮੇਂ ਤੱਕ ਖੁੱਲ੍ਹੇ ਰੱਖਣ ਦਾ ਵੀ ਗੰਭੀਰ ਨੋਟਿਸ ਲੈਂਦਿਆਂ ਜ਼ਿਲ੍ਹਾ ਪੁਲਿਸ ਨੂੰ ਨਿਰਦੇਸ਼ ਦਿੱਤੇ ਕਿ ਅਜਿਹੇ ਢਾਬਿਆਂ ਦਾ ਸਮੇਂ ਸਿਰ ਬੰਦ ਕਰਨਾ ਯਕੀਨੀ ਬਣਾਇਆ ਜਾਵੇ। ਸਿਹਤ ਮੰਤਰੀ ਨੇ ਅੱਗੇ ਕਿਹਾ ਕਿ ਸ਼ਹਿਰ ਵਿੱਚ ਅਤੇ ਲੰਮੇ ਰੂਟ ਦੀਆਂ ਸੜਕਾਂ ਉਪਰ ਸਪੀਡ ਟੇਬਲ ਬਣਨ ਤੇ ਸਪੀਡ ਲਿਮਿਟ ਦੇ ਬੋਰਡ ਥਾਂ-ਥਾਂ ਲਗਾਏ ਜਾਣ। ਉਨ੍ਹਾਂ ਆਰ.ਟੀ.ਏ. ਨੂੰ ਹਦਾਇਤ ਕੀਤੀ ਕਿ ਸਕੂਲੀ ਬੱਸਾਂ ਤੇ ਹੋਰ ਵਾਹਨਾਂ, ਜਿਨ੍ਹਾਂ ਵਿੱਚ ਸਕੂਲੀ ਬੱਚੇ ਜਾਂਦੇ ਹਨ ਸਮੇਤ ਟਿੱਪਰਾਂ ਤੇ ਟਰੱਕਾਂ ਦੀ ਆਵਾਜਾਈ ਨੂੰ ਸਖ਼ਤੀ ਨਾਲ ਚੈਕਿੰਗ ਕਰਕੇ ਹਾਦਸਿਆਂ ਦਾ ਕਾਰਨ ਬਣਨ ਵਾਲੇ ਚਾਲਕਾਂ ਵਿਰੁੱਧ ਸਖ਼ਤੀ ਵਰਤੀ ਜਾਵੇ। ਉਨ੍ਹਾਂ ਨੇ ਸ਼ਹਿਰ ਵਿੱਚ ਸਕੂਲਾਂ ਦੁਆਲੇ ਟ੍ਰੈਫਿਕ ਨੂੰ ਨਿਯਮਤ ਕਰਨ ਲਈ ਇਨ੍ਹਾਂ ਸਕੂਲਾਂ ਦੀ ਛੁੱਟੀ ਦਾ ਸਮਾਂ ਆਪਸ 'ਚ ਬਦਲਕੇ ਨਿਰਧਾਰਤ ਕਰਨ ਦੀ ਵੀ ਹਦਾਇਤ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਅਜਿਹੇ ਹਾਦਸੇ ਮੁੜ ਨਾ ਵਾਪਰਨ ਸਬੰਧੀ ਸਬੰਧਤ ਵਿਭਾਗਾਂ ਦੇ ਸਮੂਹ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸਕੂਲ ਮੁਖੀਆਂ ਨਾਲ ਹਰ ਸਬ ਡਵੀਜਨ ਵਿਖੇ ਬੈਠਕਾਂ ਕਰਕੇ ਸਕੂਲ ਪ੍ਰਬੰਧਕਾਂ ਤੇ ਮਾਪਿਆਂ ਵੱਲੋਂ ਸੇਫ਼ ਸਕੂਲ ਵਾਹਨ ਨੀਤੀ ਨੂੰ ਸਖ਼ਤੀ ਨਾਲ ਲਾਗੂ ਕਰਵਾਉਣਾ ਯਕੀਨੀ ਬਣਾਉਣਗੇ।



# ਸੜਕ ਕਿਨਾਰੇ ਵਿਕਰੇਤਾ ਤੋਂ ਈ-ਰਿਕਸਾ ਮਾਲਕ ਤੱਕ: ਐਮਪੀ ਅਰੋੜਾ ਨੇ ਸੋਨਮ ਅਰੋੜਾ ਨੂੰ ਨਵੀਂ ਸ਼ੁਰੂਆਤ ਕਰਨ ਵਿੱਚ ਕੀਤੀ ਮਦਦ

ਲੁਧਿਆਣਾ, 8 ਮਈ (ਪੱਤਰ ਪ੍ਰੇਰਕ)-ਲੁਧਿਆਣਾ ਦੀ ਨੌਜਵਾਨ ਕੁੜੀ ਸੋਨਮ ਅਰੋੜਾ ਲਈ ਸੰਘਰਸ ਭਰੀ ਜਿ?ਦਗੀ ਨੇ ਇੱਕ ਉਮੀਦ ਭਰਿਆ ਮੋੜ ਲਿਆ ਜਦੋਂ ਉਹ ਇੱਕ ਈ-ਰਿਕਸਾ ਦੀ ਮਾਲਕਣ ਬਣ ਗਈ। ਇਹ ਸਭ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਦੇ ਸਮੇਂ ਸਿਰ ਸਹਿਯੋਗ ਅਤੇ ਪਹਿਲਕਦਮੀ ਕਾਰਨ ਸੰਭਵ ਹੋਇਆ। ਸੋਨਮ, ਜੋ ਆਪਣੀ ਬੀਮਾਰ ਮਾਂ ਅਤੇ ਛੋਟੇ ਭੈਣ-ਭਰਾਵਾਂ ਲਈ ਰੋਟੀ ਦਾ ਜੁਗਾੜ ਕਰਨ ਲਈ ਸਹਿਰ ਦੇ ਬੱਸ ਸਟੈਂਡ ਦੇ ਨੇੜੇ ਸੜਕ ਕਿਨਾਰੇ ਸਾਮਾਨ ਵੇਚਦੀ ਸੀ, ਹੁਣ ਆਤਮਨਿਰਭਰਤਾ ਦਾ ਰਾਹ ਅਪਣਾ ਚੁੱਕੀ ਹੈ। ਜ਼ਿ?ਲ੍ਹਾ ਰੈੱਡ ਕਰਾਸ ਸੋਸਾਇਟੀ (ਡੀਆਰਸੀਐਸ) ਰਾਹੀਂ ਕਾਰਪੋਰੇਟ ਸੋਸ਼ਲ ਰੇਸਪੋਨਸਿਬਿਲਿਟੀ (ਸੀ ਐਸ ਆਰ) ਫੰਡ ਤਹਿਤ ਦਾਨ ਕੀਤੇ ਗਏ ਈ-ਰਿਕਸਾ ਨੂੰ ਰਸਮੀ ਤੌਰ 'ਤੇ ਸੰਸਦ ਮੈਂਬਰ ਸੰਜੀਵ ਅਰੋੜਾ ਨੇ ਸੌਂਪਿਆ। ਇਹ ਪ੍ਰੋਗਰਾਮ ਡੀਆਰਸੀਐਸ ਸਕੱਤਰ ਨਵਨੀਤ ਜੋਸੀ ਅਤੇ ਹੋਰ ਸਥਾਨਕ ਪਤਵੰਤਿਆਂ ਦੀ ਮੌਜੂਦਗੀ ਵਿੱਚ ਆਯੋਜਿਤ ਕੀਤਾ ਗਿਆ। ਭਾਵੁਕ ਹੋਈ ਸੋਨਮ ਨੇ ਕਿਹਾ, "ਮੈਂ ਐਮਪੀ ਅਰੋੜਾ ਦੀ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਬਿਨਾਂ ਕਿਸੇ ਦੇਰੀ ਦੇ ਮੇਰੀ ਬੇਨਤੀ ਨੂੰ ਸਵੀਕਾਰ ਕਰ ਲਿਆ।" "ਇੱਜਤ ਨਾਲ ਕਮਾਉਣ ਦਾ ਇਹ ਮੌਕਾ ਮੇਰੇ ਅਤੇ ਮੇਰੇ ਪਰਿਵਾਰ ਲਈ ਇੱਕ ਵਰਦਾਨ ਹੈ। ਮੈਂ ਕਦੇ ਨਹੀਂ ਸੋਚਿਆ ਸੀ ਕਿ ਮੈਨੂੰ ਇੰਨਾ ਵੱਡਾ ਮੌਕਾ ਮਿਲੇਗਾ।" ਇਸ ਮੌਕੇ ਬੋਲਦਿਆਂ, ਐਮਪੀ ਅਰੋੜਾ ਨੇ ਵਾਝਿਆਂ ਦੇ ਉਥਾਨ ਲਈ ਜਮੀਨੀ ਪੱਧਰ 'ਤੇ ਕੀਤੇ ਜਾ ਰਹੇ ਯਤਨਾਂ ਦਾ ਸਹਿਯੋਗ ਕਰਨ ਦੀ ਜਰੂਰਤ 'ਤੇ ਜੋਰ ਦਿੱਤਾ। ਉਨ੍ਹਾਂ ਕਿਹਾ, "ਹਰ ਨਾਗਰਿਕ ਨੂੰ ਸਨਮਾਨ ਨਾਲ ਜਿਉਣ ਦਾ ਮੌਕਾ ਮਿਲਣਾ ਚਾਹੀਦਾ ਹੈ।" ਉਨ੍ਹਾਂ ਕਿਹਾ, "ਮੈਨੂੰ ਖੁਸੀ ਹੈ ਕਿ ਮੈਂ ਸੋਨਮ ਨੂੰ ਇੱਕ ਬਿਹਤਰ ਭਵਿੱਖ ਵੱਲ ਕਦਮ ਵਧਾਉਣ ਵਿੱਚ ਮਦਦ ਕਰ ਸਕਿਆ। ਉਸਦੀ ਹਿੰਮਤ ਅਤੇ ਦ੍ਰਿੜਤਾ ਸੱਚਮੁੱਚ ਪ੍ਰੇਰਨਾਦਾਇਕ ਹੈ।" ਉਨ੍ਹਾਂ ਡਿਪਟੀ ਕਮਿਸਨਰ ਹਿਮਾਂਸ਼ੂ ਜੈਨ ਦਾ ਜ਼ਿ?ਲ੍ਹਾ ਰੈੱਡ ਕਰਾਸ ਸੋਸਾਇਟੀ (ਡੀਆਰਸੀਐਸ) ਰਾਹੀਂ ਯੋਗ ਨੌਜਵਾਨ ਲੜਕੀ ਦੀ ਸਹਾਇਤਾ ਕਰਨ ਦੀ ਉਨ੍ਹਾਂ ਦੀ ਬੇਨਤੀ 'ਤੇ ਤੁਰੰਤ ਕਾਰਵਾਈ ਕਰਨ ਲਈ ਧੰਨਵਾਦ ਵੀ ਕੀਤਾ। ਸੋਨਮ, ਜਿਸਨੇ 12ਵੀਂ ਜਮਾਤ ਤੱਕ ਪੜ੍ਹਾਈ ਕੀਤੀ ਹੈ, ਨੇ ਕੁਝ ਦਿਨ ਪਹਿਲਾਂ ਸੰਸਦ ਮੈਂਬਰ ਨਾਲ ਆਪਣੀ ਮੁਲਾਕਾਤ ਨੂੰ ਯਾਦ ਕੀਤਾ। "ਜਦੋਂ ਮੈਂ ਆਪਣੀ ਕਹਾਣੀ ਸਾਂਝੀ ਕੀਤੀ, ਤਾਂ ਉਨ੍ਹਾਂ ਮੇਰੀ ਗੱਲ ਧੀਰਜ ਨਾਲ ਸੁਣੀ ਅਤੇ ਮੈਨੂੰ ਮਦਦ ਦਾ ਭਰੋਸਾ ਦਿੱਤਾ। ਸੱਚ ਕਹਾਂ ਤਾਂ, ਮੈਨੂੰ ਪਹਿਲਾਂ ਤਾਂ ਉਨ੍ਹਾਂ ਦੇ ਵਾਅਦੇ 'ਤੇ ਸ਼ੱਕ ਸੀ - ਲੋਕ ਅਕਸਰ ਕਹਿੰਦੇ ਹਨ ਕਿ ਸਿਆਸਤਦਾਨ ਜੋ ਆਖਦੇ ਹਨ, ਉਸਦਾ ਕੋਈ ਅਰਥ ਨਹੀਂ ਹੁੰਦਾ। ਪਰ ਐਮਪੀ ਅਰੋੜਾ ਨੇ ਇਸ ਦੇ ਉਲਟ ਸਾਬਤ ਕੀਤਾ," ਉਸ ਨੇ ਕਿਹਾ। ਉਸਦੀ ਆਵਾਜ ਵਿੱਚ ਨਵੀਂ ਉਮੀਦ ਭਰੀ ਹੋਈ ਸੀ। ਡੀਆਰਸੀਐਸ ਸਕੱਤਰ ਨਵਨੀਤ ਜੋਸੀ ਨੇ ਕਿਹਾ, "ਡਿਪਟੀ ਕਮਿਸਨਰ, ਜੋ ਕਿ ਡੀਆਰਸੀਐਸ ਦੇ ਚੇਅਰਮੈਨ ਵੀ ਹਨ, ਦੇ ਨਿਰਦੇਸਾਂ ਅਨੁਸਾਰ, ਅਸੀਂ ਸੀਐਸਆਰ ਫੰਡ ਦੇ ਤਹਿਤ ਇਸ ਦਾਨ ਨੂੰ ਸੁਵਿਧਾਜਨਕ ਬਣਾਉਣ ਦੇ ਯੋਗ ਹੋਏ ਹਾਂ। ਸਾਨੂੰ ਉਮੀਦ ਹੈ ਕਿ ਇਹ ਪਹਿਲ ਸੋਨਮ ਦੇ ਜੀਵਨ ਵਿੱਚ ਇੱਕ ਅਸਲ ਤਬਦੀਲੀ ਲਿਆਏਗੀ।" ਆਪਣੇ ਨਵੇਂ ਈ-ਰਿਕਸਾ ਨਾਲ, ਸੋਨਮ ਹੁਣ ਲੁਧਿਆਣਾ ਵਿੱਚ ਸੜਕ ਕਿਨਾਰੇ ਵੇਚਣ ਦੀ ਬਜਾਏ ਇਸਨੂੰ ਚਲਾ ਕੇ ਮਾਣ ਨਾਲ ਆਪਣਾ ਗੁਜਾਰਾ ਚਲਾਉਂਦੀ ਹੈ।



# ਲੁਧਿਆਣਾ ਜਿਮਨੀ ਚੋਣ: ਪ੍ਰਸ਼ਾਸਨ ਨੇ ਚੋਣ ਖਰਚਿਆਂ ਅਤੇ ਐਮ.ਸੀ.ਸੀ. 'ਤੇ ਸਖ਼ਤ ਨਿਗਰਾਨੀ ਰੱਖਣ ਲਈ ਨਿਗਰਾਨੀ ਟੀਮਾਂ ਲਈ ਸਿਖਲਾਈ

ਲੁਧਿਆਣਾ, 8 ਮਈ (ਪੱਤਰ ਪ੍ਰੇਰਕ)-ਆਉਣ ਵਾਲੇ ਲੁਧਿਆਣਾ ਪੱਛਮੀ ਉਪ-ਚੋਣ ਦੌਰਾਨ ਚੋਣ ਖਰਚਿਆਂ ਦੀ ਸਖ਼ਤ ਨਿਗਰਾਨੀ ਅਤੇ ਆਦਰਸ਼ ਚੋਣ ਜ਼ਾਬਤੇ (ਐਮ.ਸੀ.ਸੀ.) ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਅੱਜ ਨਿਗਰਾਨੀ ਟੀਮਾਂ ਲਈ ਇੱਕ ਵਿਆਪਕ ਸਿਖਲਾਈ ਵਰਕਸ਼ਾਪ ਦਾ ਆਯੋਜਨ ਕੀਤਾ। ਇਸ ਸ਼ੈਸ਼ਨ ਦਾ ਉਦੇਸ਼ ਚੋਣ ਸਟਾਫ ਨੂੰ ਉਮੀਦਵਾਰਾਂ ਦੇ ਚੋਣ ਖਰਚਿਆਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਨਿਗਰਾਨੀ ਕਰਨ ਅਤੇ ਐਮ.ਸੀ.ਸੀ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਲੋੜੀਂਦੇ ਹੁਨਰ ਅਤੇ ਗਿਆਨ ਨਾਲ ਲੈਸ ਕਰਨਾ ਸੀ। ਸਿਖਲਾਈ ਦੀ ਅਗਵਾਈ ਕਰਨ ਵਾਲੇ ਵਧੀਕ ਡਿਪਟੀ ਕਮਿਸ਼ਨਰ (ਏ.ਡੀ.ਸੀ.) ਰੁਪਿੰਦਰ ਪਾਲ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਚੋਣ ਕਮਿਸ਼ਨ (ਈ.ਸੀ.ਆਈ.) ਨੇ ਵਿਧਾਨ ਸਭਾ ਚੋਣਾਂ ਲਈ ਪ੍ਰਤੀ ਉਮੀਦਵਾਰ 40 ਲੱਖ ਰੁਪਏ ਦੀ ਖਰਚ ਸੀਮਾ ਨਿਰਧਾਰਤ ਕੀਤੀ ਹੈ। ਉਨ੍ਹਾਂ ਟੀਮ ਮੈਂਬਰਾਂ ਨੂੰ ਸਹੀ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਚੋਣ ਖਰਚਿਆਂ ਦੀ ਗਣਨਾ ਕਰਨ ਦੀ ਵਿਧੀ ਨੂੰ ਚੰਗੀ ਤਰ੍ਹਾਂ ਸਮਝਣ ਦੀ ਅਪੀਲ ਕੀਤੀ। ਰੁਪਿੰਦਰ ਪਾਲ ਸਿੰਘ ਨੇ ਕਿਹਾ, "ਇਹ ਟੀਮਾਂ ਉਮੀਦਵਾਰਾਂ ਅਤੇ ਪਾਰਟੀਆਂ ਦੇ ਚੋਣ ਖਰਚਿਆਂ ਨੂੰ ਟਰੈਕ ਕਰਨ ਦੀ ਮਹੱਤਵਪੂਰਨ ਜ਼ਿੰਮੇਵਾਰੀ ਨਿਭਾਉਂਦੀਆਂ ਹਨ। ਇਹ ਸਿਖਲਾਈ ਉਨ੍ਹਾਂ ਨੂੰ ਆਪਣੇ ਫਰਜ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਲਈ ਲੋੜੀਂਦੇ ਸਾਧਨਾਂ ਅਤੇ ਤਕਨੀਕਾਂ ਨਾਲ ਸਸ਼ਕਤ ਬਣਾਉਣ ਲਈ ਜ਼ਰੂਰੀ ਹੈ।" ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਨੇ ਇਨ੍ਹਾਂ ਟੀਮਾਂ ਨੂੰ ਆਪਣੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਖਾਸ ਭੂਮਿਕਾਵਾਂ ਸੌਂਪੀਆਂ ਹਨ। ਉਨ੍ਹਾਂ ਦੇ ਯਤਨਾਂ ਦਾ ਸਮਰਥਨ ਕਰਨ ਲਈ ਸਾਰੀਆਂ ਸਬੰਧਿਤ ਵਸਤੂਆਂ ਅਤੇ ਫਲਾਇੰਗ ਸਕੁਐਡ ਟੀਮਾਂ (ਐਫ.ਐਸ.ਟੀ), ਸਟੈਟਿਕ ਨਿਗਰਾਨੀ ਟੀਮਾਂ (ਐਸ.ਐਸ.ਟੀ), ਵੀਡੀਓ ਨਿਗਰਾਨੀ ਟੀਮਾਂ (ਵੀ.ਐਸ.ਟੀ) ਅਤੇ ਵੀਡੀਓ ਵਿਊਇੰਗ ਟੀਮਾਂ (ਵੀ.ਵੀ.ਟੀ) ਲਈ ਮਿਆਰੀ ਦਰਾਂ ਨਿਰਧਾਰਤ ਕੀਤੀਆਂ ਗਈਆਂ ਹਨ। ਇਹ ਇਕਾਈਆਂ ਨਿਗਰਾਨੀ ਯਤਨਾਂ ਨੂੰ ਮਜ਼ਬੂਤ ਕਰਨ ਲਈ ਸਹਿਯੋਗ ਨਾਲ ਕੰਮ ਕਰਨਗੀਆਂ। ਰੁਪਿੰਦਰ ਪਾਲ ਸਿੰਘ ਨੇ ਅਧਿਕਾਰੀਆਂ ਨੂੰ ਇਹ ਵੀ ਯਾਦ ਦਿਵਾਇਆ ਕਿ ਐਮ.ਐਮ.ਸੀ ਚੋਣਾਂ ਦੇ ਐਲਾਨ ਤੋਂ ਲੈ ਕੇ ਇਸਦੇ ਪੂਰਾ ਹੋਣ ਤੱਕ ਲਾਗੂ ਹੁੰਦਾ ਹੈ। ਉਨ੍ਹਾਂ ਨੇ ਐਮ.ਐਮ.ਸੀ ਦਿਸ਼ਾ-ਨਿਰਦੇਸ਼ਾਂ ਦੀ ਵਿਸਤ੍ਰਿਤ ਸੰਖੇਪ ਜਾਣਕਾਰੀ ਦਿੱਤੀ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਚੋਣ ਪ੍ਰਕਿਰਿਆ ਦੌਰਾਨ ਉਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕਰਨ।



### ਅਗਲੇ ਹੁਕਮਾਂ ਤੱਕ ਰੋਜ਼ਾਨਾ ਰਾਤ 9 ਵਜੇ ਤੋਂ ਸਵੇਰੇ 5 ਵਜੇ ਤੱਕ ਹੋਵੇਗਾ ਬਲੈਕ ਆਊਟ

ਗੁਰਦਾਸਪੁਰ, 8 ਮਈ (ਪੱਤਰ ਪ੍ਰੇਰਕ)-ਹਿੰਦ-ਪਾਕਿ ਸਰਹੱਦ ਤੇ ਸੰਵੇਦਨਸ਼ੀਲ ਮਾਹੌਲ ਹੋਣ ਕਰਕੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਸਿਵਲ ਡਿਫੈਂਸ ਐਕਟ 1968 ਅਧੀਨ ਆਪਾਤਕਾਲੀਨ ਸਥਿਤੀ ਨਾਲ ਨਜਿੱਠਣ ਲਈ ਮਿਤੀ 08 ਮਈ 2025 ਤੋਂ ਲਗਾਤਾਰ ਅਗਲੇ ਹੁਕਮਾਂ ਤੱਕ ਰਾਤ 9.00 ਵਜੇ ਤੋਂ ਅਗਲੇ ਦਿਨ ਸਵੇਰੇ 5.00 ਵਜੇ ਤੱਕ ਜ਼ਿਲ੍ਹਾ ਗੁਰਦਾਸਪੁਰ ਅੰਦਰ ਪੂਰਨ ਤੌਰ 'ਤੇ 'ਬਲੈਕ ਆਊਟ' ਦੇ ਹੁਕਮ ਜਾਰੀ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਬਲੈਕ ਆਊਟ ਅੱਜ 8 ਮਈ 2025 ਦੀ ਰਾਤ 9 ਵਜੇ ਤੋਂ ਅਗਲੇ ਦਿਨ ਸਵੇਰੇ 5.00 ਵਜੇ ਤੱਕ ਜਾਰੀ ਰਹੇਗਾ ਅਤੇ ਅਗਲੇ ਹੁਕਮਾਂ ਤੱਕ ਇਹ ਰੋਜ਼ਾਨਾਂ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ 'ਬਲੈਕ ਆਊਟ' ਦਾ ਇਹ ਹੁਕਮ ਕੇਂਦਰੀ ਜੇਲ੍ਹ ਗੁਰਦਾਸਪੁਰ ਅਤੇ ਹਸਪਤਾਲਾਂ ਵਿੱਚ ਲਾਗੂ ਨਹੀਂ ਹੋਵੇਗਾ। ਪਰ ਇਹ ਵਿਭਾਗ ਕੇਂਦਰੀ ਜੇਲ੍ਹ ਗੁਰਦਾਸਪੁਰ ਅਤੇ ਹਸਪਤਾਲਾਂ ਦੀਆਂ ਖਿੜਕੀਆਂ ਰੋਜ਼ਾਨਾਂ ਰਾਤ 9.00 ਵਜੇ ਤੋਂ ਅਗਲੇ ਦਿਨ ਸਵੇਰੇ 5.00 ਤੱਕ ਬੰਦ ਰੱਖਣ ਦੇ ਨਾਲ-ਨਾਲ ਉਨ੍ਹਾਂ ਨੂੰ ਚੰਗੀ ਤਰ੍ਹਾਂ ਕਵਰ ਕਰਨਾ ਯਕੀਨੀ ਬਣਾਉਣਗੇ ਤਾਂ ਜੋ ਰੌਸ਼ਨੀ ਦੀ ਕੋਈ ਕਿਰਨ ਬਾਹਰ ਨਾ ਆ ਸਕੇ।

# ਵਿਧਾਇਕ ਸ਼ੈਰੀ ਕਲਸੀ ਵਲੋਂ ਸੜਕਾਂ ਤੋਂ ਮਿੱਟੀ-ਘੱਟਾ ਚੁੱਕਣ ਲਈ 'ਰੋਡ ਸਵੀਪਿੰਗ ਮਸ਼ੀਨ' ਬਟਾਲਾ ਵਾਸੀਆਂ ਲਈ ਸਮਰਪਿਤ

ਬਟਾਲਾ, 8 ਮਈ (ਪੱਤਰ ਪ੍ਰੇਰਕ)-ਬਟਾਲਾ ਦੇ ਨੌਜਵਾਨ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਨੂੰ ਖ਼ੂਬਸੂਰਤ ਬਣਾਉਣ ਲਈ ਕੀਤੇ ਜਾ ਰਹੇ ਵਿਸ਼ੇਸ ਉਪਰਾਲਿਆਂ ਤਹਿਤ ਅੱਜ ਇੱਕ ਚੈਪਟਰ ਜੁੜਿਆ ਹੈ। ਅੱਜ ਉਨਾਂ ਵਲੋਂ ਬਟਾਲਾ ਸ਼ਹਿਰ ਨੂੰ ਹੋਰ ਖ਼ੂਬਸੂਰਤ ਬਣਾਉਣ ਦੇ ਮੰਤਵ ਨਾਲ ਸੜਕਾਂ ਤੋਂ ਮਿੱਟੀ-ਘੱਟਾ ਚੁੱਕਣ ਵਾਲੀ 'ਰੋਡ ਸਵੀਪਿੰਗ ਮਸ਼ੀਨ' ਬਟਾਲਾ ਵਾਸੀਆਂ ਲਈ ਸਮਰਪਿਤ ਕੀਤੀ ਹੈ, ਜਿਸ ਨਾਲ ਸ਼ਹਿਰ ਦੀ ਸਫਾਈ ਵਿਵਸਥਾ ਹੋਰ ਬਿਹਤਰ ਹੋਵੇਗੀ। ਇਸ ਮੌਕੇ ਐਸ.ਡੀ.ਓ ਰੋਹਿਤ ਉੱਪਲ, ਨੀਰਜ ਸ਼ਰਮਾ ਫਾਇਰ ਬ੍ਰਿਗੇਡ ਅਫਸਰ, ਸੀਨੀਅਰ ਆਗੂ ਬਲਬੀਰ ਸਿੰਘ ਬਿੱਟੂ, ਚੇਅਰਮੈਨ ਬਲਜੀਤ ਸਿੰਘ, ਅਮਿਤ ਸੋਢੀ, ਗਗਨ ਬਟਾਲਾ, ਦਵਿੰਦਰ ਸਿੰਘ ਤੇ ਮੁਨੀਸ਼ ਕਾਕਾ ਆਦਿ ਮੌਜੂਦ ਸਨ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਬਟਾਲਾ ਸ਼ਹਿਰ ਨੂੰ ਖ਼ੂਬਸੂਰਤ ਤੇ ਚਹੁਪੱਖੀ ਵਿਕਾਸ ਲਈ ਉਹ ਦਿਨ ਰਾਤ ਯਤਨਸ਼ੀਲ ਹਨ। ਉਨਾਂ ਕਿਹਾ ਕਿ ਸ਼ਹਿਰ ਵਿੱਚ ਜਿਥੇ ਵਿਕਾਸ ਕੰਮ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ, ਓਥੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਕੇ ਸਬੰਧਤ ਵਿਭਾਗਾਂ ਵਲੋਂ ਹੱਲ ਕਰਵਾਈਆਂ ਜਾ ਰਹੀਆਂ ਹਨ। ਉਨਾਂ ਕਿਹਾ ਕਿ ਲੋਕਾਂ ਵਲੋਂ ਦਿੱਤੇ ਪਿਆਰ ਸਦਕਾ ਹੁਣ ਤੱਕ ਬਟਾਲਾ ਹਲਕੇ ਅੰਦਰ ਰਿਕਾਰਡ ਵਿਕਾਸ ਕਰਵਾਏ ਗਏ ਹਨ। ਵਿਧਾਇਕ ਸ਼ੈਰੀ ਕਲਸੀ ਨੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਕਿਹਾ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਅੰਦਰ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ। ਟਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੌੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਬਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ। ਸ਼ਹਿਰ ਵਿੱਚ ਖ਼ੂਬਸੂਰਤ ਪਾਰਕ ਉਸਾਰਨ ਦੇ ਨਾਲ ਚੌਂਕਾਂ ਨੂੰ ਚੌੜਿਆਂ ਕੀਤਾ ਗਿਆ ਹੈ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਦੇਣ ਦੇ ਮੰਤਵ ਨਾਲ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ, ਜਿਸ ਨੂੰ ਬਹੁਤ ਜਲਦ ਲੋਕਾਂ ਦੇ ਸਮਰਪਿਤ ਕੀਤਾ ਜਾ ਰਿਹਾ ਹੈ। ਮੁਹੱਲਾ ਕਲੀਨਿਕ ਸ਼ੁਰੂ ਕੀਤੇ ਗਏ ਹਨ, ਜਿਥੇ ਰੋਜਾਨਾਂ ਮਰੀਜ ਆਪਣਾ ਮੁਫ਼ਤ ਇਲਾਜ ਕਰਵਾ ਰਹੇ ਹਨ। ਸਰਕਾਰੀ ਸਕੂਲਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਗਈ ਹੈ। ਸਕੂਲਾਂ ਵਿੱਚ ਨਵੇਂ ਕਮਰੇ, ਕਮਰਿਆਂ ਦਾ ਨਵੀਨੀਕਰਨ, ਚਾਰਦੀਵਾਰੀ ਸਮੇਤ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾ ਚੁੱਕੇ ਹਨ।



# ਪਾਣੀ ਅਤੇ ਖਰਚੇ ਦੀ ਬੱਚਤ ਲਈ ਝੋਨੇ ਦੀ ਸਿੱਧੀ ਬਿਜਾਈ 15 ਮਈ ਤੋਂ ਸੁਰੂ ਕਰਨ ਕਿਸਾਨ: ਮੁੱਖ ਖੇਤੀਬਾੜੀ ਅਫਸਰ ਡਾ. ਗੁਰਦੀਪ ਸਿੰਘ

ਲੁਧਿਆਣਾ, 8 ਮਈ (ਪੱਤਰ ਪ੍ਰੇਰਕ)-ਖੇਤੀ ਵਿੱਚ ਪਾਣੀ ਦੀ ਸੁਚੱਜੀ ਵਰਤੋਂ ਲਈ ਇਸ ਵਾਰ ਜਿਲ੍ਹਾ ਲੁਧਿਆਣਾ ਦੇ ਕਿਸਾਨਾਂ ਵਿੱਚ ਕਾਫੀ ਉਤਸਾਹ ਪਾਇਆ ਜਾ ਰਿਹਾ ਹੈ। ਇਹ ਗੱਲ ਮੁੱਖ ਖੇਤੀਬਾੜੀ ਅਫਸਰ ਲੁਧਿਆਣਾ ਡਾ. ਗੁਰਦੀਪ ਸਿੰਘ ਨੇ ਆਪਣੇ ਦਫਤਰ ਵਿੱਚ ਬਲਾਕਾਂ ਦੇ ਖੇਤੀਬਾੜੀ ਅਫਸਰਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦੱਸੀ। ਮੁੱਖ ਖੇਤੀਬਾੜੀ ਅਫਸਰ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਖੇਤੀਬਾੜੀ ਵਿਭਾਗ ਰਾਹੀਂ ਡਾਇਰੈਕਟ ਸੀਡਿੰਗ ਆਫ ਰਾਈਸ ਜਿਸ ਨੂੰ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਵੀ ਕਿਹਾ ਜਾਂਦਾ ਹੈ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾ ਰਿਹਾ ਹੈ। ਡਾ. ਗੁਰਦੀਪ ਸਿੰਘ ਇਸ ਤਕਨੀਕ ਬਾਰੇ ਹੋਰ ਵਿਸਥਾਰ ਵਿੱਚ ਦੱਸਦਿਆਂ ਕਿਹਾ ਕਿ ਜੋ ਵੀ ਕਿਸਾਨ ਇਸ ਤਕਨੀਕ ਨੂੰ ਅਪਨਾਉਣ ਦੀ ਤਿਆਰੀ ਕਰ ਰਹੇ ਹਨ ਵਿਭਾਗ ਉਨ੍ਹਾਂ ਦੀ ਹਰ ਪ੍ਰਕਾਰ ਨਾਲ ਮਦਦ ਕਰਨ ਲਈ ਤਤਪਰ ਹੈ। ਉਨ੍ਹਾਂ ਅਜਿਹੇ ਕਿਸਾਨਾਂ ਨੂੰ ਕਿਸੇ ਵੀ ਸਮੱਸਿਆ ਲਈ ਖੇਤੀਬਾੜੀ ਵਿਭਾਗ ਦੇ ਨੇੜਲੇ ਦਫਤਰ ਵਿੱਚ ਸੰਪਰਕ ਕਰਨ ਲਈ ਕਿਹਾ। ਪੰਜਾਬ ਸਰਕਾਰ ਵਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ 15 ਮਈ, 2025 ਮਿੱਥੀ ਗਈ ਹੈ ਜਿਸ ਤੋਂ ਬਾਅਦ ਕੋਈ ਵੀ ਕਿਸਾਨ ਇਸ ਤਕਨੀਕ ਨਾਲ ਬਿਜਾਈ ਕਰ ਸਕਦਾ ਹੈ। ਇਸ ਤਕਨੀਕ ਨਾਲ ਜਿੱਥੇ ਧਰਤੀ ਹੇਠਲੇ ਪਾਣੀ ਦੀ ਬੱਚਤ ਹੁੰਦੀ ਹੈ ਉੱਥੇ ਹੀ ਬਾਰਿਸਾਂ ਦਾ ਪਾਣੀ ਧਰਤੀ ਵਿੱਚ ਜਜਬ ਹੋ ਜਾਂਦਾ ਹੈ ਜਿਸ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੇਠਾਂ ਜਾਣ ਦੀ ਗਤੀ ਨੂੰ ਕਾਫੀ ਹੱਦ ਤੱਕ ਕੰਟਰੋਲ ਕੀਤਾ ਜਾ ਸਕਦਾ ਹੈ। ਜਿਹੜੇ ਕਿਸਾਨ ਇਸ ਵਿਧੀ ਨੂੰ ਅਪਣਾ ਕੇ ਝੋਨੇ ਦੀ ਸਿੱਧੀ ਬਿਜਾਈ ਕਰਨਗੇ ਉਨ੍ਹਾਂ ਨੂੰ ਸਰਕਾਰ ਵਲੋਂ ਪ੍ਰਤੀ ਏਕੜ 1500 ਰੁਪਏ ਦੀ ਪ੍ਰੋਤਸਾਹਨ ਰਾਸੀ ਵੀ ਦਿੱਤੀ ਜਾਵੇਗੀ। ਇਸ ਤੋਂ ਬਿਨ੍ਹਾਂ ਉਨ੍ਹਾਂ ਦੱਸਿਆ ਕਿ ਇਸ ਤਕਨੀਕ ਨਾਲ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਵਾਢੀ ਉਪਰੰਤ ਝੋਨੇ ਦੀ ਪਰਾਲੀ ਨੂੰ ਸਾਂਭਣ ਲਈ ਵੀ ਵੱਧ ਸਮਾਂ ਮਿਲ ਸਕਦਾ ਹੈ ਜਿਸ ਕਾਰਨ ਜਿਲ੍ਹੇ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਹੋਰ ਘਟਾਉਣ ਵਿੱਚ ਮਦਦ ਮਿਲੇਗੀ। ਖੇਤੀਬਾੜੀ ਵਿਭਾਗ ਵਲੋਂ ਸਿੱਧੀ ਬਿਜਾਈ ਦੀ ਤਕਨੀਕ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਵੱਡੇ ਪੱਧਰ ਤੇ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ ਜਿਸ ਅਧੀਨ ਪਿੰਡ-ਪਿੰਡ ਵਿੱਚ ਕਿਸਾਨ ਸਿਖਲਾਈ ਕੈਂਪ ਲਗਾਏ ਜਾ ਰਹੇ ਹਨ। ਇਸ ਮੌਕੇ ਇੰਜ. ਅਮਨਪ੍ਰੀਤ ਸਿੰਘ ਘੇਈ ਸਹਾਇਕ ਖੇਤੀਬਾੜੀ ਇੰਜੀਨਿਅਰ ਲੁਧਿਆਣਾ ਨੇ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਪ੍ਰਾਪਤ ਕਰਨ ਲਈ ਆਪਣੀ ਰਜਿਸਟ੍ਰੇਸਨ ਖੇਤੀਬਾੜੀ ਵਿਭਾਗ ਦੇ ਪੋਰਟਲ . ਤੇ ਕਰਵਾਉਣੀ ਲਾਜਮੀ ਹੈ ਜਿਸ ਵਿਚ ਉਨ੍ਹਾਂ ਵਲੋਂ ਇਸ ਤਕਨੀਕ ਨਾਲ ਬੀਜੇ ਰਕਬੇ ਬਾਰੇ ਅਤੇ ਆਪਣੇ ਬੈਂਕ ਖਾਤੇ ਦੀ ਡਿਟੇਲ ਦੱਸਣੀ ਲਾਜਮੀ ਹੈ। ਇਸ ਤੋਂ ਬਿਨ੍ਹਾਂ ਵਿਭਾਗ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ ਲੋੜੀਂਦੀ ਡੀ.ਐਸ.ਆਰ ਡਰਿੱਲ ਵੀ 40 ਤੋਂ 50 ਪ੍ਰਤੀਸਤ ਦੀ ਸਬਸਿਡੀ 'ਤੇ ਦਿੱਤੀ ਜਾਵੇਗੀ ਜਿਸ ਲਈ ਕਿਸਾਨਾਂ ਪਾਸੋਂ ਬਿਨੈ-ਪੱਤਰ ਆਨਲਾਈਨ ਮਾਧਿਅਮ ਰਾਹੀਂ ਖੇਤੀਬਾੜੀ ਵਿਭਾਗ ਦੇ ਪੋਰਟਲ . ਤੇ ਮਿਤੀ 12 ਮਈ 2025 ਤੱਕ ਪ੍ਰਾਪਤ ਕੀਤੇ ਜਾ ਰਹੇ ਹਨ। ਮੁੱਖ ਖੇਤੀਬਾੜੀ ਅਫਸਰ ਡਾ. ਗੁਰਦੀਪ ਸਿੰਘ ਨੇ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਦੀਆਂ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

